੧ ਓ ਵਾਹਿਗੁਰੂ ਜੀ ਕੀ ਫਤਹਿ ॥

# ਹਮ ਹਿੰਦੂ ਨਹੀਂ


ਲੇਖਕ :

ਪੰਥ ਰਤਨ

ਭਾ: ਸਾ: ਭਾ: ਕਾਨ੍ਹ ਸਿੰਘ ਜੀ, ਨਾਭਾ



ਪ੍ਰਕਾਸ਼ਕ :

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ

ਪਬਲਿਸ਼ਰ :

ਸ: ਭਰਪੂਰ ਸਿੰਘ ਗਿਆਨੀ,

ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

ਪੰਜ ਹਜ਼ਾਰ—ਅਕਤੂਬਰ ੧੯੮੭

ਪ੍ਰਿੰਟਰ :

ਜਸਪਾਲ ਪ੍ਰਿੰਟਿੰਗ ਪ੍ਰੈਸ,

ਕਟੜਾ ਘਨੱਈਆਂ, ਸ੍ਰੀ ਅੰਮ੍ਰਿਤਸਰ। ਫੋਨ ੪੧੦੬੬

# ਤਤਕਰਾ


| | | |
|---|---|---|
| | ਕਰਤਾ ਵਲੋਂ ਜ਼ਰੂਰੀ ਬੇਨਤੀ | ੫ |
| | ਭੂਮਿਕਾ | ੬ |
| | ਪੰਜਵੀਂ ਐਡੀਸ਼ਨ ਦੀ ਭੂਮਿਕਾ | ੯ |
| | ਚਿੱਠੀ ਨੰ: ੧ | ੧੪ |
| | ਚਿੱਠੀ ਨੰ: ੨ ਤੇ ੩ | ੧੫ |
| | ਚਿੱਠੀ ਨੰ: ੪ | ੧੬ |
| | ਚਿੱਠੀ ਨੰ: ੫ | ੧੭ |
| | ਮੰਗਲਾਚਰਣ | ੨੫ |
| | ਹਿੰਦੂ ਅਰ ਸਿੱਖ ਦੇ ਪ੍ਰਸ਼ਨ ਉੱਤਰ | ੨੬ |
| (੧) | ਵੇਦ ਸਿਮ੍ਰਤੀ ਪੁਰਾਣ | ੪੭ |
| (੨) | ਜਾੜੀ ਵਰਨ | ੫੭ |
| (੩) | ਅਵਤਾਰ | ੭੭ |
| (੪) | ਦੇਵੀ ਦੇਵਤਾ | ੭੯ |
| (੫) | ਮੂਰਤੀ ਪੂਜਾ | ੯੭ |
| (੬) | ਸੰਧਯਾ ਤਰਪਣ | ੧੦੨ |
| (੭) | ਸੂਤਕ ਪਾਤਕ | ੧੦੪ |
| (੮) | ਚੌਂਕਾ ਕਾਰ | ੧੦੬ |
| (੯) | ਬ੍ਰਤ | ੧੧੦ |
| (੧੦) | ਮਹੂਰਤ ਤਿਥਿ ਵਾਰ ਸਗਨ | ੧੧੫ |

(੧੧) ਪ੍ਰੇਤ ਕ੍ਰਿਯਾ ਸ਼੍ਰਾਧ ਤੀਰਥ ੧੧੯

(੧੨) ਮੰਤ੍ਰ ਯੰਤ੍ਰ ਗ੍ਰਹਿ ੧੩੦

(੧੩) ਯੱਗ ਹੋਮ ੧੩੪

(੧੪) ਸੰਸਕਾਰ ਔਰ ਚਿੰਨ੍ਹ ੧੩੮

(੧੫) ਉਪਸੰਹਾਰ ੧੫੬

੧ ੴ ਸਤਿਗੁਰ ਪ੍ਰਸਾਦਿ ॥

# ਕਰਤਾ ਵਲੋਂ ਜ਼ਰੂਰੀ ਬੇਨਤੀ

ਪਯਾਰੇ ਪਾਠਕ ਜੀ ! 'ਹਮ ਹਿੰਦੂ ਨਹੀਂ' ਪੁਸਤਕ ਪੜ੍ਹ ਕੇ ਆਪ ਨੂੰ ਕੇਵਲ ਇਹ ਜਾਨਣਾ ਯੋਗ ਹੈ ਕਿ ਸਿੱਖ ਧਰਮ, ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, ਅਰ ਸਿੱਖ ਕੌਮ, ਹੋਰ ਕੌਮ ਦੀ ਤਰ੍ਹਾਂ ਇਕ ਜੁਦੀ ਕੌਮ ਹੈ, ਪਰ ਇਹ ਕਦੇ ਨਹੀਂ ਹੋਣਾ ਚਾਹੀਏ ਕਿ ਆਪ ਹਿੰਦੂ, ਜਾਂ ਹੋਰ ਧਰਮੀਆਂ ਨਾਲ ਵਿਰੋਧ ਕਰੋ ਅਰ ਉਨ੍ਹਾਂ ਦੇ ਧਰਮਾਂ ਉੱਪਰ ਕੁਤਰਕ ਕਰੋਂ, ਅਥਵਾ ਦੇਸ਼-ਭਾਈਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ, ਸਗੋਂ ਆਪ ਨੂੰ ਉਚਿਤ ਹੈ ਕਿ ਸਤਿਗੁਰੂਆਂ ਦੇ ਇਨ੍ਹਾਂ ਬਚਨਾਂ ਪਰ ਭਰੋਸਾ ਔਰ ਅਮਲ ਕਰਦੇ ਹੋਏ ਕਿ :

'ਏਕੁ ਪਿਤਾ ਏਕਸ ਕੇ ਹਮ ਬਾਰਿਕ' (ਸੋਰਠਿ ਮ: ੫)

ਔਰ

'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ।'
(ਧਨਾਸਰੀ ਮ: ੫)

ਸਭਸ ਨਾਲ ਪੂਰਨ ਪਿਆਰ ਕਰੋ, ਅਰ ਹਰ ਵੇਲੇ ਸਭ ਦਾ ਹਿਤ ਚਾਹੋ ।

ਜਿਸ ਦੇਸ਼ ਦੇ ਆਦਮੀ ਵਿਦਿਆ ਦੇ ਤੱਤ ਔਰ ਦੀਰਘ ਵਿਚਾਰ ਤੋਂ ਖਾਲੀ ਰਹਿ ਕੇ ਧਰਮ, ਨੀਤੀ ਔਰ ਸਮਾਜ ਆਦਿਕ ਦੇ ਮੁਆਮਲਿਆਂ ਦੀ ਖਿਚੜੀ ਬਣ ਕੇ ਪਰਸਪਰ ਈਰਖਾ, ਦਵੈਤ ਨਾਲ ਸੜਦੇ ਔਰ ਲੜਦੇ ਹਨ, ਉਹ ਲੋਕ ਪ੍ਰਲੋਕ ਦਾ ਸੁਖ ਖੋ ਬੈਠਦੇ ਹਨ । ਔਰ ਧਰਮ ਪਿਤਾ ਵਾਹਿਗੁਰੂ ਦੇ ਪੁੱਤ ਕਹਾਉਣ ਦੇ ਅਧਿਕਾਰ ਤੋਂ ਹੀ ਨਹੀਂ, ਬਲਕਿ ਮਨੁਸ਼ ਪਦਵੀ ਤੋਂ ਵੀ ਪਤਿਤ ਹੋ ਜਾਂਦੇ ਹਨ ਅਰ ਵਿਦਵਾਨ ਤਥਾ ਪ੍ਰਤਾਪੀ ਕੌਮਾਂ ਤੋਂ ਗਿਲਾਨੀ ਨਾਲ ਵੇਖੇ ਜਾਂਦੇ ਹਨ । ਇਸ ਤੋਂ ਉਲਟ, ਜੋ ਭਿੰਨ ਭਿੰਨ ਧਰਮੀ ਹੋਣ ਪਰ ਭੀ ਇਕ ਨੇਸ਼ਨ ਵਾਂਗ ਮਿਲ ਕੇ ਰਹਿੰਦੇ ਹਨ ਅਰ ਇਕ ਦੀ ਹਾਨੀ ਲਾਭ ਨੂੰ ਦੇਸ਼ ਦੀ ਹਾਨੀ ਲਾਭ ਮੰਨਦੇ ਹਨ, ਉਹ ਸਭ ਸੁਖਾਂ ਦੇ ਪਾਤਰ ਹੁੰਦੇ ਹਨ ਅਰ ਸਭ੍ਯ ਕੌਮਾਂ ਤੋਂ ਸਨਮਾਨ ਪਾਉਂਦੇ ਹਨ ।

ਭਾਰਤ-ਸੇਵਕ ਕਾਨ੍ਹ ਸਿੰਘ ।

੧ ੴ ਵਾਹਿਗੁਰੂ ਜੀ ਕੀ ਫਤਹਿ ॥

# ਭੂਮਿਕਾ

ਪਯਾਰੇ ਖ਼ਾਲਸਾ ਜੀ ! ਆਪ ਮੇਰੇ ਇਸ ਲੇਖ ਨੂੰ ਦੇਖ ਕੇ ਅਸਚਰਜ ਹੋਵੋਗੇ ਅਤੇ ਪ੍ਰਸ਼ਨ ਕਰੋਗੇ ਕਿ ਖਾਲਸਾ ਤਾਂ ਬਿਨਾਂ ਸੰਸੇ ਹਿੰਦੂਆਂ ਤੋਂ ਭਿੰਨ ਹੈ, ਫੇਰ ਇਹ ਲਿਖਣ ਦੀ ਕੀ ਲੋੜ ਸੀ ਕਿ "ਹਮ ਹਿੰਦੂ ਨਹੀਂ" ? ਔਰ ਜੇ ਐਸਾ ਲਿਖਿਆ ਹੈ ਤਾਂ ਨਾਲ ਹੀ ਇਹ ਕਿਉਂ ਨਹੀਂ ਲਿਖਿਆ ਕਿ ਅਸੀਂ ਮੁਸਲਮਾਨ, ਈਸਾਈ ਔਰ ਬੌਧ ਆਦਿਕ ਭੀ ਨਹੀਂ ਹਾਂ ? ਇਸ ਸ਼ੰਕਾ ਦੇ ਉੱਤਰ ਵਿਚ ਇਹ ਬੇਨਤੀ ਹੈ ਕਿ ਜੋ ਸਤਿਗੁਰੂ ਦੇ ਪੂਰੇ ਵਿਸ਼ਵਾਸੀ, ਗੁਰਬਾਣੀ ਅਨੁਸਾਰ ਚਲਦੇ ਹਨ ਔਰ ਖਾਲਸਾ ਧਰਮ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਨੂੰ ਸਮਝਾਉਣ ਲਈ ਮੈਂ ਇਹ ਪੁਸਤਕ ਨਹੀਂ ਲਿਖਿਆ, ਇਹ ਗ੍ਰੰਥ ਉਨ੍ਹਾਂ ਭਾਈਆਂ ਨੂੰ ਉਪਦੇਸ਼ ਦੇਣ ਲਈ ਹੈ, ਜਿਨ੍ਹਾਂ ਪੁਰ ਅੱਗੇ ਲਿਖਿਆ ਇਤਿਹਾਸਿਕ ਦ੍ਰਿਸ਼ਟਾਂਤ ਘਟਦਾ ਹੈ, ਜਿਸ ਦਾ ਸੰਖੇਪ ਇਉਂ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਵਾਰ ਇਕ ਗਧੇ ਨੂੰ ਸ਼ੇਰ ਦੀ ਖੱਲ ਪਹਿਨਾ ਕੇ ਜੰਗਲ ਵਿਚ ਛੱਡ ਦਿਤਾ। ਸਾਰੇ ਆਦਮੀ ਅਤੇ ਪਸ਼ੂ ਉਸ ਨੂੰ ਸ਼ੇਰ ਸਮਝ ਕੇ ਇਤਨਾ ਡਰਨ ਕਿ ਕੋਈ ਉਸ ਦੇ ਪਾਸ ਨਾ ਜਾਵੇ, ਔਰ ਉਹ ਗੂੰਣ ਚੱਕਰ ਦੇ ਦੁੱਖ ਤੋਂ ਛੁਟਕਾਰਾ ਪਾ ਕੇ, ਮਨ-ਭਾਉਂਦੀਆਂ ਖੇਤੀਆਂ ਖਾ ਕੇ ਮੋਟਾ ਤਾਜ਼ਾ ਹੋ ਗਿਆ, ਔਰ ਅਨੰਦਪੁਰ ਦੇ ਆਸ ਪਾਸ ਫਿਰ ਕੇ ਅਨੰਦ ਵਿਚ ਦਿਨ ਬਿਤਾਉਣ ਲਗਾ, ਪਰ ਇਕ ਦਿਨ ਆਪਣੇ ਸਾਥੀਆਂ ਦੀ ਮਨੋਹਰ ਧੁਨੀ (ਹੀਂਙਣ) ਸੁਣ ਕੇ ਕੁੰਭਿਆਰ ਦੇ ਘਰ ਨੂੰ ਉੱਠ ਭਜਿਆ, ਔਰ ਖੁਰਲੀ ਪਰ ਜਾ ਖੜੋਤਾ। ਕੁੰਭਿਆਰ ਨੇ ਉਸ ਨੂੰ ਆਪਣਾ ਗਧਾ ਪਛਾਣ ਕੇ ਸ਼ੇਰ ਦੀ ਖੱਲ ਉਤੋਂ ਉਤਾਰ ਦਿਤੀ ਅਤੇ ਗੂੰਣ ਲੱਦ ਕੇ ਸੋਟੇ ਨਾਲ ਅੱਗੇ ਕਰ ਲਇਆ।

ਇਸ ਦ੍ਰਿਸ਼ਟਾਂਤ ਤੋਂ ਕਲਗੀਧਰ ਮਹਾਰਾਜ ਜੀ ਨੇ ਆਪਣੇ ਪਿਆਰੇ ਸਿੱਖਾਂ ਨੂੰ ਉਪਦੇਸ਼ ਦਿਤਾ ਕਿ, "ਹੇ ਮੇਰੇ ਸੁਪੁੱਤਰੋ ! ਮੈਂ ਤੁਹਾਨੂੰ ਇਸ ਗਧੇ ਦੀ ਤਰ੍ਹਾਂ

ਕੇਵਲ ਚਿੰਨ੍ਹ-ਮਾਤ੍ਰ ਸ਼ੇਰ ਨਹੀਂ ਬਣਾਇਆ, ਸਗੋਂ ਗੁਣਧਾਰੀ, ਸਰਬ ਗੁਣ ਭਰਪੂਰ, ਜਾਤਿ ਪਾਤਿ ਦੇ ਬੰਧਨਾਂ ਤੋਂ ਮੁਕਤ, ਆਪਣੀ ਸੰਤਾਨ ਬਣਾ ਕੇ ਸਾਹਿਬ ਕੌਰ ਜੀ ਦੀ ਗੋਦੀ ਪਾਇਆ ਹੈ, ਹੁਣ ਤੁਸੀਂ ਅਗਿਆਨ ਦੇ ਵੱਸ ਹੋ ਕੇ ਇਸ ਗਧੇ ਦੀ ਤਰ੍ਹਾਂ ਪੁਰਾਣੀ ਜਾਤਿ ਪਾਤਿ ਵਿਚ ਨਾ ਵੜਨਾ। ਜੇ ਮੇਰੇ ਉਪਦੇਸ਼ ਨੂੰ ਭੁਲਾ ਕੇ ਪਵਿੱਤਰ ਖਾਲਸਾ ਧਰਮ ਤਿਆਗ ਕੇ ਉਨ੍ਹਾਂ ਜਾਤਾਂ ਵਿਚ ਹੀ ਜਾ ਵੜੋਗੇ, ਜਿਨ੍ਹਾਂ ਤੋਂ ਮੈਂ ਤੁਹਾਨੂੰ ਕੱਢਿਆ ਹੈ, ਤਾਂ ਇਸ ਗਧੇ ਜੇਹੀ ਦਸ਼ਾ ਹੋਊ, ਔਰ ਤੁਸਾਡੀ ਧਰਮ ਨੇਸ਼ਠਾ ਅਤੇ ਸੂਰਵੀਰਤਾ ਸਭ ਜਾਂਦੀ ਰਹੂ।"[1]

ਸਤਿਗੁਰੂ ਦੇ ਇਸ ਉਪਦੇਸ਼ ਤੋਂ ਵਿਮੁਖ ਹੁਣ ਸਾਡੇ ਵਿਚ ਬਹੁਤ ਭਾਈ ਐਸੇ ਹਨ, ਜੋ ਆਪਣੇ ਆਪ ਨੂੰ ਸਿੰਘ ਹੋ ਕੇ ਭੀ ਹਿੰਦੂ ਧਰਮ ਮੰਨਦੇ ਹਨ, ਔਰ ਗੁਰਬਾਣੀ ਅਨੁਸਾਰ ਚਲਣ ਅਤੇ ਸਿਖ ਧਰਮ ਨੂੰ ਹਿੰਦੂ ਧਰਮ ਤੋਂ ਜੁਦਾ ਅਰ ਸ਼੍ਰੋਮਣੀ ਮੰਨਣ ਅਤੇ ਕਹਿਣ ਵਿਚ ਹਾਨੀ ਜਾਣਦੇ ਹਨ। ਕਾਰਣ ਇਹ ਹੈ ਕਿ ਉਨ੍ਹਾਂ ਨੇ ਆਪਣੇ ਧਰਮ ਪੁਸਤਕਾਂ ਦਾ ਵਿਚਾਰ ਨਹੀਂ ਕੀਤਾ, ਔਰ ਨਾ ਪੁਰਾਣੇ ਇਤਿਹਾਸ ਦੇਖੇ ਹਨ, ਕੇਵਲ ਅਨਮਤਾਂ ਦੀਆਂ ਪੋਥੀਆਂ ਔਰ ਸਵਾਰਥੀ ਪ੍ਰਪੰਚੀਆਂ ਦੀ ਸਿਖਿਆ ਸੁਣਨ ਵਿਚ ਉਮਰ ਬਿਤਾਈ ਹੈ। ਪਰ ਸ਼ੋਕ ਹੈ ਐਸੇ ਭਾਈਆਂ ਉਪਰ ਜੋ ਪਰਮ ਪੂਜਯ ਪਿਤਾ ਦੇ ਉਪਕਾਰਾਂ ਨੂੰ ਭੁਲਾ ਕੇ (ਜਿਸ ਨੇ ਨੀਚੋਂ ਊਚ ਕੀਤਾ, ਕੰਗਾਲੋਂ ਰਾਜੇ ਬਣਾਏ, ਗਿੱਦੜੋਂ ਸ਼ੇਰ ਔਰ ਚਿੜੀਆਂ ਤੋਂ ਬਾਜ ਸਜਾਏ) ਗੁਰਮਤਿ ਵਿਰੋਧੀਆਂ ਦੇ ਪਿੱਛੇ ਲੱਗ ਕੇ, ਪਾਖੰਡ ਜਾਲ ਵਿਚ ਫਸ ਕੇ ਆਪਣਾ ਮਾਨੁਸ਼ ਜਨਮ ਹਾਰਦੇ ਹੋਏ ਖਾਲਸਾ ਧਰਮ ਤੋਂ ਪਤਿਤ ਹੋ ਰਹੇ ਹਨ।

ਕੇਵਲ ਹਿੰਦੂ ਧਰਮ ਤੋਂ ਹੀ ਖਾਲਸੇ ਦੀ ਭਿੰਨਤਾ ਇਸ ਪੁਸਤਕ ਵਿਚ ਇਸ

---

[1]ਤਬ ਸਤਿਗੁਰ ਸਭਹੂੰਨ ਸੁਨਾਯੋ—"ਇਹ ਦ੍ਰਿਸ਼ਟਾਂਤ ਤੁਮੈ ਦਿਖਰਾਯੋ।
ਜਾਤਿ ਪਾਤਿ ਮਹਿ ਗਰਧਭ ਜੈਸੇ, ਵਸ਼ੀ ਕੁਲਾਲ ਲਾਜ ਮਹਿ ਤੈਸੇ।
ਤਿਸ ਤੇ ਸਤਿਗੁਰ ਲਏ ਨਿਕਾਸ, ਬਖਸ਼ੇ ਚਾਰ ਪਦਾਰਥ ਪਾਸ।
ਸ੍ਰੀ ਅਸਿਧੁਜ ਕੋ ਦੇ ਕਰ ਬਾਣਾ, ਸਭ ਤੇ ਊਚੇ ਕਰੇ ਸਤ੍ਰਾਣਾ।
ਪੁਨ ਕੁਲਾਲ ਕੇ ਪ੍ਰਵੇਸਜੋ ਜਾਈ, ਲਾਦ ਗੂੰਣ ਕੋ ਲਸ਼ਟਿ ਲਗਾਈ।
ਤਿਮ ਹ੍ਵੈ ਸਿੰਘ, ਜ਼ਾਤਿ ਮਹਿ ਪਰੈ, ਤਜੈ ਸ਼ਸਤ੍ਰ, ਭਯ ਕੋਇ ਨ ਕਰੈ।
ਯਾਂ ਤੇ ਸ੍ਰੀ ਅਕਾਲ ਕੋ ਬਾਣਾ, ਦੇ ਮੈਂ ਕੀਨੇ ਸਿੰਘ ਸੁਜਾਣਾ।
ਇਸ ਕੇ ਧਰੇ ਸਦਾ ਸੁਖ ਹੋਈ, ਤਜਾਗੇ, ਦੋਨੋਂ ਲੋਕ ਨ ਢੋਈ।"
(ਗੁਰੂ ਪ੍ਰਤਾਪ ਸੂਰਯ, ਰੁਤ ੩, ਅਧਜਾਯ ੨੨)

ਵਾਸਤੇ ਲਿਖੀ ਹੈ ਕਿ ਹੋਰਨਾਂ ਧਰਮਾਂ ਤੋਂ ਪਹਿਲਾਂ ਹੀ ਸਾਡੇ ਭਾਈ ਆਪਣੇ ਆਪ ਨੂੰ ਜੁਦਾ ਸਮਝਦੇ ਹਨ, ਪਰ ਅਗਿਆਨ ਕਰਕੇ ਖਾਲਸੇ ਨੂੰ ਹਿੰਦੂ ਅਥਵਾ ਹਿੰਦੂਆਂ ਦਾ ਹੀ ਇਕ ਫ਼ਿਰਕਾ ਖ਼ਿਆਲ ਕਰਦੇ ਹਨ।

ਮੈਂ ਨਿਸਚਾ ਕਰਦਾ ਹਾਂ ਕਿ ਮੇਰੇ ਭੁੱਲੇ ਹੋਏ ਭਾਈ ਇਸ ਗ੍ਰੰਥ ਨੂੰ ਪੜ੍ਹ ਕੇ ਆਪਣੇ ਧਰਮ ਅਨੁਸਾਰ ਚਲਣਗੇ. ਔਰ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਅਰ ਦਸਵੇਂ ਪਾਤਸ਼ਾਹ ਦਾ ਪੁੱਤਰ ਸਮਝ ਕੇ ਖ਼ਾਲਸਾ ਬਣਨਗੇ ਔਰ ਭਰੋਸਾ ਕਰਨਗੇ ਕਿ :

**"ਹਮ ਹਿੰਦੂ ਨਹੀਂ"।**

੧ ਜੇਠ, ਸਾਲ ਨਾ: ੪੨੯ ]

—

# ਪੰਜਵੀਂ ਐਡੀਸ਼ਨ ਦੀ ਭੂਮਿਕਾ

"ਹਮ ਹਿੰਦੂ ਨਹੀਂ" ਪੁਸਤਕ ਦੇ ਛਪਣ ਪਰ ਅਗ੍ਯਾਨੀ ਸਿੱਖਾਂ, ਔਰ ਸ੍ਵਾਰਥੀ ਹਿੰਦੂ ਭਾਈਆਂ ਨੇ ਬੜਾ ਰੌਲਾ ਮਚਾਯਾ, ਔਰ ਉਪੱਦ੍ਰਵ ਕੀਤੇ। ਇਕ ਦੋ ਸ਼ਰਾਰਤੀਆਂ ਨੇ ਆਪਣੇ ਆਪ ਨੂੰ ਖੁਫ਼ੀਆ ਪੁਲਿਸ ਦਾ ਅਫਸਰ ਪ੍ਰਸਿੱਧ ਕਰਕੇ ਗੁਰੁਪੁਰ ਨਿਵਾਸੀ ਮਹਾਰਾਜਾ ਸਾਹਿਬ ਨਾਭਾ ਪਾਸ ਇਸ ਮਜ਼ਮੂਨ ਦੀ [1]ਚਿੱਠੀ ਭੇਜ ਕੇ ਆਪਣਾ ਮਨੋਰਥ ਸਿੱਧ ਕੀਤਾ :

'ਹਮ ਹਿੰਦੂ ਨਹੀਂ' ਕਿਤਾਬ ਜੋ ਕਿ [2]ਗੁਮਨਾਮ ਹੈ, ਔਰ ਸਿੱਖ ਵ ਹਿੰਦੂਓਂ ਮੇਂ ਫਸਾਦ ਡਾਲਣੇ ਵਾਲੀ ਹੈ, ਉਸ ਕੀ ਤਹਕੀਕਾਤ ਕੇ ਲੀਏ ਗਵਰਨਮੈਂਟ ਨੇ ਮੁਝੇ ਮੁਕੱਰਰ ਕੀਆ ਹੈ, ਔਰ ਗਵਰਨਮੈਂਟ ਕੋ ਇਸ ਕਾ ਬਹੁਤ ਖ਼ਯਾਲ ਹੋ ਰਹਾ ਹੈ, ਮੁਸਨਿਫ਼ ਕਾ ਪਤਾ ਲਗਨੇ ਪਰ ਸਰਕਾਰ ਸਖ਼ਤ ਸਜ਼ਾ ਦੇਗੀ। ਮੈਂ ਨੇ ਸਾਰੇ ਪੰਜਾਬ ਕਾ ਦੌਰਾ ਕੀਆ ਹੈ ਔਰ ਖੁਫੀਆ ਤਹਕੀਕਾਤ ਸੇ ਮੁਸਨਿਫ ਕਾ ਪਤਾ ਲਗਾ ਲੀਆ ਹੈ...ਮੈਂ ਨਾਮ ਭੀ ਜ਼ਾਹਰ ਕਰ ਦੇਤਾ ਹੂੰ—ਇਸ ਕਿਤਾਬ ਕੇ ਬਨਾਨੇ ਵਾਲਾ ਕਾਨ੍ਹ ਸਿੰਘ ਹੈ। ਬਿਹਤਰ ਹੋਗਾ ਅਗਰ ਮੇਰੀ ਰਿਪੋਟ ਗਵਰਨਮੈਂਟ ਮੇਂ ਪਹੁੰਚਨੇ ਸੇ ਪਹਿਲੇ ਮੁਸਨਿਫ ਕੋ ਰਿਆਸਤ ਸੇ ਸਜ਼ਾ ਤਜਵੀਜ਼ ਕੀ ਜਾਯਗੀ।...

ਕਈ ਪ੍ਰੇਮੀਆਂ ਨੇ ਇਹ ਪ੍ਰਗਟ ਕੀਤਾ ਕਿ "ਹਮ ਹਿੰਦੂ ਨਹੀਂ" ਰਸਾਲਾ ਕਾਨੂੰਨ ਵਿਰੁਧ ਦਿਲ ਦੁਖਾਉਣ ਵਾਲੇ ਲੇਖਾਂ ਨਾਲ ਭਰਪੂਰ ਹੈ, ਜਿਸ ਪਰ ਹੇਠ ਲਿਖੀ ਐਚ.ਏ.ਬੀ. ਰੈਗੀਟਨ ਸਾਹਿਬ ਦੀ ਕਾਨੂੰਨੀ ਰਾਏ ਲੈਣੀ ਪਈ :

"ਮੈਂ, 'ਹਮ ਹਿੰਦੂ ਨਹੀਂ' ਰਸਾਲੇ ਦਾ ਅੰਗਰੇਜ਼ੀ ਤਰਜਮਾ ਪੜ੍ਹਿਆ। ਏਹ ਰਸਾਲਾ ਇਕ ਸਿਰੇ ਤੋਂ ਦੂਜੇ ਸਿਰੇ ਤਾਈਂ ਮਜ਼ਹਬੀ ਹੈ, ਔਰ ਇਸ ਤਰੀਕੇ ਨਾਲ

---

[1]ਏਹ ਚਿੱਠੀ ਵਾਸਤਵ ਵਿਚ ਗੁਮਨਾਮ ਸੀ।

[2]ਏਹ ਕਿਤਾਬ ਗੁਮਨਾਮ ਨਹੀਂ ਸੀ, ਕਯੋਂਕਿ ਇਸ ਪਰ ਪ੍ਰੈਸ ਅਤੇ ਮੈਨੇਜਰ ਦਾ ਨਾਉਂ ਸਾਫ਼ ਸੀ, ਅਰ ਮੇਰਾ ਭੀ ਸੰਕੇਤਕ ਨਾਉਂ (ਐਚ. ਬੀ.) ਲਿਖਿਆ ਹੋਇਆ ਸੀ। ਇਸ ਤੋਂ ਛੁਟ ੩੦ ਜੂਨ, ੧੮੯੯ ਦੇ ਪੰਜਾਬ ਗੈਜ਼ੱਟ ਵਿਚ ਦਰਜ ਹੋ ਚੁਕੀ ਸੀ। ਅਰ ਉਸੀ ਸਾਲ ੪੪੭ ਨੰਬਰ ਪਰ ਰਜਿਸਟਰੀ ਹੋਈ ਸੀ।

ਲਿਖਿਆ ਗਯਾ ਹੈ ਕਿ ਕਿਸੀ ਤਰਾਂ ਭੀ ਕਿਸੇ ਦਾ ਦਿਲ ਨਹੀਂ ਦੁਖਾ ਸਕਦਾ, ਇਸ ਵਿਚ ਹਿੰਦੂ ਧਰਮ ਦਾ ਜ਼ਿਕਰ ਅਜੇਹੇ ਢੰਗ ਨਾਲ ਕੀਤਾ ਗਯਾ ਹੈ ਕਿ ਥੋੜੀ ਜੇਹੀ ਭੀ ਬਿਅਦਬੀ ਨਹੀਂ ਪਾਈ ਜਾਂਦੀ। ਮੈਂ ਨਹੀਂ ਸਮਝਦਾ ਕਿ ਕੋਈ ਕਿਸ ਤਰ੍ਹਾਂ ਆਖ ਸਕਦਾ ਹੈ ਕਿ ਰਸਾਲਾ ਬਣਾਉਣ ਵਾਲੇ ਦੇ ਖਯਾਲਾਤ ਕਿਸੇ ਦਾ ਦਿਲ ਦੁਖਾਉਣ ਵਾਲੇ ਹਨ। ਮੈਂ ਆਪਣੀ ਰਾਯ ਇਸ ਰਸਾਲੇ ਬਾਬਤ ਪ੍ਰਗਟ ਕਰਦਾ ਹਾਂ ਕਿ ਕਿਸੀ ਤਰ੍ਹਾਂ ਦਾ ਕੋਈ ਕਾਨੂੰਨੀ ਇਤਰਾਜ਼ ਇਸ ਕਿਤਾਬ ਬਾਬਤ ਨਹੀਂ ਕਹਿਆ ਜਾ ਸਕਦਾ।"

ਦੋ ਚਾਰ ਹਿੰਦੂ ਸੱਜਣਾਂ ਨੇ ਅੰਗਰੇਜ਼ੀ [1]ਸਾਖੀ ਔਰ ਛੱਕੇ ਆਦਿਕ ਦੇ ਪ੍ਰਮਾਣ ਦੇ ਕੇ ਇਸ ਰਸਾਲੇ ਦਾ ਖੰਡਨ ਲਿਖਿਆ, ਜਿਨ੍ਹਾਂ ਸਭਨਾਂ ਦਾ ਤੀਜੀ ਐਡੀਸ਼ਨ ਵਿਚ ਖੰਡਨ ਕੀਤਾ ਗਯਾ।

'ਗੁਰਮਤ ਸੁਧਾਕਰ' ਦੀ ਭੂਮਿਕਾ ਵਿਚ ਏਹ ਗੱਲ ਸਾਫ ਦੱਸੀ ਗਈ ਹੈ ਕਿ ਸਾਖੀ, ਇਤਿਹਾਸ ਆਦਿਕ ਉਹੀ ਪੁਸਤਕ ਪ੍ਰਵਾਨ ਹਨ, ਜੋ ਗੁਰਬਾਣੀ ਦੇ ਵਿਰੁਧ ਨ ਹੋਣ। ਜਿਸ ਪੁਸਤਕ ਵਿਚ ਜੋ ਲੇਖ ਗੁਰਮਤ ਅਨੁਸਾਰ ਹੈ, ਉਹ ਮੰਨਣੇ ਲਾਇਕ ਹੈ ਔਰ ਜੋ ਲੇਖ ਗੁਰੁਮਤ ਵਿਰੁਧ ਹੈ ਉਹ ਤਯਾਗਣੇ ਯੋਗ ਹੈ। ਪਰ ਏਥੇ ਭੀ ਸੰਖੇਪ ਨਾਲ ਪਾਠਕਾਂ ਨੂੰ ਦੋ ਚਾਰ ਉਦਾਹਰਣ ਦੇ ਕੇ ਸਮਝਾਉਨੇ ਹਾਂ।

(੧) ਸਿੰਘ ਸੂਰਯੋਦਯ ਵਿਚ ਲਿਖਿਆ ਹੈ ਕਿ ਗੁਰੂ ਦਾ ਸਿੱਖ "ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ ॥" ਏਹ ਮੰਤ੍ਰ ਪੜ੍ਹਕੇ ਚੰਦ੍ਰਮਾ ਔਰ ਸੂਰਯ ਨੂੰ ਮੱਥਾ

[1]ਏਹ ਸਾਖੀ (ਜਿਸ ਦਾ ਸਰਦਾਰ ਸਰ ਅਤਰ ਸਿੰਘ ਜੀ ਰਈਸ ਭਦੌੜ ਨੇ ਅੰਗਰੇਜ਼ੀ ਤਰਜਮਾ ਕਰਵਾਯਾ ਹੈ) ਉਸ ਜ਼ਮਾਨੇ ਵਿਚ ਲਿਖੀ ਗਈ ਹੈ, ਜਦ ਗਵਰਨਮੈਂਟ ਨੇ ਕਸ਼ਮੀਰ ਦਾ ਇਲਾਕਾ ਮਹਾਰਾਜਾ ਜੰਮੂ ਨੂੰ ਦਿੱਤਾ ਹੈ ਜੇਹਾ ਕਿ ਉਸ ਸਾਖੀ ਤੋਂ ਸਾਬਤ ਹੁੰਦਾ ਹੈ :

"ਮੁਲਕ ਬੇਚ ਕਰ ਜਾਹਿ ਫਿਰੰਗੀ ॥ ਗਾਜੇਂਗੇ ਤਬ ਮੋਰ ਭੁਜੰਗੀ ॥

ਔਰ ਇਸ ਵਿਚ ਬਾਬੇ ਬੰਦੇ ਦਾ ਸਰਹਿੰਦ ਲੁਟਣ ਦਾ ਹਾਲ ਭੀ ਲਿਖਿਆ ਹੈ, ਜਿਸ ਤੋਂ ਸਿੱਧ ਹੈ ਕਿ ਇਹ ਸਾਖੀ ਭਾਈ ਗੁਰਬਖਸ਼ ਸਿੰਘ ਜੀ ਨੇ ਨਹੀਂ ਲਿਖਾਈ। ਏਸ ਸਾਖੀ ਦਾ ਕਰਤਾ ਉਪਦ੍ਰਵੀ ਅਤੇ ਮਲਵਈ ਸਿੱਖਾਂ ਦਾ ਵਿਰੋਧੀ ਜਾਪਦਾ ਹੈ, ਕਿਉਂਕਿ ਸਾਖੀ ਵਿਚ ਲਿਖਦਾ ਹੈ :—"ਝੂਠਾ ਮਾਲਵਾ ਦੇਸ਼, ਕੁੜੀਆਂ ਪਿੱਛੇ ਪਲਿਆ।" ਗੁਰੂ ਸਾਹਿਬ, ਜੋ ਸਭ ਦੇਸ਼ਾਂ ਨੂੰ ਇਕੋ ਜੇਹਾ ਪਯਾਰ ਕਰਦੇ ਸੇ, ਔਰ ਆਪਣੇ ਪੁਤ੍ਰਾਂ ਵਿਚ ਕਦੇ ਭੀ ਫੁੱਟ ਨਹੀਂ ਦੇਖਣੀ ਚਾਹੁੰਦੇ ਸੇ, ਅਰ ਮਾਝੇ ਮਾਲਵੇ ਆਦਿਕ ਦੇਸ਼ ਭੇਦ ਕੌਮ ਦੇ ਨਾਸ਼ ਦਾ ਕਾਰਣ ਜਾਣਦੇ ਸੇ, ਕੀ ਓਹ ਏਹ ਬਚਨ ਉਚਾਰ ਸਕਦੇ ਸਨ ?

ਟੇਕੇ। ਪਹਿਲਾਂ ਤਾਂ ਇਨ੍ਹਾਂ "ਜਾਪ" ਦੀਆਂ ਤੁਕਾਂ ਦਾ ਅਰਥ ਇਹ ਹੈ ਕਿ ਜੋ ਵਾਹਿਗੁਰੂ ਚੰਦ੍ਰਮਾ ਅਤੇ ਸੂਰਜ ਦਾ ਭੀ ਪ੍ਰਕਾਸ਼ਕ ਹੈ ਉਸ ਨੂੰ ਨਮਸਕਾਰ ਹੈ। ਦੂਜੇ, ਗੁਰਮਤ ਵਿਚ ਚੰਦ੍ਰਮਾ ਔਰ ਸੂਰਯ ਦੇ ਪੂਜਨ ਦਾ ਨਿਸ਼ੇਧ ਹੈ, ਯਥਾ :

ਕੇਤੇ ਚੰਦ੍ਰ ਸੂਰ ਕੋ ਮਾਨੈ ॥
ਅਗਨਿਹੋਤ੍ਰ ਕਈ ਤਵਨ ਪ੍ਰਮਾਨੈ ॥
ਪਰਮ ਤੱਤ ਕੋ ਜਿਨ ਨ ਪਛਾਨਾ ॥
ਤਿਨ ਈਸ੍ਵਰ ਤਿਨ ਹੀ ਕੋ ਮਾਨਾ ॥ (ਬਚਿਤ੍ਰ ਨਾਟਕ)

ਕੋਈ ਪੂਜੇ ਚੰਦੁ ਸੂਰ, ਕੋਈ ਧਰਤਿ ਅਕਾਸੁ ਮਨਾਵੈ ॥ (ਭਾਈ ਗੁਰਦਾਸ ਜੀ)
ਫੋਕਟ ਧਰਮੀ ਭਰਮਿ ਭੁਲਾਵੈ ॥ (ਵਾਰ ੧, ਪਉੜੀ ੧੮)

ਈਂ ਦੋ ਆਲਮ ਜ਼ੱਰਾਇ ਅਜ਼ ਨੀਰੇ ਊਸਤ,
ਮਿਹਰੋ ਮਾਹ ਮਸ਼ ਅਲ-ਕਸ਼ੇ ਮਜ਼ਦੂਰਿ ਊਸਤ ॥
(ਭਾਈ ਨੰਦ ਲਾਲ ਜੀ)

(੨) ਔਰ ਲਿਖਿਆ ਹੈ–"ਅੰਮ੍ਰਿਤ ਛਕ ਕੇ ਵਰਣ ਔਰ ਜਾਤੀ ਕੀ ਰੀਤਿ ਨਾ ਤਜਾਗੇ" ਭਾਵੇਂ ਗੁਰਮਤ ਇਸ ਤੋਂ ਪਰਮ ਵਿਰੁਧ ਹੈ। ਦੇਖੋ, ਇਸੇ ਪੁਸਤਕ (ਹਮ ਹਿੰਦੂ ਨਹੀਂ) ਦਾ ਅੰਗ ਦੋ।

(੩) ਗੁਰੁ ਬਿਲਾਸ ਵਿਚ ਲਿਖਿਆ ਹੈ ਕਿ ਦੁਖਿਤ ਪ੍ਰਿਥਵੀ ਗਊ ਬਣ ਕੇ, ਬ੍ਰਹਮਾ ਨੂੰ ਨਾਲ ਲੈ ਕੇ ਅਕਾਲ ਪੁਰਖ ਪਾਸ ਗਈ, ਉਸ ਦੀ ਬੇਨਤੀ ਪਰ ਅਕਾਲ ਨੇ ਛੇਵੇਂ ਗੁਰੂ ਦਾ ਰੂਪ ਧਾਰਿਆ, ਔਰ ਜਨਮ ਸਮਯ ਗੁਰੂ ਹਰਿ ਗੋਬਿੰਦ ਜੀ ਚਤੁਰਭੁਜ ਸੇ।

ਪਹਿਲੇ ਤਾਂ ਇਸ ਕਥਾ ਲਿਖਣ ਵਾਲੇ ਨੇ ਗੁਰਮਤ ਵਿਰੁਧ ਅਕਾਲ ਨੂੰ ਜਨਮ ਮਰਨ ਵਾਲਾ ਔਰ ਚੌਬਾਹੂ ਸਾਬਤ ਕੀਤਾ, ਦੂਜੇ-ਪੰਜਾਂ ਸਤਿਗੁਰਾਂ ਦੀ ਨਿੰਦਾ ਕੀਤੀ ਕਿਉਂਕਿ ਉਨ੍ਹਾਂ ਦੇ ਉਪਦੇਸ਼ਾਂ ਕਰਕੇ ਪ੍ਰਿਥਵੀ ਦਾ ਭਾਰ ਦੂਰ ਨਹੀਂ ਹੋਯਾ ਸੀ।

(੪) ਏਸੇ ਪੋਥੀ ਵਿਚ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਪਰ ਸਿਆਪਾ ਹੋਯਾ ਔਰ ਗੁਰੂ ਸਾਹਿਬ ਬਹੁਤ ਰੋਏ। ਭਾਵੇਂ ਗੁਰੂ ਦੇ ਮਤ ਵਿਚ ਐਸੇ ਕਰਮ ਬਹੁਤ ਹੀ ਨਿੰਦਤ ਕਥਨ ਕੀਤੇ ਹਨ, ਯਥਾ :

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥ (ਸਿਰੀ ਰਾਗ ਮ: ੧)
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ, ਤੁਮ੍ ਕਉ ਕਉਣੁ ਰੋਈ ॥

ਧੰਧਾ ਪਿਟਿਹੁ ਭਾਈਹੋ, ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤਹੀ, ਤੁਮ੍ ਲੋਕ ਸੁਣਾਵਹੁ ॥ (ਆਸਾ ਮ: ੧)

ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥
ਚੰਗਾ ਮੰਦਾ ਕਿਛੁ ਸੂਝੈ ਨਾਹੀ, ਇਹੁ ਤਨੁ ਏਵੈ ਖੋਵੈ ॥ (ਵਡਹੰਸ ਮ: ੧)

ਜੋ ਹਮ ਕੋ ਰੋਵੈਗਾ ਕੋਈ। ਈਤ ਊਤ ਤਾਂਕੋ ਦੁਖ ਹੋਈ।
ਕੀਰਤਨ ਕਥਾ ਸੁ ਗਾਵਹੁ ਬਾਨੀ। ਇਹੈ ਮੋਰ ਸਿਖਛਾ ਸੁਨਿ ਹੋ ਕਾਨੀ।
(ਗੁਰੁ ਬਿਲਾਸ ਪਾਤਸ਼ਾਹੀ ੧੦)

ਤਜੈਂ ਸ਼ੋਕ ਸਭ ਅਨਦ ਬਢਾਇ।
ਨਹਿ ਪੀਟਹਿੰ ਤ੍ਰਿਯ ਮਿਲ ਸਮੁਦਾਇ।
ਪਢੈਂ ਸ਼ਬਦ ਕੀਰਤਨ ਕੋ ਕਰੈਂ।
ਸੁਨੈ ਬੈਠ ਵੈਰਾਗ ਸੁ ਧਰੈਂ। (ਗੁਰ ਪ੍ਰਤਾਪ ਸੂਰਯ)

ਐਸੇ ਹੀ ਬਿਨਾ ਬਿਚਾਰੇ ਜੋ ਹੋਰ ਲੇਖ ਅਗਯਾਨੀਆਂ ਨੇ ਪੁਸਤਕਾਂ ਵਿਚ ਲਿਖੇ ਉਹ ਆਦਰਯੋਗ ਨਹੀਂ, ਯਥਾ :

(ੳ) ਗੁਰੂ ਨਾਨਕ ਸਾਹਿਬ "ਕੀੜਨਗਰ" ਵਿਚ ਗਏ, ਉਥੇ ਕੀੜਿਆਂ ਦਾ ਹੀ ਰਾਜ ਸੀ, ਉਨ੍ਹਾਂ ਪਰਥਾਇ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ :

ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ ॥

(ਅ) ਗੁਰੂ ਜੀ ਤੋਂ ਸਿੱਖਾਂ ਨੇ ਕੁੰਭ ਮੇਲੇ ਦਾ ਮਹਾਤਮ ਪੁਛਿਆ, ਤਾਂ ਸਤਿਗੁਰਾਂ ਨੇ ਸ਼ਬਦ ਉਚਾਰਨ ਕੀਤਾ :

ਕੁੰਭੇ ਬਧਾ ਜਲੁ ਰਹੈ, ਜਲ ਬਿਨ ਕੁੰਭੁ ਨ ਹੋਇ ॥
(ਸਲੋਕ ਮ: ੧, ਆਸਾ ਦੀ ਵਾਰ)

(ੲ) ਗੁਰੂ ਸਾਹਿਬ ਨੇ ਆਸਾ ਦੇਸ਼ ਵਿਚ ਸ਼ੇਖ ਫਰੀਦ ਨਾਲ ਮੁਲਾਕਾਤ ਕੀਤੀ, ਔਰ ਆਸਾ ਰਾਗ ਵਿਚ ਬਾਣੀ ਉਚਾਰੀ, ਔਰ ਧਨਾਸਰੀ ਦੇਸ਼ ਵਿਚ ਧਨਾਸਰੀ ਰਾਗ ਉਚਾਰਨ ਕੀਤਾ।

(ਸ) ਛੇਵੇਂ ਗੁਰੂ, ਭੂਤ ਔਰ ਭੂਤਨੀਆਂ ਭੇਜ ਕੇ ਦੇਸ਼ ਦੇਸ਼ਾਂਤਰਾਂ ਤੋਂ ਖਬਰ ਮੰਗਵਾਯਾ ਕਰਦੇ ਸੇ।

(ਹ) ਦਸਵੇਂ ਗੁਰੂ ਸਾਹਿਬ ਕ੍ਰਿਸ਼ਨ ਦੀ ਤਰ੍ਹਾਂ ਪਾਣੀ ਭਰਨ ਆਈਆਂ ਇਸਤ੍ਰੀਆਂ ਦੇ ਘੜੇ ਭੰਨ ਦਿੰਦੇ ਸੇ, ਔਰ ਗਵਾਂਢੀਆਂ ਦਾ ਮੱਖਣ ਚੁਰਾ ਕੇ ਖਾ ਜਾਂਦੇ ਸੇ।

(ਕ) ਸਈਯਦਾਂ ਦੀ ਉਤਪਤੀ ਪਾਂਡਵਾਂ ਵੇਲੇ ਹੋਈ, ਔਰ ਮੁਗਲ ਬ੍ਰਾਹਮਣਾਂ ਦੀ ਉਲਾਦ ਹਨ।

ਇਤਿਆਦਿਕ ਬਹੁਤ ਲੇਖ ਹਨ, ਜਿਨ੍ਹਾਂ ਦੇ ਏਥੇ ਲਿਖਣ ਕਰਕੇ ਵਿਸਥਾਰ ਹੁੰਦਾ ਹੈ। ਕਬੀਰ ਜੀ ਔਰ ਭਾਈ ਮਨੀ ਸਿੰਘ ਜੀ ਦੇ ਕਥਨ ਅਨੁਸਾਰ[1] ਗੁਰਮੁਖਾਂ ਨੂੰ ਚਾਹੀਏ ਕਿ ਮੱਖਣ ਨੂੰ ਗ੍ਰਹਿਣ ਕਰਉ ਛਾਛ ਦਾ ਤਿਆਗ ਕਰ ਦੇਣ।

ਸਿਧਾਂਤ ਏਹ ਹੈ ਕਿ ਜੋ ਪ੍ਰਮਾਣ ਗੁਰਬਾਣੀ ਸੰਮਤ ਹੈ, ਉਹੀ ਮੰਨਣੇ ਯੋਗ ਹੈ, ਔਰ ਜੋ ਵਿਰੁੱਧ ਹੈ, ਉਸ ਦਾ ਸਰਬਥਾ ਤਿਆਗ ਹੈ।

ਜੋ ਲੋਕ ਅਪ੍ਰਮਾਣ ਪ੍ਰਮਾਣਾਂ ਨਾਲ ਸਿੱਖਾਂ ਨੂੰ ਹਿੰਦੂ ਸਿੱਧ ਕਰਨ ਦਾ ਯਤਨ ਕਰਦੇ ਹਨ, ਉਹ ਆਪਣੀ ਮਿਹਨਤ ਹੀ ਨਹੀਂ ਗਵਾਉਂਦੇ, ਸਗੋਂ ਆਪਣੀ ਅਗਿਆਨਤਾ ਅਥਵਾ ਸਵਾਰਥ ਭਰੀ ਕੁਟਿਲਤਾ ਪ੍ਰਸਿੱਧ ਕਰਕੇ ਹਾਸੀ ਅਤੇ ਘ੍ਰਿਣਾ ਦੇ ਯੋਗ ਹੁੰਦੇ ਹਨ।

ਇਸ ਪੁਸਤਕ ਅਥਵਾ ਸਵਾਲ ਪਰ ਜੋ ਪੰਥ ਦੀ ਸੰਮਤੀ ਹੈ, ਏਥੇ ਉਸ ਦਾ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ, ਜਿਸ ਤੋਂ ਸਭ ਨੂੰ ਪ੍ਰਤੀਤ ਹੋ ਜਾਵੇ ਕਿ ਕੌਮ ਦੇ ਮੁਖੀਏ ਪ੍ਰੇਮੀਆਂ ਦੀ ਇਸ ਵਿਸ਼ੇ ਤੇ ਕੀ ਰਾਏ ਹੈ।

---

[1] "ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥" (ਸਲੋਕ ਕਬੀਰ)
"ਵੇਦ ਆਦਿਕਾਂ ਦਾ ਵਿਅਰਥ ਵਾਕ ਤਿਆਗਣਾ, ਸਾਰ ਵਾਲਾ ਵਾਕ ਬਾਲਕ ਦਾ ਭੀ ਮੰਨਣਾ।" (ਰਤਨਮਾਲ)

## ਨੰ: ੧ ਚਿੱਠੀ

## ਹਜ਼ੂਰ ਸਾਹਿਬ (ਅਬਚਲ ਨਗਰ) ਦੀ

"੧ ੴ ਵਾਹਿਗੁਰੂ ਜੀ ਕੀ ਫਤੇ ॥ ਦੋਹਰਾ—ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰੁ ਅਵਤਾਰ ॥ ਜਗਮਗ ਜੋਤਿ ਬਿਰਾਜਈ ਅਬਚਲ ਨਗਰ ਅਪਾਰ ॥ ਸਰਬ ਗੁਣ ਨਿਧਾਨ ਪ੍ਰੇਮੀ ਪਿਆਰੇ ਸਿੰਘ ਸਾਹਿਬ ਕਾਹਨ ਸਿੰਘ ਜੀ ਕੋ, ਹੋਰ ਸਰਬੱਤ ਖਾਲਸੇ ਜੀ ਕੋ ਲਿਖਤਮ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਸੇ ਪੁਜਾਰੀ ਮਾਨ ਸਿੰਘ ਨੇ, ਪੁਜਾਰੀ ਨਰਾਇਣ ਸਿੰਘ ਨੇ ਹੋਰ ਸਰਬੱਤ ਨੇ ਵਾਹਿਗੁਰੂ ਜੀ ਕੀ ਫਤੇ ਬੋਲੀ ਹੈ, ਬੁਲਾਵਣੀ ਜੀ ॥ ਆਪਕੀ ਸੁੱਖ ਸਤਿਗੁਰੂ ਪਾਸੋਂ ਚਾਹਤੇ ਹੈਂ ਜੀ ॥ ਆਪ ਨੇ ਜੋ 'ਹਮ ਹਿੰਦੂ ਨਹੀਂ' ਪੁਸਤਕ ਰਵਾਨਾ ਕੀਆ, ਸੋ ਪਹੁੰਚਾ—ਬੇਸ਼ੱਕ, ਮਹਾਰਾਜ ਦਸਵੇਂ ਬਾਦਸ਼ਾਹ ਜੀ ਨੇ ਖਾਲਸਾ ਪੰਥ ਤੀਸਰਾ, ਹਿੰਦੂ ਮੁਸਲਮਾਨ ਸੇ ਅਲਹਿਦਾ ਰਚ ਕਰ ਜਾਰੀ ਕੀਆ ਹੈ—ਔਰ ਤਮਾਮ ਪੰਥ ਕੋ ਚਾਹੀਏ ਕਿ ਦਸਵੇਂ ਬਾਦਸ਼ਾਹ ਕੇ ਉੱਪਰ ਹੀ ਭਰੋਸਾ ਰੱਖੇ—ਸਿਵਾਇ ਉਨਕੇ ਔਰ ਕਿਸੀ ਕੋ ਮਦਦਗਾਰ ਨਾ ਸਮਝੇ ॥ ਖਾਲਸਾ ਪੰਥ ਸੂਰਜ ਕੇ ਸਮਾਨ ਪ੍ਰਕਾਸ਼ ਹੋ ਰਹਾ ਹੈ, ਕੁਰੀਤੀਏ ਅਗਰ ਸੂਰਜ ਕੇ ਤੇਜ ਕੋ ਰੋਕਨਾ ਚਾਹੇਂ, ਤੋ ਰੋਕ ਨਹੀਂ ਸਕਤੇ, ਵੋਹ ਹਮੇਸ਼ਾ ਪ੍ਰਕਾਸ਼ ਰੂਪ ਹੀ ਰਹੇਗਾ।

ਮਿਤੀ ਚੇਤ ਸੁਦੀ ੭, ਸੰਮਤ ੧੯੫੫

## ਨੰ: ੨, ਹੁਕਮਨਾਮਾ ਤਖਤ ਕੇਸਗੜ੍ਹ ਸਾਹਿਬ ਦਾ

ਮੁਹਰ

"ੴ ਸਤਿਗੁਰ ਪ੍ਰਸਾਦਿ ॥ ਭਾਈ ਕਾਨ੍ਹ ਸਿੰਘ ਜੀ, ਵਾਹਿਗੁਰੂ ਜੀ ਕੀ ਫਤੇ ਹੈ ॥ ਤਖਤ ਕੇਸਗੜ੍ਹ ਸਾਹਿਬ ਕੀ ਰਾਏ ਹੈ ਕਿ ਖਾਲਸਾ ਹਿੰਦੂ ਔਰ ਮੁਸਲਮਾਨੋਂ ਸੇ ਤੀਸਰਾ ਮਜ਼੍ਹਬ ਗੁਰੂ ਸਾਹਿਬ ਨੇ ਬਣਾਇਆ ਹੈ—ਜਿਸ ਕਾ ਪ੍ਰਮਾਣ ਸ੍ਰੀ ਗੁਰੂ ਸਾਹਿਬ ਕੀ ਬਾਣੀ ਸੇ ਔਰ ਗੁਰਬਿਲਾਸ ਪੰਥ ਪ੍ਰਕਾਸ਼ ਆਦਿਕ ਪੁਸਤਕੋਂ ਸੇ ਮਿਲਤਾ ਹੈ। ਤਾਰੀਖ ਬੈਸਾਖ ੬, ਸਾਲ ਨਾਨਕਸ਼ਾਹੀ ੪੩੦ ॥ ਓਅੰਕਾਰ ਕੇ ਸਮੇਤ ਸਤਰਾਂ ਨੌ ਹੈਂ ॥"

## ਨੰ: ੩, ਹੁਕਮਨਾਮਾ ਦਮਦਮੇ ਸਾਹਿਬ ਦਾ

ਮੁਹਰ ਮੁਹਰ

"ੴ ਸਤਿਗੁਰ ਪ੍ਰਸਾਦਿ ॥ ਸ੍ਰੀ ਸਤਿਗੁਰੂ ਜੀ ਕੇ ਪਿਆਰੇ, ਸ੍ਰੀ ਸਤਿਗੁਰੂ ਜੀ ਕੇ ਸਵਾਰੇ, ਸ੍ਰੀ ਸਤਿਗੁਰੂ ਜੀ ਕੇ ਸਾਜੇ ਸ੍ਰੀ ਸਤਿਗੁਰੂ ਜੀ ਕੇ ਨਿਵਾਜੇ। ਪਰਉਪਕਾਰੀ, ਸਨਮੁਖ ਦਰਬਾਰੀ, ਗੁਰੁ ਬਾਣੀ ਕੇ ਹਿਤਕਾਰੀ, ਨਿਰਮਲ ਬੁੱਧ, ਬਚਨ ਕੇ ਸੁੱਧ ਗੁਰੁ ਸਿੰਘੋਂ ਕੇ ਪਿਆਰੇ ਸ੍ਰੀ ਸਰਬ ਉਪਮਾ ਜੋਗ ਸਿੰਘ ਸਾਹਿਬ

ਕਾਨ ਸਿੰਘ ਜੀ ਕੋ ਲਿਖਤੋਂ ਦਰਬਾਰ ਦਮਦਮੇ ਸਾਹਿਬ ਸੇ ਸਰਬ ਮਹੰਤੋਂ ਕੀ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੋਲੀ ਹੈ, ਬੁਲਾਵਣੀ ਜੀ। ਔਰ, 'ਹਮ ਹਿੰਦੂ ਨਹੀਂ' ਪੁਸਤਕ ਖਾਲਸੇ ਕੇ ਦੀਵਾਨ ਮੇਂ ਪੜ੍ਹਿਆ ਗਇਆ—ਔਰ ਸਰਬ ਖਾਲਸੇ ਨੇ ਇਸ ਨੂੰ ਪਸਿੰਦ ਕੀਤਾ। ਏਸ ਪੁਸਤਕ ਤੋਂ ਉਨ੍ਹਾਂ ਨੂੰ ਬਹੁਤ ਲਾਭ ਹੋਵੇਗਾ, ਜੋ ਗੁਰਾਂ ਦੇ ਉਪਦੇਸ਼ਾਂ ਤੋਂ ਭੁੱਲ ਕੇ ਆਪਣੇ ਆਪ ਨੂੰ ਹਿੰਦੂ ਸਮਝਦੇ ਹਨ। ਹਿੰਦੂ ਮੁਸਲਮਾਨ ਤੇ ਨਿਆਰਾ ਪੰਥ ਖਾਲਸਾ ਹੈ—ਸਰਬ ਗੁਰਮਤ ਗ੍ਰੰਥੋਂ ਦਵਾਰਾ ਪ੍ਰਸਿੱਧ ਹੈ। ਬੈਸਾਖ ਦਿਨ ੨੫, ਸਾਲ ਨਾਨਕ ਸ਼ਾਹੀ ੪੩੦ ॥ ਦਸਤਖਤ ਦੀਵਾਨ ਸਿੰਘ ॥ ਚੇਤ ਸਿੰਘ ॥ ਪ੍ਰੇਮ ਸਿੰਘ ॥ ਸੁੰਦਰ ਸਿੰਘ ॥ ਨਰਾਯਣ ਸਿੰਘ ॥ ਜੈ ਸਿੰਘ ॥ ਮਹੰਤ ਉਤਮ ਸਿੰਘ ॥ ਚੰਦਾ ਸਿੰਘ ॥

## ਨੰ: ੪, ਹੁਕਮਨਾਮਾ ਮੁਕਤਸਰ ਜੀ ਦਾ

| | |
|---|---|
| ਮੁਹਰ | ਮੁਹਰ<br>ਗੁਰਦਵਾਰਾ<br>ਤੰਬੂ ਸਾਹਿਬ |

"੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਸਰਬ ਉਪਮਾ ਲਾਇਕ ਭਾਈ ਕਾਨ ਸਿੰਘ ਜੀ ਜੋਗ ਸ੍ਰੀ ਮੁਕਤਸਰ ਸਾਹਿਬ ਗੁਰਦਵਾਰਾ ਬਡਾ ਦਰਬਾਰ ਸਾਹਿਬ ਵ ਤੰਬੂ ਸਾਹਿਬ ਤੋਂ ਸਰਬੱਤ ਖਾਲਸੇ ਜੀ ਕੀ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੋਲੀ ਹੈ, ਬੁਲਾਵਣੀ ਜੀ ॥ ਤਖਤ ਸਾਹਿਬ ਦੀ ਰਾਇ ਹੈ ਕਿ ਗੁਰੂ ਸਾਹਿਬ ਨੇ ਹਿੰਦੂ ਔਰ ਮੁਸਲਮਾਨਾਂ ਤੋਂ ਅਲਗ ਤੀਸਰਾ ਪੰਥ ਖਾਲਸਾ ਸਜਾਇਆ ਹੈ, ਜਿਸ ਦਾ ਪ੍ਰਮਾਣ ਗੁਰੂ ਸਾਹਿਬ ਦੀ ਬਾਣੀ ਔਰ ਗੁਰ ਬਿਲਾਸ ਆਦਿਕ ਪੁਸਤਕਾਂ ਵਿਚ ਬਿਸਥਾਰ ਨਾਲ ਹੈ। ਬੈਸਾਖ ਸੰਗਰਾਂਦੋ ੨੭, ਸਾਲ ਨਾਨਕ ਸ਼ਾਹੀ ੪੩੦ ॥ ਦਸਖਤ ਮੋਹਿਣ ਸਿੰਘ ॥ ਰਣ ਸਿੰਘ ॥ ਹਰਦਿੱਤ ਸਿੰਘ ॥ ਲਹਿਣਾ ਸਿੰਘ ॥ ਦਾਨ ਸਿੰਘ ॥ ਪ੍ਰਦੁਮਨ ਸਿੰਘ ॥ ਮਤਾਬ ਸਿੰਘ ॥ ਜੋਧ ਸਿੰਘ ॥ ਭਾਈ ਭਗਤ ਸਿੰਘ ॥ ਭਾਈ ਗੁਰਬਖਸ਼ ਸਿੰਘ ॥"

## ਨੰ: ੫, ਚਿੱਠੀ ਚੀਫ ਸਕੱਤ੍ਰ ਖਾਲਸਾ ਦੀਵਾਨ ਲਾਹੌਰ ਦੀ

"ਨੰਬਰ ੧੧੫, ਤਾਰੀਖ ੪ ਮਈ, ਸੰਨ ੧੮੯੯

੧ ਓ ਸ੍ਰੀ ਯੁਤ ਭਾਈ ਕਾਹਨ ਸਿੰਘ ਜੀ, ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਆਪ ਦੀ ਪਤ੍ਰਕਾ—ਹਮ ਹਿੰਦੂ ਨਹੀਂ—ਪੁਸਤਕ ਸਹਿਤ ਪਹੁੰਚੀ ਅਤੇ ਦੀਵਾਨ ਦੀ ਕਮੇਟੀ ਵਿਚ ਪੇਸ਼ ਕੀਤੀ ਗਈ ਅਤੇ ਆਪ ਦਾ ਪੁਸਤਕ ਪੜ੍ਹਿਆ ਗਇਆ। ਆਪ ਏਹ ਦਰਿਆਫਤ ਕਰਤੇ ਹੋ ਕਿ ਖਾਲਸਾ ਦੀਵਾਨ ਦੀ ਰਾਏ ਵਿਚ ਇਸ ਗ੍ਰੰਥ ਵਿਚ ਕੋਈ ਬਾਤ ਖਾਲਸਾ ਧਰਮ ਵਿਰੁਧ ਤਾਂ ਨਹੀਂ ਲਿਖੀ ਗਈ? ਜਿਸ ਦੇ ਉੱਤਰ ਵਿਚ ਮੈਨੂੰ ਉਕਤ ਕਮੇਟੀ ਵਲੋਂ ਏਹ ਹਦਾਇਤ ਹੋਈ ਹੈ ਕਿ ਮੈਂ ਆਪ ਨੂੰ ਇਤਲਾਹ ਦਿਆਂ ਕਿ ਕਮੇਟੀ ਦੀ ਰਾਏ ਵਿਚ ਇਸ ਗ੍ਰੰਥ ਵਿਚ ਕੋਈ ਲੇਖ ਖਾਲਸਾ ਧਰਮ ਵਿਰੁੱਧ ਨਹੀਂ, ਕਿੰਤੂ ਸਭ ਲੇਖ ਖਾਲਸਾ ਧਰਮ ਅਨੁਕੂਲ ਹੈਨ। ਕਮੇਟੀ ਨੇ ਇਸ ਗ੍ਰੰਥ ਨੂੰ ਬਹੁਤ ਵਿਚਾਰ ਨਾਲ ਦੇਖਿਆ ਹੈ, ਇਸ ਗ੍ਰੰਥ ਵਿਚ ਏਹ ਉਤਮਤਾ ਦੇਖੀ ਗਈ ਹੈ ਕਿ ਬਾਤ ਬਾਤ ਪਰ ਸ੍ਰੀ ਮੁਖਵਾਕ ਪ੍ਰਮਾਣ ਦਿਖਾਏ ਗਏ ਹਨ। ਖਾਲਸਾ ਪੰਥ ਕੇ ਰਚਨੇ ਕਾ ਜੋ ਮੁੱਖ ਸਿਧਾਂਤ ਗੁਰੂ ਸਾਹਿਬਾਨ ਕਾ ਥਾ ਕਿ ਖਾਲਸਾ ਧਰਮ ਅਰ ਖਾਲਸਾ ਪੰਥ ਸਭ ਧਰਮੋਂ ਅਰ ਪੰਥੋਂ ਸੇ ਭਿੰਨ ਹੈ ਅਰ ਸਰੇਸ਼ਟ ਹੈ—ਸੋ ਭਲੀ ਪ੍ਰਕਾਰ ਉਤਮ ਰੀਤੀ ਸੇ ਆਪ ਨੇ ਖੋਲ੍ਹ ਕਰ ਲਿਖ ਦੀਆ ਹੈ।

ਆਪ ਦਾ ਸ਼ੁਭ-ਚਿੰਤਕ,

ਨਿੱਕਾ ਸਿੰਘ, ਜਾਇੰਟ ਚੀਫ ਸਕੱਤ੍ਰ, ਖਾਲਸਾ ਦੀਵਾਨ ॥"

ਨੰ: ੬, ਗੁਰਪੁਰ ਨਿਵਾਸੀ ਮਹਾਰਾਜਾ ਸਾਹਿਬ ਨਾਭਾ ਨੇ ਸ੍ਰੀ ਅੰਮ੍ਰਿਤਸਰ ਜੀ ਦੇ ਖਾਲਸੇ ਦੀ ਇਕ ਰਸਾਲੇ ਪਰ ਸੰਮਤੀ ਮੰਗੀ, ਜਿਸ ਪਰ ਸਭ ਸ਼ਿਰੋਮਣੀ ਸਿੰਘਾਂ ਨੇ ੧੬ ਵਿਸਾਖ, ਸਾਲ ੧੯੫੬ ਬਿ: ਨੂੰ ਅੱਗੇ ਲਿਖਿਆ ਲੇਖ ਮਹਾਰਾਜੇ ਦੇ ਪੇਸ਼ ਕੀਤਾ :

"੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਖਾਲਸਾ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਅਸੀਂ ਅਕਾਲ ਪੁਰਖ ਪਰਮੇਸ੍ਵਰ ਦਾ ਮਨੋਂ ਤਨੋਂ ਧੰਨਵਾਦ ਕਰਦੇ ਹਾਂ, ਜਿਸ ਨੇ ਆਪਣੀ ਪਰਮ ਕ੍ਰਿਪਾਲਤਾ ਨਾਲ ਸਾਨੂੰ ਮਨੁੱਖ ਜਨਮ ਅਰ ਆਪਣਾ ਨਿਜ ਧਰਮ, "ਖਾਲਸਾ ਧਰਮ" ਅਰ ਤੀਰਥ-ਰਾਜ ਪਰਮ ਪਵਿੱਤ੍ਰ ਨਗਰ ਸ੍ਰੀ ਅੰਮ੍ਰਿਤਸਰ ਜੀ ਵਿਚ ਨਿਵਾਸ ਦਿਤਾ, ਪੁਨ: ਅਸੀਂ ਉਸ ਦੀ ਹੋਰ ਭੀ ਕ੍ਰਿਪਾਲਤਾ ਏਹ ਸਮਝਦੇ ਹਾਂ ਜੋ ਉਸ ਨੇ ਸਾਨੂੰ ਨਿਆਏਕਾਰੀ ਨਿਰਪੱਖ ਸਰਕਾਰ ਕੇ ਰਾਜ ਮੇਂ ਜੀਵਨ ਦਿਤਾ ਜਿਸ ਕਰਕੇ ਅਸੀਂ ਸਵਤੰਤਰ ਸਵੈ-ਧਰਮ ਦੀ ਚਰਚਾ ਕਰ ਸਕਦੇ ਹਾਂ ਅਰ ਪੰਥ ਮੇਂ ਸਰਬ ਪ੍ਰਕਾਰ ਕਰਕੇ ਪ੍ਰਧਾਨ, ਸਭ ਕੇ ਮਾਨਯ, ਅਤਿ ਵਿਦਵਾਨ, ਧਰਮ ਕਾਰਜਾਂ ਮੇਂ ਜਿਨ੍ਹਾਂ ਦਾ ਧਿਆਨ, ਬਡ ਕਦਰ ਦਾਨ, ਕ੍ਰਿਤਗਯ, ਗੁਣਗਯ, ਗੁਣ ਗ੍ਰਾਹਕ, ਨਿਰਪੱਖ ਅਰ ਨਿਆਏਕਾਰੀ, ਨਿਜ ਇਸ਼ਟ ਮੇਂ ਨੇਸ਼ਠਾਵਾਨ, ਗੁਰੂ ਭਗਤਿ ਮੇਂ ਅਨੁਰਕਤ ਆਪ ਜੈਸੇ ਮਹਾਰਾਜੇ ਦਿਤੇ। ਅਸੀਂ ਖੁਸ਼ਾਮਦ ਕਰਕੇ ਨਹੀਂ, ਸੱਚ ਸੱਚ ਕਹਿੰਦੇ ਹਾਂ ਕਿ ਜੋ ਪੰਥ ਹਿਤੈਸ਼ੀ ਵਿਦਵਾਨ ਗੁਰਮੁਖ ਸਿੱਖ ਹਨ, ਸੋ ਹਜ਼ੂਰ ਦਾ ਸਿਰ ਪਰ ਹੋਣਾ ਗਨੀਮਤ ਸਮਝਦੇ ਹਨ, ਕਿਉਂਕਿ ਜਦ ਤੋੜੀ ਪੁਰਸ਼ ਦੇ ਸਿਰ ਪਰ ਕੁਲ ਕਾ, ਰਾਜਾ ਕਾ, ਗੁਰੂ ਕਾ ਅਤੇ ਪਰਮੇਸ਼ਵਰ ਕਾ ਭੈ ਰਹਿੰਦਾ ਹੈ, ਤਦ ਤੋੜੀ ਹੀ ਉਹ ਮਰਯਾਦਾ ਮੇਂ ਚਲਦਾ ਹੈ, ਜੋ ਸਰਬਥਾ ਸੁਖਦਾਇਕ ਹੁੰਦੀ ਹੈ।

ਸ੍ਰੀ ਮਹਾਰਾਜਾ ਨੇ ਸ੍ਰੀ ਮੁਖ ਤੇ ਆਗਿਆ ਕੀਤੀ ਕਿ "ਹਮ ਹਿੰਦੂ ਨਹੀਂ" ਨਾਮੇ ਪੁਸਤਕ ਪਰ ਅਸੀਂ ਲੋਕ ਰਾਇ ਦੇਈਏ, ਇਸ ਦੇ ਉੱਤਰ ਵਾਸਤੇ ਕਦਾਚਿਤ ਕੁਛ ਸਮਾਂ ਮਿਲ ਜਾਂਦਾ ਤਾਂ ਇਕ ਸੁੰਦਰ ਪੁਸਤਕ ਤਿਆਰ ਹੋ ਸਕਦਾ, ਸ਼ੀਘਰਤਾ ਨਾਲ ਉੱਤਰ ਦੇਣੇ ਮੇਂ ਅਵਸ਼ਯ ਕੁਛ ਨਾ ਕੁਛ ਕਠਿਨਾਈ ਪੈਂਦੀ ਹੈ, ਅਰ ਧਰਮ ਚਰਚਾ ਦੇ ਪ੍ਰਸ਼ਨਾਂ ਦੇ ਉੱਤਰ ਪੱਖਪਾਤ ਤੇ ਰਹਿਤ, ਯਥਾਵਤ ਹੋਣੇ ਉਚਿਤ ਹਨ, ਇਸ ਕਾਰਨ ਅਸੀਂ ਏਹ ਚੰਗਾ ਸਮਝਦੇ ਹਾਂ, ਜੋ ਪਰਜਾ ਦਾ ਧਰਮ ਹੈ ਕਿ ਰਾਜਾ ਦੇ ਸਨਮੁਖ ਸੱਚ ਸੱਚ ਕਹਿ ਦੇਵੇ ਅਰ ਸੱਚੀਆਂ ਸੱਚੀਆਂ ਗਵਾਹੀਆਂ ਪੇਸ਼ ਕਰੇ, ਅਰ ਨਿਆਏ ਕਰਨਾ ਰਾਜਾ ਦਾ ਧਰਮ ਹੁੰਦਾ ਹੈ, ਸੋ ਰਾਜਾ ਉਨ੍ਹਾਂ ਵਾਦੀ ਪ੍ਰਤਿਵਾਦੀ, ਅਰਥਾਤ ਮੁਦੱਈ ਮੁੱਦਾਲਾ ਅਰ ਗਵਾਹਾਂ ਦੇ ਕਥਨ ਪਰ ਵਿਚਾਰ ਕਰਕੇ ਫੈਸਲਾ ਕਰ ਦਿੰਦਾ ਹੈ। ਅਸੀਂ ਆਪਣੀ ਬੁਧੀ ਅਨੁਸਾਰ ਬਾਣੀਆਂ ਦੇ ਪ੍ਰਮਾਣ ਸ੍ਰੀ ਮਹਾਰਾਜ ਦੀ ਭੇਟ ਕਰਦੇ ਹਾਂ ਜਿਨ੍ਹਾਂ ਨਾਲ ਬਿਨਾਂ ਪੱਖਪਾਤ ਦੇ ਸਿੱਧ ਹੁੰਦਾ ਹੈ ਕਿ ਖਾਲਸਾ ਪੰਥ ਹਿੰਦੂ ਮੁਸਲਮਾਨ ਸੇ ਭਿੰਨ, ਤੀਸਰਾ ਹੈ, ਹੁਣ ਫੈਸਲਾ ਮਹਾਰਾਜ ਆਪ ਕਰਕੇ ਹੁਕਮ ਸੁਣਾ ਦੇਣ।

## ਪ੍ਰਮਾਣ ਇਹ ਹੈਨ

(ੳ) ਨਾ ਹਮ ਹਿੰਦੂ, ਨ ਮੁਸਲਮਾਨ ॥ (ਭੈਰਉ ਕਬੀਰ ਜੀ)

(ਅ) ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥
(ਵਾਰ ਬਿਹਾਗੜਾ, ਮ: ੩ ਵਿਚੋਂ ਮ: ੧ ਦੇ ਸਲੋਕ ਵਿਚੋਂ)

(ੲ) ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥ (ਭੈਰਉ, ਕਬੀਰ ਜੀ)

(ਸ) ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥
(ਗੋਂਡ, ਨਾਮਦੇਵ ਜੀ)

(ਹ) ਅਲਹੁ ਏਕੁ ਮਸੀਤਿ ਬਸਤੁ ਹੈ,
ਅਵਰੁ ਮੁਲਖੁ ਕਿਸੁ ਕੇਰਾ ॥
ਹਿੰਦੂ ਮੂਰਤਿ ਨਾਮੁ ਨਿਵਾਸੀ,
ਦੁਹੁ ਮਹਿ ਤਤੁ ਨ ਹੇਰਾ ॥ (ਪ੍ਰਭਾਤੀ, ਕਬੀਰ ਜੀ)

(ਕ) ਕਬੀਰ, ਬਾਮਨੁ ਗੁਰੂ ਹੈ ਜਗਤ ਕਾ,
ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ,
ਚਾਰਉ ਬੇਦਹੁ ਮਾਹਿ ॥ (ਸਲੋਕ, ਕਬੀਰ ਜੀ)

(ਖ) ਚਾਰਿ ਵਰਨ ਚਾਰਿ ਮਜਹਬਾ,
ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕਬਰੀ,
ਖਿੰਚੋਤਾਨ ਕਰੇਨਿ ਧਿਙਾਣੇ ॥
ਗੰਗ ਬਨਾਰਸ ਹਿੰਦੂਆਂ,
ਮੱਕਾ ਕਾਬਾ ਮੁਸਲਮਾਣੇ ॥

ਸੁੰਨਤਿ ਮੁਸਲਮਾਣ ਦੀ,
ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਂਇਦੇ,
ਇਕ ਨਾਮੁ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇਕੈ,
ਮੋਹੇ ਲਾਲਚ ਦੁਨੀ ਸ਼ੈਤਾਣੇ ॥
ਸੱਚ ਕਿਨਾਰੇ ਰਹਿ ਗਇਆ,
ਖਹਿ ਮਰਦੇ ਬ੍ਹਾਹਮਣ ਮਉਲਾਣੇ ॥
ਸਿਰੋਂ ਨ ਮਿਟੇ ਆਵਣ ਜਾਣੇ ॥
(ਭਾਈ ਗੁਰਦਾਸ ਜੀ, ਵਾਰ ੧)

(ਗ) ਪੁਛਨਿ ਫੋਲਿ ਕਿਤਾਬ ਨੋ,
"ਹਿੰਦੂ ਵਡਾ ਕਿ ਮੁਸਲਮਾਨੋਈ ?"
ਬਾਬਾ ਆਖੇ ਹਾਜੀਆਂ, "ਸੁਭ ਅਮਲਾਂ ਬਾਝੋਂ ਦੋਨੋਂ ਰੋਈ ॥
ਹਿੰਦੂ ਮੁਸਲਮਾਨ ਦੁਇ, ਦਰਗਹ ਅੰਦਰਿ ਲਹਨਿ ਨ ਢੋਈ" ॥
(ਭਾਈ ਗੁਰਦਾਸ ਜੀ, ਵਾਰ ੧)

(ਘ) ਰੋਜ਼ੇ ਜੁਮਆ ਮੋਮਨਾਨਿ ਪਾਕ ਬਾਜ਼ ।
ਗਿਰਦ ਮੇਂ ਆਯੰਦ ਅਜ਼ ਬਹਿਰਿ ਨਿਮਾਜ਼ ।
ਹਮ ਚੁਨਾਂ ਦਰ ਮਜ਼ਹਬਿ ਈਂ ਸਾਧ ਸੰਗ ।
ਕਜ਼ ਮੁਹੱਬਤ ਬਾ ਖੁਦਾ ਦਾਰੰਦ ਰੰਗ ।
ਗਿਰਦ ਮੇਂ ਆਯੰਦ ਦਰ ਮਾਹੇ ਦੋ ਬਾਰ ।
ਬਹਿਰੇ ਜ਼ਿਕਰੇ ਖਾਸ਼ਾਇ ਪਰਵਰਦਗਾਰ ।
(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ ਦਾ)

(ਙ) ਮਹਾਦੇਵ ਅਚੁੱਤ ਕਹਾਯੋ ॥
ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭੁ ਕੋ ਪ੍ਰਭੂ ਨ ਕਿਨਹੂੰ ਜਾਨਾ ॥ ੮ ॥
ਤਬ ਜੇ ਜੇ ਰਿਖਰਾਜ ਬਨਾਏ ॥
ਤਿਨ ਆਪਨ ਪੁਨ ਸਿਮ੍ਰਿਤ ਚਲਾਏ ॥ ੧੭ ॥

ਜਿਨ ਮਨ ਹਰਿ ਚਰਨਨ ਠਹਿਰਾਯੋ ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥ ੧੮ ॥
ਬ੍ਰਹਮਾ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥
ਤੇ ਬੇਦਨ ਤੇ ਭਏ ਤਿਆਗੀ ॥ ੧੯ ॥
[1]ਮਹਾਦੀਨ ਤਬ ਪ੍ਰਭ ਉਪਰਾਜਾ ॥
ਅਰਬ ਦੇਸ ਕੋ ਕੀਨੋ ਰਾਜਾ ॥ ੨੬ ॥
ਤਿਨ ਭੀ ਏਕੁ ਪੰਥ ਉਪਰਾਜਾ ॥
[2]ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ [3]ਨਾਮੁ ਜਪਾਯੋ ॥
ਸਤਿਨਾਮੁ ਕਾਹੂੰ ਨ ਦ੍ਰਿੜਾਯੋ ॥ ੨੭ ॥
ਮੈਂ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ [4]ਪ੍ਰਚੁਰ ਕਰਬੇ ਕੋ ਸਾਜਾ ॥
ਜਾਂਹਿ ਤਹਾਂ ਤੈ ਧਰਮ ਚਲਾਇ ॥
ਕੁਬੁਧਿ ਕਰਨ ਤੇ ਲੋਕ ਹਟਾਇ ॥ ੨੯ ॥
ਕਹਓ ਪ੍ਰਭੂ ਸੁ ਭਾਖਿਹੌਂ ॥ ਕਿਸੂ ਨ ਕਾਨ ਰਾਖਿਹੌਂ ॥...੩੪॥
ਪਖਾਣ ਪੂਜਹੌਂ ਨਹੀ ॥ ਨ ਭੇਖ ਭੀਜਹੌਂ ਕਹੀ ॥...॥੩੫॥
ਜਟਾ ਨ ਸੀਸ ਧਾਰਿਹੌਂ ॥ ਨ ਮੁੰਦ੍ਰਕਾ ਸਧਾਰਿਹੌਂ ॥
ਨ ਕਾਨ ਕਾਹੂ ਕੀ ਧਰੋ ॥ ਕਹਿਓ ਪ੍ਰਭੂ ਸੋ ਮੈ ਕਰੋ ॥੩੬॥
ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥ ੪੨ ॥
ਜੇ ਜੇ ਭਏ ਪਹਿਲ ਅਵਤਾਰਾ ॥
ਆਪੁ ਆਪੁ ਤਿਨ ਜਾਪੁ ਉਚਾਰਾ ॥ ੪੪ ॥

(ਬਚਿਤ੍ਰ ਨਾਟਕ ਅਧਿ: ੬)

(ਚ) ਇਕ ਤਸਬੀ ਇਕ ਮਾਲਾ ਧਰਹੀਂ ॥
ਏਕ ਪੁਰਾਨ ਕੁਰਾਨ ਉਚਰਹੀਂ ॥
ਏ ਦੋਊ ਮੋਹ ਬਾਦ ਮੋ ਪਚੇ ॥
ਇਨ ਨੇ ਨਾਥ ਨਿਰਾਲੇ ਬਚੇ ॥ (ਬਚਿਤ੍ਰ ਨਾਟਕ)

---

[1]ਮੁਹੰਮਦ । [2]ਸੁੰਨਤ । [3]ਮੁਹੰਮਦ ਰਸੂਲ ਅੱਲਾ । [4]ਖਾਲਸਾ ਪੰਥ ।

(ਛ) ਵਾਹਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ,
ਵਾਹਗੁਰੂ ਜੀ ਕੀ ਮਿਲ ਫਤੇ ਸੋ ਬੁਲਾਈ ਹੈ।
ਪੀਰ ਪਾਤਸ਼ਾਹ ਕਰਾਮਾਤੀ ਜੋ ਅਪਰ ਪੰਥ,
ਹਿੰਦੂ ਕੈ ਤੁਰਕ ਹੂੰ ਕੀ ਕਾਣ ਕੋ ਮਿਟਾਈ ਹੈ।
ਤੀਸਰਾ ਮਜ਼ਬ ਜਗ ਦੇਖਕੇ ਅਜਬ ਮਹਾਂ,
ਬੈਰੀ ਕੋ ਗਜ਼ਬ ਪਰਯੋ ਛੀਨੈ ਠਕੁਰਾਈ ਹੈ।
ਧਰਮ ਸਥਾਪਬੇ ਕੋ, ਪਾਪ ਕੇ ਖਾਰਬੇ ਕੋ,
ਗੁਰੂ ਜਪੁ ਜਾਪਬੇ ਕੋ ਨਈ ਰੀਤਿ ਯੌਂ ਚਲਾਈ ਹੈ।
(ਗੁਰੂ ਪ੍ਰਤਾਪ ਸੂਰਯ, ਰੁਤ ੩, ਅਧਿਆਏ ੧੯)

(ਜ) ਮੈ ਨ ਗਨੇਸਹਿ ਪ੍ਰਥਮ ਮਨਾਊਂ।
ਕਿਸਨ ਬਿਸਨ ਕਬਹੂੰ ਨ ਧਿਆਊਂ।
ਕਾਨ ਸੁਨੇ ਪਹਿਚਾਨ ਨ ਤਿਨ ਸੋਂ।
ਲਿਵ ਲਾਗੀ ਮੋਰੀ ਪਗ ਇਨ ਸੋਂ।
ਮਹਾਂ ਕਾਲ ਰਖਵਾਰ ਹਮਾਰੋ।
ਮਹਾਂ ਲੋਹ! ਮੈਂ ਕਿੰਕਰ ਥਾਰੋ।
ਪਾਤਸ਼ਾਹੀ ੧੦ (ਕ੍ਰਿਸ਼ਨਾਵਤਾਰ ਵਿਚੋਂ)

(ਝ) ਲੋਗ ਬੇਦ ਗਜਾਨ ਉਪਦੇਸ਼ ਹੈ ਪਤਿਬ੍ਰਤਾ ਕੋਂ,
ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ।
ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ,
ਤੀਰਥ ਬਰਤ ਪੂਜਾ ਨੇਮ ਨ ਤਕਾਰ ਹੈ।
ਹੋਮ ਜੱਗ ਭੋਗ ਨਈਵੇਦ ਨਹੀ ਦੇਵੀ ਦੇਵ,
ਰਾਗ ਨਾਦ ਬਾਦ ਨ ਸੰਬਾਦ ਆਨ ਦ੍ਵਾਰ ਹੈ।
ਤੈਸੇ ਗੁਰੂ ਸਿੱਖਨੇ ਮੈ ਏਕ ਟੇਕ ਹੀ ਪ੍ਰਧਾਨ,
ਆਨ ਗਜਾਨ ਧਜਾਨ ਸਿਮਰਨ ਬਿਭਚਾਰ ਹੈ।
(ਕਬਿੱਤ ੪੮ ਚੋਂ ਭਾਈ ਗੁਰਦਾਸ ਜੀ ਦੇ)

(ਞ) ਪਾਂਹਿ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ,
ਅਨੇਕ ਕਹੈਂ ਮਤ ਏਕ ਨ ਮਾਨਯੋ।

ਸਿਮ੍ਰਤ ਸਾਸਤ੍ਰ ਬੇਦ ਸਭੈ,
ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ।
ਸ੍ਰੀ ਅਸਿਪਾਨਿ, ਕ੍ਰਿਪਾ ਤੁਮਰੀ ਕਰ,
ਮੈ ਨ ਕਹਯੋ ਸਭ ਤੋਹਿ ਬਖਾਨਯੋ ।
(ਰਾਮਾਵਤਾਰ, ਪਾਤਸ਼ਾਹੀ ੧੦)

## (ਟ) ਅੰਨਯ ਮਤ ਤੇ ਗੁਰਮਤਿ ਦਾ ਨਿਰਣਾ

(੧) ਮੰਤ੍ਰ—ਹਿੰਦੂਆਂ ਦਾ ਗਾਯਤ੍ਰੀ, ਮੁਸਲਮਾਨਾਂ ਦਾ ਕਲਮਾ, ਸਿੱਖਾਂ ਦਾ ਜਪੁਜੀ ਵਾ ਪਹਿਲੀ ਪੌੜੀ ।

(੨) ਮੰਗਲਾਚਰਨ ਹਿੰਦੂਆਂ ਦਾ ਓਅੰ ਸ੍ਰੀ ਗਣੇਸ਼ਾਯ ਨਮਹ ਆਦਿਕ, ਮੁਸਲਮਾਨਾਂ ਦਾ ਬਿਸਮਿੱਲਾ ਆਦਿ, ਸਿੱਖਾਂ ਦਾ

੧ ਓ ਸਤਿਗੁਰ ਪ੍ਰਸਾਦਿ ॥

(੩) ਮੁਲਾਕਾਤ ਵੇਲੇ ਹਿੰਦੂ ਰਾਮ ਰਾਮ ਨਮਸਤੇ ਆਦਿਕ, ਮੁਸਲਮਾਨ ਸਲਾਮ, ਔਰ ਸਿੱਖ ਵਾਹਿਗੁਰੂ ਜੀ ਕੀ ਫਤਹ ਕਹਿੰਦੇ ਹਨ ।

(੪) ਧਰਮ ਦੇ ਪੁਸਤਕ ਹਿੰਦੂਆਂ ਦੇ ਵੇਦ, ਮੁਸਲਮਾਨਾਂ ਦਾ ਕੁਰਾਨ, ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ।

(੫) ਤੀਰਥ ਹਿੰਦੂਆਂ ਦੇ ਗੰਗਾ, ਗਯਾ, ਪ੍ਰਯਾਗ ਆਦਿਕ, ਮੁਸਲਮਾਨਾਂ ਦੇ ਮੱਕਾ, ਮਦੀਨਾ, ਸਿੱਖਾਂ ਦੇ ਸ੍ਰੀ ਅੰਮ੍ਰਿਤਸਰ, ਅਬਚਲ ਨਗਰ ਆਦਿਕ, ਔਰ ਸਭ ਤੋਂ ਮੁੱਖ ਵਾਹਿਗੁਰੂ ਦਾ ਨਾਮ ।

(੬) ਮੰਦਰ ਹਿੰਦੂਆਂ ਦੇ ਠਾਕਰਦਵਾਰੇ ਸ਼ਿਵਾਲੇ ਆਦੀ, ਮੁਸਲਮਾਨਾਂ ਦੀ ਮਸਜਿਦ, ਸਿੱਖਾਂ ਦੇ ਗੁਰਦਵਾਰੇ ਧਰਮਸਾਲਾਂ ।

(੭) ਪੂਜਨ ਦੀ ਦਿਸ਼ਾ ਹਿੰਦੂਆਂ ਦੀ ਪੂਰਬ, ਮੁਸਲਮਾਨਾਂ ਦੀ ਪਸਚਮ, ਸਿੱਖਾਂ ਵਾਸਤੇ ਚਾਰੋਂ ਦਿਸ਼ਾਂ ਇਕਸਾਰ ।

(੮) ਸਨਾਨ ਦਾ ਵੇਲਾ ਹਿੰਦੂਆਂ ਦਾ ਸੂਰਯ ਚੜ੍ਹਨ ਵੇਲੇ, ਮੁਸਲਮਾਨਾਂ ਦਾ ਵਜ਼ੂ ਨਿਮਾਜ਼ ਤੋਂ ਪਹਿਲਾਂ, ਸਿੱਖਾਂ ਦਾ ਸਨਾਨ ਅੰਮ੍ਰਿਤ ਵੇਲੇ ।

(੯) ਸੰਧਯਾ ਹਿੰਦੂਆਂ ਦੀ ਗਾਯਤ੍ਰੀ ਪੜ੍ਹ ਕੇ ਅਤੇ ਤਰਪਨ ਕਰ ਕੇ,

ਮੁਸਲਮਾਨਾਂ ਦੀ ਨਿਮਾਜ਼ ਪੜ੍ਹ ਕੇ, ਸਿੱਖਾਂ ਦੀ ਜਪ, ਜਾਪ, ਰਹਿਰਾਸ ਔਰ ਸੋਹਿਲਾ ਪੜ੍ਹ ਕੇ।

(੧੦) ਸੰਸਕਾਰ—ਹਿੰਦੂਆਂ ਦੇ ਜਨੇਊ ਮੁੰਡਨ ਆਦਿਕ, ਮੁਸਲਮਾਨਾਂ ਦੇ ਸੁੰਨਤ ਆਦਿ, ਸਿੱਖਾਂ ਦੇ ਅੰਮ੍ਰਿਤ ਛਕਣਾ ਆਦਿ।

(੧੧) ਚਿੰਨ੍ਹ—ਹਿੰਦੂਆਂ ਦਾ ਸਿਖਾ, ਤਿਲਕ, ਮਾਲਾ, ਜਨੇਊ, ਧੋਤੀ, ਮੁਸਲਮਾਨਾਂ ਦਾ ਸ਼ਰਈ ਮੁੱਛਾਂ, ਤੰਬਾ ਆਦੀ, ਸਿੱਖਾਂ ਦਾ ਕੇਸ, ਕ੍ਰਿਪਾਨ, ਕੱਛ ਆਦਿਕ।

(੧੨) ਪੂਜਯ—ਹਿੰਦੂਆ ਦੇ ਬ੍ਰਾਹਮਣ ਸੰਨਿਆਸੀ, ਮੁਸਲਮਾਨਾਂ ਦੇ ਸਈਯਦ ਮੌਲਵੀ, ਸਿੱਖਾਂ ਦੇ ਗੁਰੂ ਖਾਲਸਾ।

(੧੩) ਵੱਡੇ ਦਿਨ—ਹਿੰਦੂਆਂ ਦੇ ਜਨਮ ਅਸ਼ਟਮੀ, ਰਾਮਨੌਮੀ ਆਦਿਕ, ਮੁਸਲਮਾਨਾਂ ਦੇ ਈਦ ਬਕਰੀਦ ਆਦਿਕ, ਸਿੱਖਾਂ ਦੇ ਗੁਰਪੁਰਬ।

(੧੪) ਭੇਟਾ ਪ੍ਰਸ਼ਾਦਿ—ਹਿੰਦੂਆਂ ਦੇ ਚੂਰਮਾ, ਲੱਡੂ, ਫਲ ਆਦਿਕ,ਮੁਸਲਮਾਨਾਂ ਦੇ ਦੁੰਬੇ ਬੱਕਰੇ ਆਦਿਕ ਦੀ ਕੁਰਬਾਨੀ, ਸਿੱਖਾਂ ਦੇ ਕੜਾਹ ਪ੍ਰਸ਼ਾਦਿ।

ਲੇਖਕ, ਸਤਿਗੁਰਾਂ ਦਾ ਦਾਸ :
'ਸ੍ਰੀ ਅੰਮ੍ਰਿਤਸਰ ਜੀ ਦਾ ਖਾਲਸਾ'
(ਦਸਤਖਤ ਸਭ ਮੁਖੀਏ ਸਿੰਘਾਂ ਦੇ)

ਪੰਥ ਭੂਸ਼ਣ ਪ੍ਰਤਿਸ਼ਠਿਤ ਗੁਣੀ ਗਿਆਨੀ ਸੰਤ ਮਹੰਤ ਆਦਿਕਾਂ ਦੀਆਂ ਹੋਰ ਅਨੇਕਾਂ ਚਿੱਠੀਆਂ ਇਸ ਪੁਸਤਕ ਦੀ ਤਾਈਦ ਵਿਚ ਜੋ ਮੇਰੇ ਪਾਸ ਆਈਆਂ ਹੈਨ, ਉਹਨਾਂ ਦਾ ਇਸ ਜਗ੍ਹਾ ਲਿਖਣਾ ਪੁਸਤਕ ਦਾ ਵਿਸਥਾਰ ਕਰਨਾ ਹੈ, ਔਰ ਨਾ ਕੁਛ ਲੋੜ ਜਾਪਦੀ ਹੈ, ਕਿਉਂਕਿ ਏਹ ਪੁਸਤਕ ਉਹਨਾਂ ਨਿਯਮਾਂ ਨੂੰ ਲੈ ਕੇ ਲਿਖਿਆ ਗਿਆ ਹੈ, ਜੋ ਸਿਖ ਧਰਮ ਦੀ ਨੀਉਂ ਹੈਨ, ਔਰ ਜਿਨ੍ਹਾਂ ਦੇ ਮੰਨਣੋਂ, ਕਿਸੇ ਸਿਖ ਨੂੰ ਭੀ ਇਨਕਾਰ ਨਹੀਂ ਹੋ ਸਕਦਾ, ਔਰ ਇਸ ਬਾਤ ਨੂੰ ਕਲਗੀਧਰ ਦੇ ਸਪੁਤ੍ਰ ਨਿਰਸੰਦੇਹ ਜਾਣਦੇ ਹਨ ਕਿ :

**'ਅਸੀਂ ਹਿੰਦੂ ਨਹੀਂ'**

੧ ਵੈਸਾਖ
ਸਾਲ ਨਾ: ੪੪੭

ਪੰਥ ਦਾ ਸੇਵਕ :
ਕਾਨ੍ਹ ਸਿੰਘ

ੴ ਸਤਿਗੁਰ ਪ੍ਰਸਾਦਿ ॥

### ਦੋਹਰਾ

ਸ੍ਰੀ ਗੁਰੁ ਗੋਬਿੰਦ ਸਿੰਘ ਕੇ ਚਰਨ ਕਮਲ ਸਿਰ ਨਾਇ।
ਗੁਰੁ ਸਿੱਖਨ ਕੇ ਹੇਤ ਯਹਿ ਪੁਸ਼ਤਕ ਲਿਖੋਂ ਬਨਾਇ।

### ਕਬਿੱਤ

ਮਾਨੈ ਨਾਹਿੰ ਵੇਦ ਭੇਦ ਸਿਮ੍ਰਿਤ ਪੁਰਾਨਨ ਕੇ,
ਪੂਜਤ ਨ ਭੈਰੋਂ ਭੂਤ ਗਿਰਿਜਾ [1]ਗਣਿੰਦੂ ਹੈ।
ਤਿਥਿ, ਵਾਰ, ਸ਼ਕੁਨ, ਮੁਹੂਰਤ ਨ ਜਾਨੈ ਕਛੁ,
ਰਾਹੁ, ਕੇਤੁ, ਸ਼ਨੀ, ਸ਼ੁਕ੍ਰ, ਚੰਦ੍ਰਮਾਂ, [2]ਦਿਨਿੰਦੂ ਹੈ।
ਜਾਤਿ ਪਾਤਿ, ਮੰਤ੍ਰ, ਤੰਤ੍ਰ, ਬ੍ਰਤ, ਸ਼੍ਰਾਧ, ਹੋਮ,
ਸੰਧਯਾ ਸੂਤਕਾਦਿ ਕੋ ਵਿਸਵਾਸੀ ਨਹਿੰ [3]ਬਿੰਦੂ ਹੈ।
ਦਸਮੇਸ਼ ਕੋ ਸਪੂਤ ਖਾਲਿਸਾ ਹੈ ਭਿੰਨ [4]ਪੰਥ,
ਮਹਾ ਹੈ ਅਗਯਾਨੀ, ਜੋਊ ਯਾਂਕੋ ਕਹੈ–'ਹਿੰਦੂ ਹੈ'।

### ਕਬਿੱਤ

ਮਾਨਤ ਹੈ ਏਕ ਕੋ ਅਨਾਦੀ ਔ ਅਨੰਤ ਨਿਤਯ,
ਤਿਸਹੀ ਤੇ ਜਾਨਤ ਹੈ ਸਰਬ ਪਸ਼ਾਰੋ ਹੈ।
ਕ੍ਰਿਤ ਕੀ ਉਪਾਸ਼ਨਾ ਨ ਕਰੈ ਕਰਤਾਰ ਤਯਾਗ,
ਏਕ ਗੁਰੁ ਗ੍ਰੰਥ ਕੀਓ ਆਪਨੋ ਅਧਾਰੋ ਹੈ।
ਜਾਤਿ ਪਾਤਿ ਭੇਦ ਭ੍ਰਮ ਮਨ ਤੈਂ ਮਿਟਾਯ ਕਰ,
ਸਭ ਸੇ ਸਹੋਦਰ ਸੋ ਕਰਤ ਪਯਾਰੋ ਹੈ।
ਹਿਤਕਾਰੀ ਜਗ ਕੋ, ਪੈ ਜਲ ਮਾਹਿ ਪੰਕਜ ਜਯੋਂ,
ਗੁਰੁਦੇਵ ਨਾਨਕ ਕੋ ਖ਼ਾਲਸਾ ਨਿਆਰੋ ਹੈ।

---

[1]ਗਣੇਸ਼। [2]ਸੂਰਯ। [3]ਥੋੜਾ ਜੇਹਾ ਭੀ।

[4]ਸਾਡੀ ਧਰਮ ਪੁਸਤਕਾਂ ਵਿਚ ਪੰਥ ਪਦ ਕੌਮ ਦੇ ਅਰਥ ਵਿਚ ਆਇਆ ਹੈ। ਦੇਖੋ ਇਸੇ ਪੁਸਤਕ ਵਿਚ ਕੌਮ ਅਤੇ ਪੰਥ ਦਾ ਨਿਰਣਾ।

# ਹਿੰਦੂ ਔਰ ਸਿੱਖ ਦਾ ਪ੍ਰਸ਼ਨ ਉੱਤਰ

ਹਿੰਦੂ—ਬਹੁਤੇ ਸਿੱਖਾਂ ਤੋਂ ਸੁਣਿਆ ਜਾਂਦਾ ਹੈ ਕਿ—'ਸਿੱਖ ਹਿੰਦੂ ਨਹੀਂ' ਪਰ ਮੇਰੀ ਸਮਝ ਵਿਚ ਇਹ ਸਿੱਖਾਂ ਦਾ ਅਗਿਆਨ ਹੈ, ਕਿਉਂਕਿ ਸਿੱਖ :

(ੳ) *ਹਿੰਦੂਆਂ ਵਿਚੋਂ ਨਿਕਲੇ ਹਨ ।*

(ਅ) ਹਿੰਦੂਆਂ ਨਾਲ ਖਾਨ ਪਾਨ ਹੈ ।

(ੲ) ਹਿੰਦੂਆਂ ਨਾਲ ਸਾਕ ਨਾਤੇ ਹਨ, ਔਰ...

(ਸ) ਹਿੰਦੁਸਤਾਨ ਦੇ ਵਸਨੀਕ ਹਨ, ਫੇਰ ਸਿੱਖ 'ਅਹਿੰਦੂ' ਕਿਸ ਤਰ੍ਹਾਂ ਹੋ ਸਕਦੇ ਹਨ ?

(ਹ) ਜੇ ਆਪ ਹਿੰਦੂ ਪਦ ਦੇ ਫ਼ਾਰਸੀ ਅਰਥ ਸਮਝ ਕੇ ਹਿੰਦੂ ਕਹਾਉਣੋ ਗਿਲਾਨੀ ਕਰਦੇ ਹੋਂ ਤਾਂ ਭੀ ਆਪ ਦੀ ਭੁੱਲ ਹੈ—ਕਿਉਂਕਿ ਹਿੰਦੂ ਪਦ ਸੰਸਕ੍ਰਿਤ ਹੈ, ਔਰ ਇਸ ਦੇ ਅਰਥ ਦੁਸ਼ਟਾਂ ਨੂੰ ਜਿੱਤਣ ਵਾਲਾ ਔਰ ਬਹਾਦਰ ਹਨ । ਦੇਖੋ, ਰਾਮ ਕੋਸ਼, ਮੇਰੁ ਤੰਤ੍ਰ ਪ੍ਰਕਾਸ਼ ਔਰ ਕਾਲਿਕਾ ਪੁਰਾਣ ।

(ਕ) ਔਰ ਹਿੰਦੂ ਪਦ ਇੰਦੁ ਅਤੇ ਸਿੰਧੁ ਤੋਂ ਬਣਿਆ ਪ੍ਰਤੀਤ ਹੁੰਦਾ ਹੈ ।

ਸਿਖ ਇਹ ਗੱਲ ਕਿ—'ਅਸੀਂ ਹਿੰਦੂ ਨਹੀਂ'—ਸਿਖ ਆਪ ਦੀ ਹੀ ਕ੍ਰਿਪਾ ਕਰ ਕੇ ਆਖਦੇ [1]ਹਨ, ਅਰ ਵਾਸਤਵ ਵਿਚਾਰ ਕਰੀਏ ਤਾਂ ਮਨਉਕਤਿ ਨਹੀਂ ਆਖਦੇ, ਸਗੋਂ ਸਤਿਗੁਰਾਂ ਦੀ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਨ, ਯਥਾ :

(੧) ਨਾ ਹਮ ਹਿੰਦੂ ਨ ਮੁਸਲਮਾਨ ॥ (ਭੈਰਉ ਮ: ੫)

(੨) ਹੋਰੁ ਫਕੜੁ ਹਿੰਦੂ ਮੁਸਲਮਾਣੈ ॥ (ਰਾਮਕਲੀ ਵਾਰ, ਮ: ੩)

(੩) ਮੁਸਲਮਾਨਾ ਹਿੰਦੂਆਂ ਦੁਇ ਰਾਹ ਚਲਾਏ ।...
ਰਾਮ ਰਹੀਮ ਧਿਆਇੰਦੇ ਹਉਮੈ ਗਰਬਾਏ ।

---

[1]ਚਾਹੇ ਵਿਚਾਰਵਾਨ ਸਿੱਖ, ਧਰਮ ਗ੍ਰੰਥਾਂ ਅਨੁਸਾਰ ਸਿੱਖ ਕੌਮ ਨੂੰ ਨਿਰਾਲਾ ਮੰਨਦੇ ਸਨ, ਪਰ 'ਹਮ ਹਿੰਦੂ ਨਹੀਂ' ਕਹਿਣ ਅਰ ਲਿਖਣ ਦੀ ਤਦ ਲੋੜ ਪਈ, ਜਦ ਸਿੱਖਾਂ ਨੇ ਨਿਸ਼ਚਯ ਕਰ ਲਿਆ ਕਿ ਸਾਡੀ ਹਸਤੀ ਦੇ ਮਿਟਾ ਦੇਣ ਦਾ ਪੂਰਾ ਜਤਨ ਕੀਤਾ ਜਾ ਰਹਿਆ ਹੈ ਅਰ ਅਮਲੀ ਤੌਰ ਤੇ ਵੱਖ ਹੋਏ ਬਿਨਾਂ ਸਾਡਾ ਜੀਵਨ ਨਹੀਂ ।

ਮਕਾ ਗੰਗ ਬਨਾਰਸੀ ਪੂਜ ਜਾਰਤ ਆਏ।
ਰੋਜੇ ਵਰਤ ਨਿਮਾਜ਼ ਕਰਿ ਡੰਡਉਤ ਕਰਾਏ।
ਗੁਰੁਸਿਖ ਰੋਮ ਨ ਪੁੱਜਨੀ ਜੋ ਆਪੁ ਗਵਾਏ ॥ ੯ ॥
ਬਹੁ ਸੁੰਨੀ ਸ਼ੀਅ ਰਾਫਜ਼ੀ ਮਜ਼ਹਬ ਮਨਿ ਭਾਣੇ।
ਈਸਾਈ ਮੂਸਾਈਆਂ ਹਉਮੈ ਹੈਰਾਣੇ।
ਹੋਇ ਫਿਰੰਗੀ [1]ਅਰਮਨੀ ਰੂਮੀ ਗਰਬਾਣੇ।
ਗੁਰੁਸਿਖ ਰੋਮ ਨ ਪੁੱਜਨੀ ਗੁਰਹੱਟਿ ਵਿਕਾਣੇ ॥ ੧੧ ॥
(ਭਾਈ ਗੁਰਦਾਸ ਜੀ, ਵਾਰ ੩੮)

ਵੇਦ ਕਤੇਬ ਵਖਾਣਦੇ [2]ਸੂਫ਼ੀ ਹਿੰਦੂ ਮੁਸਲਮਾਣਾ।
ਕਲਮਾਂ ਸੁੰਨਤ ਸਿਦਕ ਧਰਿ, ਪਾਇ ਜਨੇਊ ਤਿਲਕੁ ਸੁਖਾਣਾ।
ਮਕਾ ਮੁਸਲਮਾਨ ਦਾ, ਗੰਗ ਬਨਾਰਸ ਦਾ ਹਿੰਦੁਵਾਣਾ।
ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ।
[3]ਚਾਰਿ ਚਾਰਿ ਮਜਹਬ [4]ਵਰਨ [5]ਛਿਅ ਘਰਿ ਗੁਰੁ ਉਪਦੇਸੁ ਵਖਾਣਾ।
ਖਿੰਜੋਤਾਣ ਕਰੇਨਿ ਧਿਙਾਣਾ ॥ ੧੦ ॥
[6]ਅਮਲੀ ਖਾਸੇ ਮਜਲਸੀ ਪਿਰਮੁ ਪਿਆਲਾ ਅਲਖੁ ਲਖਾਯਾ।
ਮਾਲਾ ਤਸਬੀ ਤੋੜਿਕੈ ਜਿਉ ਸਉ ਤਿਵੈ ਅਠੋਤਰ ਲਾਯਾ।
ਮੇਰੁ ਇਮਾਮ ਰਲਾਇਕੈ ਰਾਮੁ ਰਹੀਮੁ ਨ ਨਾਉਂ ਗਣਾਯਾ।
ਦੁਇ ਮਿਲਿ ਇਕੁ ਵਜੂਦੁ ਹੁਇ ਚਉਪੜ ਸਾਰੀ ਜੋੜਿ ਜੁੜਾਯਾ।
ਗੁਰੁ ਗੋਵਿੰਦ ਖੁਦਾਇ ਪੀਰ, ਗੁਰਸਿਖ ਪੀਰੁ ਮੁਰੀਦੁ ਲਖਾਯਾ।
ਸਚ ਸ਼ਬਦ ਪਰਗਾਸੁ ਕਰਿ ਸਬਦ ਸੁਰਤਿ ਸਚੁ ਸਚਿ ਮਿਲਾਯਾ।
ਸਚਾ ਪਾਤਿਸਾਹੁ ਸਚੁ ਭਾਯਾ ॥ ੧੧ ॥
(ਭਾਈ ਗੁਰਦਾਸ ਜੀ, ਵਾਰ ੩੯)

---

[1]ਆਰਮੇਨੀਆਂ ਦੇ ਨਿਵਾਸੀ।

[2]ਮੰਤਕੀ, ਗਜ਼ਾਨੀ।

[3]ਹਨਫ਼ੀ, ਸ਼ਾਫਈ ਮਾਲਕੀ, ਹੰਬਲੀ।

[4]ਬ੍ਰਾਹਮਣ, ਛਤ੍ਰੀ, ਵੈਸ਼, ਸ਼ੂਦ੍ਰ।

[5]ਸਾਂਖ, ਪਾਤੰਜਲ, ਨਯਾਯ, ਵੈਸ਼ੇਸ਼ਿਕ, ਮੀਮਾਸਾ, ਵੇਦਾਂਤ।

[6]ਇਸ ਪੌੜੀ ਵਿਚ ਭਾਈ ਗੁਰਦਾਸ ਜੀ ਸਾਫ ਲਿਖਦੇ ਹਨ ਕਿ ਉਪਰ ਲਿਖੇ ਹਿੰਦੂ ਮੁਸਲਮਾਨ ਧਰਮਾਂ ਨੂੰ ਤਿਆਗ ਕੇ ਸਤਿਗੁਰੂ ਦੇ ਸਿੱਖ ਸੱਚ ਦੇ ਖੋਜੀ ਹੋ ਕੇ ਸਤਜ ਨੂੰ ਪ੍ਰਾਪਤ ਹੁੰਦੇ ਹਨ।

ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ ਵਿਚ ਲਿਖਦੇ ਹਨ :

(੪) ਬਾਬੇ ਨੂੰ ਹਾਜੀਆਂ ਨੇ ਪੁਛਿਆ, 'ਹੇ ਫ਼ਕੀਰ ! ਤੂੰ ਹਿੰਦੂ ਹੈਂ ਕਿ ਮੁਸਲਮਾਨ ?' ਤਾਂ ਬਾਬਾ ਬੋਲਿਆ, 'ਮੈਂ ਹਿੰਦੂ ਮੁਸਲਮਾਨ ਦੁਹਾਂ ਦਾ ਗਵਾਹ ਹਾਂ ।'

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖਾਲਸੇ ਦਾ ਲਖਛਣ ਕਥਨ ਕਰਦੇ ਹਨ :

(੫) ਜਾਗਤ ਜੋਤਿ[1] ਜਪੈ ਨਿਜ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪਰਤੀਤ ਸਜੈ,
[2]ਬ੍ਰਤ ਗੋਰ [3]ਮੜ੍ਹੀ ਮਟ ਭੂਲ ਨ ਮਾਨੈ ॥
[4]ਤੀਰਥ [5]ਦਾਨ [6]ਦਯਾ [7]ਤਪ [8]ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ॥

---

[1]ਅਕਾਲ ਪੁਰਖ ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਧਨਾਸਰੀ ਮ: ੧)

[2]ਏਕਾਦਸ਼ੀ ਆਦਿਕ ।

[3]ਦਸਵੇਂ ਪਾਤਸ਼ਾਹ ਨੇ ਸਿੱਖਾਂ ਦਾ ਨਿਸਚਾ ਪਰਖਣ ਲਈ ਦਾਦੂ ਜੀ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕੀਤੀ ਸੀ, ਜਿਸ ਪਰ ਖਾਲਸੇ ਨੇ ਸਤਿਗੁਰਾਂ ਨੂੰ ਤਨਖਾਹ ਲਾਈ । ਜੋ ਅਗਯਾਨੀ ਸਿੱਖ ਦੀਵਾਲੀ ਦੇ ਦਿਨ ਮੜ੍ਹੀਆਂ ਪੂਜਦੇ ਹਨ, ਓਹ ਆਪਣੇ ਧਰਮ ਤੋਂ ਪਤਿਤ ਹਨ ।

[4]ਗੰਗਾ ਗਯਾ ਆਦਿਕ ।

[5]ਤੁਲਾ, ਛਾਯਾਪਾਤ੍ਰ, ਗ੍ਰਹਿ ਆਦਿਕਾਂ ਦਾ ਦਾਨ ।

[6]ਜੈਨੀਆਂ ਦੀ ਤਰ੍ਹਾਂ ਕਿ ਸਾਹ ਨਾਲ ਭੀ ਜੀਵ ਨਾ ਮਰੇ, ਔਰ ਚੁਮਾਸੇ ਵਿਚ ਜੁੱਤੀ ਛੱਡ ਦੇਣੀ ਕਿ ਜਾਨਵਰ ਨਾ ਮਰਨ ।

[7]ਜਲ ਧਾਰਾ, ਪੰਚ ਅਗਨੀ ਆਦਿਕ ।

[8]ਅਗਯਾਨਤਾ ਨਾਲ ਕੋਈ ਨਿਯਮ ਕਰ ਲੈਣਾ, ਜਿਸ ਤੋਂ ਸਿਵਾਯ ਕਲੇਸ਼ ਦੇ ਕੋਈ ਪਰਮਾਰਥ ਦਾ ਲਾਭ ਨਾ ਹੋਵੇ ਅਰ ਵਾਹਿਗੁਰੂ ਦੀਆਂ ਬਖਸ਼ੀਆਂ ਹੋਈਆਂ ਇੰਦਰੀਆਂ ਤੋਂ ਯੋਗ ਸੇਵਾ ਨਾ ਲੈਣੀ ।

ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸਾ ਤਾਂਹਿ[1] ਨਿਖਾਲਸ ਜਾਨੈ ॥ (੩੩ ਸਵੈਯੇ)

(੬) ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ ।
(ਰਹਿਤਨਾਮਾ, ਭਾਈ ਚੌਪਾ ਸਿੰਘ[2])

(੭) ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ ।
(ਰਹਿਤਨਾਮਾ ਭਾਈ ਦਯਾ ਸਿੰਘ[3])

(੮) ਦੋ ਤੇ ਤੀਨ ਪੰਥ ਕਰ ਲੈਹੈਂ[4]
ਲੈ ਆਯਸ [5]ਗੁਰੁਦੇਵ ਕੀ ਸ੍ਰੀ[6] ਖਾਲਸ ਮਹਾਰਾਜ ।
ਪ੍ਰਗਟ ਕਰਯੋ ਜਗ ਖਾਲਸਾ ਹਿੰਦੂ ਤੁਰਕ ਸਿਰਤਾਜ ।
ਝੂਠ ਪੰਥ ਸਭ ਤਯਾਗ ਕੈ ਏਕ ਪੰਥ ਦ੍ਰਿੜ੍ਹ ਕੀਨ ।
ਪਰਮ ਜੋਤਿ ਸ੍ਰੀ ਸਤਿਗੁਰੂ ਜਯੋਂ ਸ੍ਰੀ ਮੁਖ ਕਹਿ ਦੀਨ ।
(ਗੁਰ ਬਿਲਾਸ)

(੯) ਪੁਨ ਹਿੰਦੂ ਤੁਰਕਨ ਤੇ ਨਯਾਰਾ ।
ਰਚੋਂ ਪੰਥ ਯਹਿ ਬਲੀ ਅਪਾਰਾ । (ਪੰਥ ਪ੍ਰਕਾਸ਼)

(੧੦) ਪੂਰਬ ਹਿੰਦੂ ਤੁਰਕ ਹੈਂ ਦੋਇ ।
ਅਬ ਤੇ ਤੀਨ ਜਾਨੀਏ ਹੋਇ । (ਗੁਰ ਪ੍ਰਤਾਪ ਸੂਰਯ)

ਇਸੇ ਪ੍ਰਸੰਗ ਦੀ ਪੁਸ਼ਟੀ ਵਾਸਤੇ ਦੇਖੋ, ਪੰਥ ਪ੍ਰਕਾਸ਼ ਵਿਚੋਂ ਇਤਿਹਾਸਿਕ [7]ਪ੍ਰਸੰਗ :

(੧੧) ਹਿੰਦੂ ਤੁਰਕਨ ਤੇ ਹੈ ਨਯਾਰਾ ।
ਫਿਰਕਾ ਇਨਕਾ ਅਪਰ ਅਪਾਰਾ ।
ਬਯਾਹ ਨਕਾਹ ਨ ਏਹ ਕਰੈ ਹੈਂ ।
ਭੁਗਤ ਅਨੰਦ 'ਆਨੰਦੁ' ਪੜ੍ਹੈ ਹੈਂ ।

---

[1]ਸ਼ੁੱਧ, ਨਿਰੋਲ ।
[2]ਭਾਈ ਸਾਹਿਬ ਦਸਵੇਂ ਸਤਿਗੁਰਾਂ ਦੇ ਖਿਲਾਵੇ ਵੇ ।
[3]ਪੰਜਾਂ ਪਿਆਰਿਆਂ ਵਿਚੋਂ ਮੁਖੀਏ ।
[4]ਹਿੰਦੂ, ਮੁਸਲਮਾਨ ਤੇ ਤੀਸਰਾ ਖਾਲਸਾ ਪੰਥ ।
[5]ਵਾਹਿਗੁਰੂ ਦੀ ।
[6]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੁਆਮੀ ।
[7]ਏਹ ਜ਼ਿਕਰ ਨਾਦਰ ਸ਼ਾਹ ਨਾਲ ਲਾਹੌਰ ਦੇ ਸੂਬੇ ਖਾਨ ਬਹਾਦੁਰ ਨੇ ਕੀਤਾ ।

ਸਿੰਘ ਸਿੰਘਣੀ ਜੋ ਮਰ ਜੈਹੈਂ।
ਬਾਂਟਤ ਹਲੁਵਾ ਤੁਰਤ ਬਨੈ ਹੈਂ।
ਕਿਰਿਆ ਕਰਮ ਕਰਾਵਤ ਨਾਹੀਂ।
ਹੱਡੀ ਪਾਯ ਨ ਗੰਗਾ ਮਾਹੀ।
ਕਰਤ ਦਸਹਰਾ ਗ੍ਰੰਥ ਪੜ੍ਹਾਵਤ।
ਅਸਨ ਬਸਨ ਗ੍ਰੀਬਨ ਕੋ ਦਯਾਵਤ।
ਕੰਠੀ ਜੰਞੂ ਤਿਲਕ ਨ ਧਰਹੈਂ।
ਬੁੱਤ ਪਰਸਤੀ ਕਦੇ ਨ ਕਰਹੈਂ।
ਏਕ ਰੱਬ ਕੀ ਕਰਤ ਬੰਦਗੀ।
ਰਖਤ ਨ ਔਰਨ ਕੀ ਮੁਛੰਦਗੀ।
ਵੇਦ ਪੁਰਾਨ ਕਤੇਬ ਕੁਰਾਨ।
ਪੜ੍ਹਤ ਸੁਨਤ, ਨਹਿ ਮਾਨਤ ਕਾਨ।
ਗੁਰੂ ਨਾਨਕ ਜੋ ਕਥੀ ਕਲਾਮ।
ਤਾਂ ਪਰ ਰਖਤ ਇਮਾਨ ਤਮਾਮ।...
ਇਕ ਹੀ ਬਰਤਨ ਮੇ ਸਭ ਕਾ ਹੂੰ।
[1]ਆਬਹਯਾਤ ਪਿਲਾਵਤ ਤਾ ਹੂੰ।
ਖਾਣਾ ਭੀ ਇਕਠੇ ਸਭ ਖੈ ਹੈਂ।
ਸਕੇ ਬੀਰ ਆਪਸ ਮੇਂ ਵੈ ਹੈਂ।
ਜਾਤਿ ਗੋਤ ਕੁਲ ਕਿਰਿਆ ਨਾਮ।
ਕਰਮ ਧਰਮ ਪਿਤ ਮਾਤਾ ਕਾਮ।
ਪਿਛਲੇ ਸੋ ਤਜ ਦੇਤ ਤਮਾਮ।...
ਬਲਕਿ ਜੁ ਦੀਨ ਹਮਾਰੇ ਆਵੈ।
ਮੌਕਾ ਪਾ, ਫਿਰ ਇਨ ਮੈਂ ਜਾਵੈ।
ਤਿਸ ਕੋ ਭੀ ਇਹ ਸੁਧਾ ਛਕਾਇ।
ਲੇਤ ਮਜ਼ਬ ਮੇ ਤੁਰਤ ਮਿਲਾਇ[2]।

---

[1]ਅੰਮ੍ਰਿਤ।

[2]ਦੇਖੋ, ਭਾਈ ਗੁਰਦਾਸ ਜੀ ਇਸ ਮਿਲਾਪ ਵਿਸ਼ਯ ਬਾਰੇ ਕੀ ਲਿਖਦੇ ਹਨ :

ਦੁਹ ਮਿਲ ਜੰਮੇ ਦੁਇ ਜਣੇ, ਦੁਇ ਜਣਿਆਂ ਦੁਇ ਰਾਹ ਚਲਾਏ।
ਹਿੰਦੂ ਆਖਨਿ ਰਾਮ ਰਾਮ, ਮੁਸਲਮਾਣਾ ਨਾਉ ਖੁਦਾਇ।

[1]ਤੱਤ ਖਾਲਸਾ ਗੁਰੁ ਕਾ ਜਾਹਰ,
ਕਹਿਤ ਚੁਰਾਸੀ ਤੇ ਹੈ ਬਾਹਰ।
ਹਿੰਦੂ ਅੰਨ੍ਹੇ ਤੁਰਕੂ ਕਾਣੇ,
ਸਿੰਘ ਗੁਰੂ ਕੇ ਸਭ ਤੈ ਸਜਾਣੇ।
ਮੁਸਲਮਾਨ ਹਿੰਦੂਨ ਤੈ ਨਜਾਰੀ,
ਰੀਤ ਇਨ੍ਹੋਂ ਮੇਂ ਹੈ ਭਲਿ ਸਾਰੀ।
ਪ੍ਰੇਤ ਪੀੜ ਗ੍ਰਹਿ ਪੀੜ ਨ ਮਾਨਤ,
ਮੜ੍ਹੀ ਮਸਾਣੀ ਕੋ ਨ ਪਛਾਨਤ।
ਗੰਗਾਦਿਕ ਤੀਰਥ ਨਹਿ ਜਾਂਵੈਂ,
ਸੂਤਕ ਪਾਤਕ ਨਾਹਿ ਮਨਾਂਵੈਂ।
ਜੰਞੂ ਤਿਲਕ ਨ ਛਾਪਾ ਧਾਰੈਂ,
ਸ਼ਰਾ ਹਿੰਦੂਆਂ ਕੀ ਨਹਿ ਪਾਰੈਂ।

---

← ਹਿੰਦੂ ਪੂਰਬਿ ਸਉਹਿਆਂ, ਪੱਛਮਿ ਮੁਸਲਮਾਣੁ ਨਿਵਾਏ।
ਗੰਗ ਬਨਾਰਸਿ ਹਿੰਦੂਆਂ, ਮੱਕਾ ਮੁਸਲਮਾਣੁ ਮਨਾਏ।
ਵੇਦ ਕਤੇਬਾਂ ਚਾਰਿ ਚਾਰਿ, ਚਾਰ ਵਰਨ ਚਾਰਿ ਮਜ਼ਬ ਚਲਾਏ।
ਪੰਜ ਤੱਤ ਦੋਵੈ ਜਣੇ, ਪਉਣ ਪਾਣੀ ਬੈਸੰਤਰ ਛਾਏ।
ਇਕ ਥਾਉਂ ਦੋਇ ਨਾਉਂ ਧਰਾਏ ॥੨॥
ਵੁਣੈ ਜੁਲਾਹਾ ਤੰਦ ਗੰਢਿ, ਇਕੁ ਸੂਤੁ ਬਹੁ ਤਾਣਾ ਵਾਣਾ।
ਦਰਜੀ ਪਾੜਿ ਵਿਗਾੜਦਾ, ਪਾਟਾ ਮੁੱਲ ਨ ਲਹੈ ਵਿਕਾਣਾ।
ਕਤਰਣਿ ਕਤਰੈ ਕਤਰਣੀ, ਹੋਇ ਦੁਮੂਹੀ ਚੜ੍ਹਦੀ ਸਾਣਾ।
ਸੂਈ ਸੀਵੈਂ ਜੋੜਿ ਕੈ, ਵਿਛੁੜਿਆਂ ਕਰਿ ਮੇਲਿ ਮਿਲਾਣਾ।
ਸਾਹਿਬੁ ਇੱਕੋ ਰਾਹਿ ਦੋਇ, ਜਗ ਵਿਚਿ ਹਿੰਦੂ ਮੁਸਲਮਾਣਾ।
ਗੁਰੁਸਿੱਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ।
ਦੁਖੀ ਦੁਬਾਜਰਿਆਂ ਹੈਰਾਣਾ ॥੪॥

(ਭਾਈ ਗੁਰਦਾਸ ਜੀ, ਵਾਰ ੩੩)

[1]ਇਤਿਹਾਸ ਤੋਂ ਅਗਿਆਤ ਆਦਮੀ 'ਤੱਤ ਖਾਲਸੇ' ਨੂੰ ਇਕ ਨਵਾਂ ਫਿਰਕਾ ਸਮਝ ਬੈਠੇ ਹਨ, ਦੇਖੋ ਗੁਰਮਤ ਸੁਧਾਕਰ ਦਾ ਪੰਨਾ ੨੬੯।

ਬੋਦੀ ਧੋਤੀ ਤੁਲਸੀ ਮਾਲੈਂ,
ਹੋਮ ਸ਼ਰਾਧ ਨ [1]ਖਜਾਹ ਸੰਭਾਲੈਂ।
ਮਾਨਤ ਹੈਂ ਨਿਜ ਮਜ਼ਬ ਚੰਗੇਰਾ,
"ਹਿੰਦੂ" ਕਹੇ ਤੇ ਖਿਝਤ ਵਧੇਰਾ।
ਰੀਤਿ ਹਿੰਦੂਆਂ ਵਾਰੀ ਜੇਤੀ,
ਤਜ ਰਾਖੀ ਇਨ ਸਭ ਬਿਧ ਤੇਤੀ।
ਬਨੇ ਰਹਿਤ ਸਭ ਸਕੇ ਬਰਾਦਰ,
ਇਕ ਕੋ ਦੂਸਰ ਦੇਵਤ ਆਦਰ।
ਹੈ ਇਨ ਮੇ [2]ਇਤਫਾਕ ਮਹਾਨ,
ਸਿੱਖ, ਸਿੱਖ ਪੈ ਵਾਰਤ ਪ੍ਰਾਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਂਦੇ ਹੋਏ ਜਦ ਪੁਸ਼ਕਰ ਪਰ ਪਹੁੰਚੇ ਤਾਂ ਉਥੋਂ ਦੇ ਲੋਕਾਂ ਨਾਲ ਜੋ ਪ੍ਰਸ਼ਨ ਉੱਤਰ ਹੋਇਆ, ਉਹ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਹੈ :

(੧੨) ਵਿਪ੍ਰ ਵਣਿਕ ਤੈਂ ਆਦਿਕ ਜਾਲ,
ਚਲ ਆਏ [3]ਚੇਤਨ ਦਿਜ ਨਾਲ।
ਕਰ ਕਰ ਨਮੋ ਪ੍ਰਵਾਰਿਤ ਬੈਸੇ,
ਕੌਨ ਜਾਤਿ? ਬੂਝਤ ਭੈ ਤੈਸੇ।
ਸੰਗ ਆਪ ਕੇ ਕੇਸਨ ਧਾਰੀ,
ਕਜਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤ ਹੈਂ ਲਖਿ ਬੇਸ ਨਵੀਨ,
ਹਿੰਦੂ ਤੁਰਕ ਇਮ ਕਿਨਹੁ ਨ ਕੀਨ।
ਸੁਨ ਕਰ ਗੁਰੁ ਫਰਮਾਵਨ ਕੀਆ :
ਭਯੋ ਖਾਲਸਾ ਜਗ ਮਹਿ [4]ਤੀਆ।
ਹਿੰਦੂ ਤੁਰਕ ਦੁਹਨ ਤੇ ਨਯਾਰੋ,
ਸ੍ਰੀ ਅਕਾਲ ਕੋ ਦਾਸ ਵਿਚਾਰੋ।

---

[1]ਪਿਤਰ ਦੇ ਮਰਨ ਦਾ ਦਿਨ। ਅਸੂ ਦੇ ਅੰਧੇਰੇ ਪੱਖ ਨੂੰ ਪਿਤਰ ਪੱਖ ਅਥਵਾ ਸ੍ਰਾਧ ਆਖਦੇ ਹਨ, ਅਰ ਜੋ ਸ੍ਰਾਧ ਖਾਸ ਕਰਕੇ ਮਰਨੇ ਦੀ ਤਿਥੀ ਵਿਚ ਕੀਤਾ ਜਾਵੇ, ਭਾਵੇਂ ਓਹ ਕਿਸੇ ਮਹੀਨੇ ਹੋਵੇ, ਉਸ ਦਾ ਨਾਉਂ 'ਖਯਾਹੀ ਸ੍ਰਾਧ' ਹੈ।

[2]ਇਸ ਗੁਣ ਤੋਂ ਬਿਨਾਂ ਚਾਹੇ ਕਰੋੜਾਂ ਦੀ ਗਿਣਤੀ ਭੀ ਹੋਵੇ, ਪਰ ਮਹਾਂ ਨਿਰਬਲ ਹਨ। [3]ਪੁਰਸ਼ ਵਿਚ ਚੈਤੰਨ ਪੰਡਿਤ ਮੁਖੀਆ ਸੀ। [4]ਤੀਜਾ।

ਬਾਦਸ਼ਾਹ ਬਹਾਦਰ ਸ਼ਾਹ ਨਾਲ ਜਦੋਂ ਕਲਗੀਧਰ ਸਵਾਮੀ ਦੀ ਮੁਲਾਕਾਤ ਹੋਈ ਤਾਂ ਇਸ ਤਰ੍ਹਾਂ ਬਚਨ ਬਿਲਾਸ ਹੋਏ :

(੧੩) [1]ਰਾਹ ਦੋਇ, ਕੋ ਤੁਮਕੋ ਭਾਯੋ ?...
ਕਿਸ ਮਗ ਕੋ ਇਤਕਾਦ ਰਖੰਤੇ ?
ਹਿੰਦੂ ਕਿ ਤੁਰਕ ਯਥਾ ਬਰਤੰਤੇ ?
ਸੁਨ ਸਾਹਿਬ ਸ੍ਰੀ ਮੁਖ ਫਰਮਾਯੋ :
ਹਿੰਦੂ ਤੁਰਕ ਚਲਤ ਜਿਸ ਭਾਯੋ ।
ਖੈਰਖ੍ਵਾਹ ਹਮ ਦੋਨਹੁੰ ਕੇਰ ।
ਦੇਂ ਉਪਦੇਸ਼ ਯਥਾ ਹਿਤ ਹੇਰ...।
ਰੋਜ਼ਾ ਬਾਂਗ ਨਮਾਜ਼ ਸੁਜਾਨ ।
ਮੁਸਲਮਾਨ ਇਨ ਕਰਹਿ ਪ੍ਰਮਾਨ ।
ਤ੍ਰੈ ਸੰਧਯਾ ਕਰਨੀ ਧਰ ਪ੍ਰੀਤਿ ।
ਦੇਵਲ ਪਾਹਨ ਪੂਜਨ ਰੀਤਿ ।
ਇਤਯਾਦਿਕ ਹਿੰਦੂਨ ਪਰਵਾਨ ।
ਹਮ ਦੋਨੋਂ ਕੋ ਜਾਨਿ ਸਮਾਨ ।
ਤਯਾਗਨ ਕਰੇ ਭਾਵ ਲਖਿ ਬੀਜਾ ।
ਉਤਪਤ ਕਰਯੋ ਖਾਲਸਾ ਤੀਜਾ ।
ਬਾਦ ਪੱਖ ਕੋ ਸਕਲ ਬਿਨਾਸਾ ।
ਧਰੀ ਅਕਾਲ ਪੁਰਖ ਕੀ ਆਸਾ । (ਗੁਰੁ ਪ੍ਰਤਾਪ ਸੂਰਯ)

ਕੇਵਲ ਖੰਡਾ ਅੰਮ੍ਰਿਤਧਾਰੀ ਸਿੰਘ ਹੀ ਹਿੰਦੂ ਆਦਿਕਾਂ ਤੋਂ ਅਲੱਗ ਨਹੀਂ ਹੋਏ, ਬਲਕਿ [2]ਸਹਿਜਧਾਰੀ ਸਿੱਖਾਂ ਦੇ ਪ੍ਰਸੰਗ ਦੱਸਦੇ ਹਨ ਕਿ ਉਹ ਆਦਿ ਤੋਂ ਹੀ

---

[1]ਇਹ ਬਹਾਦਰ ਸ਼ਾਹ ਦਾ ਪ੍ਰਸ਼ਨ ਹੈ ।

[2]'ਸਹਿਜਧਾਰੀ' ਦਾ ਅਰਥ ਹੈ ਸਨੇ ਸਨੇ ਖਾਲਸਾ ਰਹਿਤ ਨੂੰ ਧਾਰਨ ਵਾਲਾ । ਇਹ ਪਦ ਖੰਡੇ ਦੇ ਅੰਮ੍ਰਿਤ ਤੋਂ ਪਹਿਲਾਂ ਵਰਤਣ ਵਿਚ ਨਹੀਂ ਆਉਂਦਾ ਸੀ । ਸ੍ਰੀ ਕਲਗੀਧਰ ਹਜ਼ੂਰ ਜਿਨ੍ਹਾਂ ਸਿਖਾਂ ਨੂੰ ਸਨੇ ਸਨੇ ਪੂਰਣ ਰਹਿਤ ਧਾਰਨ ਦਾ ਬਚਨ ਦਿਤਾ ਅਰ ਜਿਨ੍ਹਾਂ ਨੇ ਖਾਲਸਾ ਰਹਿਤ ਕਠਿਨ ਜਾਣ ਕੇ ਸੁਗਮ (ਸਹਿਜ) ਰਹਿਤ ਸਿੱਖੀ ਦੀ ਧਾਰਨ ਕਰੀ, ਉਹ ਸਹਿਜਧਾਰੀ ਸਿੱਖ ਬੁਲਾਏ ਜਾਣ ਲਗ ਪਏ । ਸਹਿਜਧਾਰੀ ਸ਼੍ਰੇਣੀ ਵਿਚ ਸਿੱਖ ਧਰਮ ਦੇ ਜਗਿਆਸੂ ਸੰਸਾਰ ਦੇ ਮਨੁੱਖ ਮਾਤਰ ਗਿਣੇ ਜਾਂਦੇ ਹਨ, ਕਿਸੇ ਖਾਸ ਜਾਤੀ ਦੇ ਜੀਵਾਂ ਦਾ ਨਾਉਂ ਸਹਿਜਧਾਰੀ ਨਹੀਂ ਹੈ ।

ਅੰਨਜਮਤ ਰੀਤੀਆਂ ਦੇ ਤਿਆਗੀ ਹੋ ਕੇ ਗੁਰਮਤ ਨਾਲ ਪ੍ਰੇਮ ਕਰਦੇ ਰਹੇ ਹਨ।

ਦੇਖੋ, ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦਾ ਟੀਕਾ (ਭਗਤ ਰਤਨਾਵਲੀ) ਭਾਈ ਮਨੀ ਸਿੰਘ ਜੀ ਕ੍ਰਿਤ :

(੪੧) ਭਾਈ ਢੇਸੀ, ਭਾਈ ਜੋਧਾ ਗੁਰੂ ਅਰਜਨ ਜੀ ਦੀ ਸ਼ਰਨ ਆਏ ਤੇ ਅਰਦਾਸ ਕੀਤੀ, "ਸੱਚੇ ਬਾਦਸ਼ਾਹ! ਅਸਾਂ ਪੰਡਿਤ ਲੋਗ ਪੰਗਤਿ ਵਿਚ ਨਹੀਂ ਬੈਠਣ ਦਿੰਦੇ, ਜੋ ਤੁਸੀਂ ਬ੍ਰਾਹਮਣ ਜਗਤ ਗੁਰੂ ਹੋਇਕੇ[1] ਖੱਤ੍ਰੀ ਦੇ ਸਿੱਖ ਹੋਏ ਹੋਂ, ਵੇਦਾਂ ਦੀ ਬ੍ਰਹਮਬਾਣੀ ਤਿਆਗ ਕੇ ਭਾਖਾ ਬਾਣੀ ਗੁਰੂ ਕੇ ਸ਼ਬਦ ਗਾਉਂਦੇ ਹੋ, ਜਨਮ ਅਸ਼ਟਮੀ, ਸ਼ਿਵਰਾਤ੍ਰੀ, ਏਕਾਦਸ਼ੀ ਤਿਆਗ ਕੇ ਸਿੱਖਾਂ ਦੀ ਉਚਿਸ਼ਟ ਭੋਜਨ ਕਰਦੇ ਹੋ, ਗਾਇਤ੍ਰੀ ਤਰਪਣ ਸੰਧਿਆ ਪਿੰਡ ਪੱਤਲ ਜਨਮ ਮਰਨ ਦੀ ਕਿਰਿਆ ਤਿਆਗ ਕੇ ਅਰਦਾਸ ਤੇ ਕੜਾਹ ਮ੍ਰਿਤਕ ਪਰ ਕਰਦੇ ਹੋ। ਪਰ ਹੇ ਗਰੀਬ ਨਿਵਾਜ! ਅਸੀਂ ਤੇਰੀ ਸ਼ਰਨ ਹਾਂ, ਅਸਾਡਾ ਤੁਸਾਂ ਉਧਾਰ ਕੀਤਾ ਹੈ, ਬ੍ਰਾਹਮਣ ਅਭਿਮਾਨ ਅਸਾਂ ਤੋਂ ਦੂਰ ਹੋਇਆ ਹੈ, ਮਹਾਰਾਜ ਦਾ ਨਾਮ ਅਰ ਗਿਆਨ ਅਸਾਂ ਨੂੰ ਪ੍ਰਾਪਤ ਹੋਇਆ ਹੈ।"

ਇਸੇ ਪ੍ਰਸੰਗ ਦੀ ਪੁਸ਼ਟੀ ਵਿਚ ਭਗਤ ਰਤਨਾਵਲੀ ਦਾ ਹੋਰ ਪ੍ਰਸੰਗ :

(੧੫) ਸਿੱਖਾਂ ਅਰਦਾਸ ਕੀਤੀ, "ਜੀ ਸੱਚੇ ਬਾਦਸ਼ਾਹ! ਕਸ਼ਮੀਰ ਵਿਚ ਜੋ ਪੰਡਤ ਹੈਨ, ਸੋ ਗੁਰੂ ਕੀ ਬਾਣੀ ਸਿੱਖਾਂ ਨੂੰ ਨਹੀਂ ਪੜ੍ਹਨ ਦਿੰਦੇ, ਕਹਿੰਦੇ ਹਨ, ਜੋ ਸੰਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਨੁਖ ਬਾਣੀ ਹੈ, ਤੇ ਤੁਸਾਂ ਨਿੱਤ ਨਮਿੱਤ ਕਰਮ ਛੱਡ ਦਿਤੇ ਹਨ, ਅਸੀਂ ਤੁਸਾਡੇ ਨਾਲ ਵਰਤਣ ਨਹੀਂ ਕਰਦੇ।' ਤਾਂ ਸਤਿਗੁਰਾਂ ਦੀ ਮਾਧੋ ਸੋਢੀ ਨੂੰ ਆਗਿਆ ਹੋਈ ਜੋ, "ਤੂੰ ਕਸ਼ਮੀਰ ਵਿਚ ਜਾਇਕੇ ਗੁਰੂ ਸਿੱਖੀ ਦੀ ਰੀਤਿ ਚਲਾ।"

(੧੬) ਅੰਮ੍ਰਿਤ ਛਕਾਉਣ ਵੇਲੇ ਜੋ ਉਪਦੇਸ਼ ਦਿਤਾ ਜਾਂਦਾ ਹੈ, ਉਸ ਨੂੰ ਵਿਚਾਰ ਕੇ ਭੀ ਆਪ ਦੇਖ ਸਕਦੇ ਹੋ ਕਿ ਖਾਲਸਾ ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, [2]ਯਥਾ :

---

[1]ਸਿੱਖ ਧਰਮ ਅਨੁਸਾਰ ਕੋਈ ਜਾਤਿ ਨਹੀਂ, ਇਹ ਕੇਵਲ ਪੰਡਤਾਂ ਦੀ ਹੀ ਕਲਪਣਾ ਹੈ।

[2]ਇਸ ਉਪਦੇਸ਼ ਵਿਚ ਬਹੁਤ ਐਸੇ ਨਿਯਮ ਹਨ, ਜਿਨ੍ਹਾਂ ਨੂੰ ਸੰਸਾਰ ਮਾਤਰ ਦੇ ਅਨੇਕ ਧਰਮੀ ਮੰਨਦੇ ਹਨ, ਅਰ ਜਿਨ੍ਹਾਂ ਨੂੰ ਅਸੀਂ ਸਾਧਾਰਣ ਧਰਮ ਦੇ ਨਿਯਮ ਆਖ ਸਕਦੇ ਹਾਂ, ਪਰ ਜੋ ਨਿਯਮ ਖਾਸ ਕਰਕੇ ਖਾਲਸਾ ਧਰਮ ਨਾਲ ਹੀ ਸੰਬੰਧ ਰਖਦੇ ਹਨ, ਉਹਨਾਂ ਨੂੰ ਵਿਚਾਰ ਕੇ ਆਪ ਨਿਸ਼ਚਾ ਕਰ ਸਕਦੇ ਹੋ ਕਿ ਖਾਲਸਾ ਧਰਮ ਭਿੰਨ ਹੈ।

**ਵਿਧਿਵਾਕਯ**

(੧) ਅੱਜ ਤੁਹਾਡਾ ਜਨਮ ਸਤਿਗੁਰੂ ਦੇ ਘਰ ਹੋਇਆ ਹੈ, ਪਿਛਲੀ ਜ਼ਾਤਿ ਪਾਤਿ, ਵਰਣ, ਗੋਤ ਔਰ ਮਜ਼ਹਬ ਆਦਿਕ ਸਭ ਮਿਟ ਗਏ ਹਨ, ਏਸ ਵਾਸਤੇ ਆਪਣਾ ਪਿਤਾ ਗੁਰੂ ਗੋਬਿੰਦ ਸਿੰਘ ਔਰ ਮਾਤਾ ਸਾਹਿਬ ਕੌਰ ਮੰਨ ਕੇ ਜਨਮ ਪਟਨੇ ਦਾ ਔਰ ਵਾਸੀ[1] ਅਨੰਦ ਪੁਰ ਦੀ ਜਾਣਨੀ।

(੨) ਅੰਮ੍ਰਿਤ ਵੇਲੇ ਨਿਤ ਸਨਾਨ ਕਰਨਾ, ਔਰ ਕ੍ਰਿਆ ਅਤੀ ਸ੍ਵਛ ਰੱਖਣੀ।

(੩) ਜਪੁ, ਜਾਪ, ਸਵੈਯੇ, ਅਨੰਦ, ਰਹਿਰਾਸ ਔਰ ਸੋਹਿਲੇ ਦਾ ਨੇਮ ਔਰ ਪ੍ਰੇਮ ਸਾਥ ਪਾਠ ਕਰਨਾ।

(੪) ਕੇਸ ਕ੍ਰਿਪਾਨ (ਤਲਵਾਰ), ਕੱਛ, ਕੰਘਾ ਔਰ ਕੜਾ ਇਹਨਾਂ ਪੰਜ ਕੱਕਿਆਂ ਦੀ ਰਹਿਤ ਰਖਣੀ।

(੫) ਸਤਿਗੁਰੂ ਦੇ ਪੁਤ੍ਰ ਹੋਣ ਕਰ ਕੇ ਆਪ ਸਭ ਸਕੇ ਭਾਈ ਹੋ। ਏਸ ਲਈ ਖਾਨ ਪਾਨ, ਬਰਤਣ ਬਿਵਹਾਰ ਆਦਿਕ ਦਾ ਬਰਤਾਉ ਆਪਸ ਵਿਚ ਭਾਈਆਂ ਜੇਹਾ ਕਰਨਾ।

(੬) ਦਸ ਸਤਿਗੁਰਾਂ ਨੂੰ ਇਕ ਰੂਪ ਜਾਣਨਾ, ਔਰ ਉਨ੍ਹਾਂ ਦਾ ਉਪਦੇਸ਼ ਰੂਪ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ, ਔਰ ਖਾਲਸੇ ਨੂੰ ਗੁਰੂ ਦਾ ਸਰੂਪ ਜਾਣ ਕੇ ਮਨੋਂ ਤਨੋਂ ਸੇਵਾ ਕਰਨੀ ਔਰ ਆਗਿਆ ਪਾਲਣੀ।

(੭) ਧਰਮ ਕਿਰਤ ਕਰਕੇ ਨਿਰਬਾਹ ਕਰਨਾ।

---

[1]ਏਸ ਉਪਦੇਸ਼ ਦਾ ਭਾਵ ਇਹ ਹੈ ਕਿ ਅੱਜ ਤੋਂ ਤੁਸੀਂ ਗੁਰੂ-ਬੰਸੀ ਬਣੇ ਹੋ। ਇਸ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਵਿਵਹਾਰਕ ਲਿਖਤ ਪੜ੍ਹਤ ਵਿਚ ਆਪਣੇ ਜਨਮ ਔਰ ਰਿਹਾਇਸ਼ ਦੇ ਪਿੰਡ ਦਾ ਨਾਉਂ ਛੱਡ ਕੇ ਪਟਨੇ ਔਰ ਅਨੰਦਪੁਰ ਦਾ ਨਾਉਂ ਵਰਤਣਾ ਚਾਹੀਏ।

ਇਸ ਵਿਚ ਸੰਸਾ ਨਹੀਂ ਕਿ ਖਾਲਸੇ ਦਾ ਜਨਮ ਕੇਸਗੜ੍ਹ ਹੋਇਆ ਹੈ, ਪਰ ਅੰਮ੍ਰਿਤ ਛਕਾਉਣ ਸਮੇਂ ਜੋ ਜਨਮ ਪਟਨੇ ਦਾ ਦਸਿਆ ਜਾਂਦਾ ਹੈ, ਉਸ ਤੋਂ ਸਿੱਖਾਂ ਦਾ ਕਲਗੀਧਰ ਨਾਲ ਅਭੇਦ ਹੋਣਾ ਪ੍ਰਗਟ ਹੁੰਦਾ ਹੈ, ਕਿਉਂਕਿ ਦਸਮੇਸ਼ ਦਾ ਜਨਮ ਪਟਨੇ ਦਾ ਸੀ।

(੮) ਆਪਣੀ ਕਮਾਈ ਵਿਚੋਂ ਦਸੌਂਧ (ਦਸਵਾਂ ਹਿੱਸਾ) ਗੁਰੂ ਅਰਥ ਕੱਢ ਕੇ ਪੰਥ ਦੀ ਉੱਨਤੀ ਵਾਸਤੇ ਪੰਥ ਦੀ ਸੇਵਾ ਵਿਚ ਕਰਨਾ।

(੯) ਪੰਥ ਦੇ ਕੰਮ ਨੂੰ ਆਪਣਾ ਕੰਮ ਜਾਣ ਕੇ ਤਨ, ਮਨ ਔਰ ਧਨ ਕਰਕੇ ਸਿਰੇ ਚੜ੍ਹਾਉਣ ਦਾ ਯਤਨ ਕਰਨਾ।

(੧੦) ਪਰਉਪਕਾਰ ਨੂੰ ਮਨੁੱਖ ਦੇਹ ਔਰ ਸਿੱਖ ਧਰਮ ਦਾ ਪਰਮ ਕਰਤਵ ਸਮਝਣਾ।

(੧੧) ਵਿਦਿਆ ਦਾ ਅਭਿਆਸ ਕਰਨਾ, ਖਾਸ ਕਰਕੇ ਗੁਰਮੁਖੀ ਔਰ ਖਾਲਸਾ ਧਰਮ ਪੁਸਤਕਾਂ ਦੇ ਪੂਰੇ ਗਿਆਤਾ ਹੋਣਾ ਔਰ ਸ਼ਸਤ੍ਰ-ਵਿਦਿਆ ਵ ਘੋੜੇ ਦੀ ਸਵਾਰੀ ਦੇ ਪੂਰੇ ਅਭਿਆਸੀ ਬਣਨਾ।

(੧੨) ਮਨ ਨੀਵਾਂ, ਮਤਿ ਉੱਚੀ ਰੱਖਣੀ।

(੧੩) ਦਸਤਾਰਾ ਕੌਮੀ ਚਿੰਨ੍ਹ ਤੇ ਕੇਸਾਂ ਦਾ ਰੱਖਕ ਸਮਝ ਕੇ ਸੀਸ ਪਰ ਸਜਾਉਣਾ।

(੧੪) ਗੁਰਮੁਖਾਂ ਦਾ ਸਤਿਸੰਗ ਕਰਨਾ।

(੧੫) ਮਰਣੇ ਪਰਣੇ ਆਦਿਕ ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਨੇ।

(੧੬) ਗੁਰਮਤ ਦੇ ਪ੍ਰਚਾਰ ਦਾ ਪੂਰਾ ਯਤਨ ਕਰਨਾ।

(੧੭) ਗੁਰਪੁਰਬਾਂ ਵਿਚ ਜੋੜ ਮੇਲ ਉਤਸਵ ਔਰ ਕਥਾ ਕੀਰਤਨ ਕਰਨਾ।

(੧੮) ਆਪਣੇ ਮਾਲਕ ਦੇ ਪੱਕੇ ਨਮਕ ਹਲਾਲ ਰਹਿਣਾ।

(੧੯) ਖਾਲਸਾ ਧਰਮ ਦੇ ਨਿਯਮਾਂ ਅਨੁਸਾਰ 'ਜਥੇਬੰਦੀ' ਦੇ ਗੂੜ੍ਹ ਮੰਤਵ ਤੇ ਲਾਭ ਸਮਝ ਕੇ ਇਕ ਸੂਤ ਵਿਚ ਪਰੋਏ ਰਹਿਣਾ।

(੨੦) ਲੜਕੀਆਂ ਨੂੰ ਅਣਵਿੱਧ ਰੱਖਣਾ ਔਰ ਉਨ੍ਹਾਂ ਨੂੰ ਪੁਤਾਂ ਜੇਹਾ ਜਾਣ ਕੇ ਵਿਵਹਾਰਕ ਔਰ ਧਾਰਮਕ ਵਿਦਿਆ ਦੇ ਕੇ ਲਾਇਕ ਬਨਾਉਣਾ।

(੨੧) ਜੇ ਕੋਈ ਕੰਮ ਧਰਮ ਵਿਰੁਧ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਤਨਖਾਹ ਬਖਸ਼ਵਾ ਲੈਣੀ।

## ਨਿਸ਼ੇਧ ਵਾਕਯ

(੨੨) ਇਕ ਅਕਾਲ ਤੋਂ ਛੁੱਟ ਹੋਰ ਕਿਸੇ ਦੇਵੀ ਦੇਵਤੇ, ਪੈਗੰਬਰ ਅਰ

ਅਵਤਾਰ ਦੀ ਉਪਾਸਨਾ ਨਹੀਂ ਕਰਨੀ।

(੨੩) ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਧਰਮ ਪੁਸਤਕ ਪਰ ਨਿਸਚਾ ਨਹੀਂ ਰੱਖਣਾ।

(੨੪) ਜੰਤ੍ਰ ਮੰਤ੍ਰ, ਸ਼ਕੁਨ, ਮਹੂਰਤ, ਗ੍ਰਹਿ, ਰਾਸ਼ੀ, ਸ਼੍ਰਾਧ, ਹੋਮ ਔਰ ਤਰਪਣ ਆਦਿਕ ਭਰਮ ਰੂਪ ਕਰਮਾਂ ਪਰ ਸ਼ਰਧਾ ਨਹੀਂ ਕਰਨੀ।

(੨੫) ਸਿੱਖ ਬਿਨਾਂ ਹੋਰ ਨਾਲ ਸਾਕ ਸੰਬੰਧ ਨਹੀਂ ਕਰਨਾ।[1]

(੨੬) ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਨੜੀਮਾਰ, ਕੁੜੀਮਾਰ ਔਰ [2]ਸਿਰਗੁੰਮਾਂ ਨਾਲ ਵਰਤੋਂ ਵਿਹਾਰ ਨਹੀਂ ਕਰਨਾ।[3]

ਇਹਨਾਂ ਤੋਂ ਛੁਟ ਜੋ ਕਈ ਪੰਥ ਵਿਚ ਧੜੇ ਬੰਨ੍ਹ ਕੇ ਵੈਰ ਵਿਰੋਧ ਫੈਲਾਵੇ, ਔਰ ਆਪਣੀ ਗੁਰਿਆਈ ਥਾਪ ਕੇ ਦਸ ਸਤਿਗੁਰਾਂ ਦੇ ਆਸ਼ੇ ਤੋਂ ਵਿਰੁਧ ਚਲੇ, ਉਸ ਨਾਲ ਕਦੇ ਨਹੀਂ ਵਰਤਣਾ।

(੨੭) ਚੋਰੀ, ਯਾਰੀ, ਝੂਠ, ਅਨਿਆਯ, ਨਿੰਦਾ, ਛਲ, ਕਪਟ,ਵਿਸ਼੍ਵਾਸਘਾਤ, ਜੂਆ, ਆਦਿਕ ਅਵਗੁਣਾਂ ਦਾ ਸਦਾ ਤਿਆਗ ਕਰਨਾ।

(੨੮) ਮਦਿਰਾ ਆਦਿਕ ਸਾਰੇ ਅਮਲ (ਨਸ਼ੇ) ਬੁੱਧੀ ਔਰ ਬਲ ਨਾਸ਼ਕ ਜਾਣ ਕੇ ਤਿਆਗ ਦੇਣੇ।

(੨੯) ਸਿੱਖ ਦਾ ਅੱਧਾ ਨਾਉਂ (ਜੋ ਨਿਰਾਦਰ-ਬੋਧਕ ਹੈ) ਨਹੀਂ ਲੈਣਾ।

(੩੦) ਬਚਨ ਕਰ ਕੇ ਕਦੇ ਨਹੀਂ ਹਾਰਨਾ।

(੩੧) ਚੰਚਲ ਇਸਤ੍ਰੀਆਂ ਦੇ ਪਹਿਰਨ ਯੋਗ ਕਸੁੰਭੇ ਆਦਿਕ ਰੰਗ ਔਰ ਗਹਿਣੇ ਨਹੀਂ ਪਹਿਰਨੇ, ਸ਼ਸਤ੍ਰਾਂ ਨੂੰ ਆਪਣਾ ਭੂਸ਼ਣ ਸਮਝ ਕੇ ਸਦੈਵ ਧਾਰਨ ਕਰਨਾ।

---

[1]ਸਿੱਖ ਧਰਮ ਵਿਚ ਲਿਆ ਕੇ ਸੰਬੰਧ ਕਰਨਾ।

[2]ਪੁਰਾਣੇ ਸਮੇਂ ਵਿਚ ਸਿਰ ਮੁੰਨਣਾ ਸਿਰ ਵੱਢਣ ਦੇ ਤੁੱਲ ਮੰਨਿਆ ਜਾਂਦਾ ਸੀ, ਜਿਸ ਦੀ ਤਾਈਦ ਮਹਾਂ-ਭਾਰਤ ਅਰ ਮਨੂਸਿਮ੍ਰਤੀ ਆਦਿਕ ਪੁਸਤਕਾਂ ਤੋਂ ਹੁੰਦੀ ਹੈ। ਗੁਰਮਤਿ ਵਿਚ ਭੀ 'ਸਿਰ ਗੁੰਮ' ਦਾ ਅਰਥ ਸਿਰ ਖੋ ਦੇਣ ਵਾਲਾ ਕੀਤਾ ਗਿਆ ਹੈ, ਅਰਥਾਤ ਸਿਰ ਮੁਨਾਉਣ ਵਾਲਾ ਆਪਣਾ ਸਿਰ ਗੁੰਮ ਕਰ ਬੈਠਦਾ ਹੈ।

[3]ਜੋ ਇਨ੍ਹਾਂ ਮੇਲਾਂ ਵਿਚੋਂ ਮਨਮਤ ਤਿਆਗ ਕੇ ਗੁਰਮਤ ਧਾਰਨ ਕਰੇ, ਉਸ ਨਾਲ ਭਾਈਆਂ ਜੇਹਾ ਵਰਤਾਉ ਕਰਨਾ।

(੩੨) ਕੁੱਠਾ, ਤਮਾਕੂ, ਮੁੰਡਨ, ਵੇਸ਼ਜਾ (ਵਿਭਚਾਰਿਨ ਇਸਤ੍ਰੀ[1]) ਇਨ੍ਹਾਂ ਨੂੰ ਧਰਮ ਨਾਸ਼ਕ ਜਾਣ ਕੇ ਸਦਾ ਤਿਆਗ ਕਰਨਾ।

(੩੩) ਕਿਸੇ ਦੇਵੀ ਦੇਵਤਾ ਔਰ ਮੜ੍ਹੀ ਮਠ ਪਰ ਚੜ੍ਹਿਆ ਹੋਇਆ ਪ੍ਰਸ਼ਾਦਿ ਅੰਗੀਕਾਰ ਨਹੀਂ ਕਰਨਾ।

(੩੪) ਕਿਸੀ ਪ੍ਰਕਾਰ ਦੀ ਸੁਖਣਾ ਨਹੀਂ ਸੁੱਖਣੀ।

(੩੫) ਬਿਗਾਨਾ ਹੱਕ (ਰਿਸ਼ਵਤ ਆਦਿਕ) ਕਦੇ ਨਹੀਂ ਲੈਣਾ।

(੩੬) ਗੁਰਦੁਆਰਿਆਂ ਤੋਂ ਬਿਨਾਂ ਹੋਰ ਕੋਈ ਆਪਣਾ ਤੀਰਥ ਔਰ ਧਾਮ ਨਹੀਂ ਸਮਝਣਾ।

(੩੭) ਗੁਰੂ ਨਾਨਕ ਪੰਥੀ ਜਿਤਨੇ ਭੇਖ ਮਾਤ੍ਰ ਔਰ ਗੁਰੂ ਘਰ ਦੇ ਸਿਦਕੀ ਸਿੱਖ ਹੈਨ, ਉਨ੍ਹਾਂ ਨਾਲ ਕਦੇ ਵੈਰ ਵਿਰੋਧ ਈਰਖਾ ਨਹੀਂ ਕਰਨੀ ਔਰ ਕਿਸੇ ਨੂੰ ਹਾਨੀ ਪਹੁੰਚਾਉਣ ਦਾ ਸੰਕਲਪ ਮਨ ਵਿਚ ਨਹੀਂ ਲਿਆਉਣਾ।[2]

(੩੮) ਕਲਫ ਨਹੀਂ ਲਾਉਣੀ, ਚਿਟੇ ਕੇਸ ਨਹੀਂ ਚੁਗਣੇ।

(੩੯) ਕੰਨਜਾ ਦਾ ਧਨ ਅੰਗੀਕਾਰ ਨਹੀਂ ਕਰਨਾ।

(੪੦) ਯਾਚਨਾ ਕਦੇ ਨਹੀਂ ਕਰਨੀ।

(੪੧) ਰਣ ਵਿਚ ਪਿੱਠ ਨਹੀਂ ਦੇਣਾ।

ਭਾਈ ਨੰਦ ਲਾਲ ਸਾਹਿਬ 'ਤੌਸੀਫ਼ੋਸਨਾ' ਵਿਚ ਗੁਰੂ ਸਾਹਿਬ ਨੂੰ ਸਰਬੋਤਮ ਕਥਨ ਕਰਦੇ ਹੋਏ ਗੁਰਮਤਿ ਨੂੰ ਹਿੰਦੂ, ਮੁਸਲਮਾਨ, ਈਸਾਈ ਆਦਿਕ ਧਰਮਾਂ ਤੋਂ ਭਿੰਨ ਔਰ ਸਰੇਸ਼ਟ ਲਿਖਦੇ ਹਨ; ਯਥਾ :

(੧੭) 'ਬਲੰਦ ਤਰ ਅਜ ਹਨੂਦਾਤ ਵਲ ਤੁਰਕਾਤ, ਵਲ ਕੁਫ਼ਰਾਤ, ਵਲ ਇਸਲਾਮਾਤ; ਵਲ ਤੌਰੇਤਾਤ, ਵਲ ਇੰਜ਼ੀਲਾਤ, ਵਲ ਜ਼ਬੂਰਾਤ; ਵਲ ਫ਼ੁਰਕਾਨਾਤ, ਵਲ ਪੀਰਾਤ, ਵਲ ਪੈਗੰਬਰਾਤ।'

ਇਸ ਦਾ ਤਾਤਪਰਜ ਇਹ ਹੈ ਕਿ—ਹਿੰਦੂ, ਤੁਰਕ ਨਾਸਤਿਕ ਇਸਲਾਮ,

---

[1]ਆਪਣੇ ਪਤੀ ਤੋਂ ਬਿਨਾਂ ਜੋ ਕਿਸੀ ਹੋਰ ਨਾਲ ਪ੍ਰੀਤੀ ਕਰਦੀ ਹੈ, ਉਹ ਵਿਭ-ਚਾਰਨੀ ਸਦਾਉਂਦੀ ਹੈ। ਭਾਵ ਇਹ ਹੈ ਕਿ ਪਰ-ਇਸਤ੍ਰੀ ਮਾਤ੍ਰ ਦਾ ਤਿਆਗ ਕਰਨਾ।

[2]ਜੇ ਕੋਈ ਨਿਯਮਾਂ ਤੋਂ ਵਿਰੁਧ ਚਲਦਾ ਹੋਵੇ ਤਾਂ ਉਸ ਨੂੰ ਰਸਤੇ ਪਰ ਲਿਆਉਣ ਦਾ ਜਤਨ ਕਰਨਾ, ਪਰ ਵਿਰੋਧ ਕਰਕੇ ਨੁਕਸਾਨ ਨਹੀਂ ਪਹੁੰਚਾਉਣਾ, ਕਿਉਂਕਿ ਆਪਣੇ ਅੰਗ ਛੇਦਨ ਕਰਕੇ ਕੋਈ ਪੁਰਸ਼ ਉਨਤੀ ਨੂੰ ਨਹੀਂ ਪ੍ਰਾਪਤ ਹੁੰਦਾ।

ਯਹੂਦੀ, ਈਸਾਈ, ਦਾਊਦੀ; ਮੁਸਲਮਾਨ, ਪੀਰ ਔਰ ਪੈਗੰਬਰ ਆਦਿਕਾਂ ਤੋਂ ਗੁਰੂ ਸਾਹਿਬ ਅਤਿਅੰਤ ਉਚੇ ਹੈਨ। ਅਰਥਾਤ ਸਿਖ ਧਰਮ ਸਭਨਾਂ ਤੋਂ ਸ਼੍ਰੋਮਣੀ ਹੈ।

ਪਿਆਰੇ ਹਿੰਦੂ ਭਾਈ! ਇਨ੍ਹਾਂ ਪ੍ਰਮਾਣਾਂ ਤੋਂ ਆਪ ਦੇਖ ਸਕਦੇ ਹੋ ਕਿ ਸਤਿਗੁਰੂ ਦੇ ਸਿਖ 'ਹਮ ਹਿੰਦੂ ਨਹੀਂ' ਮਨ-ਉਕਤਿ ਨਹੀਂ ਆਖਦੇ; ਕਿੰਤੂ ਗੁਰਮਤਿ ਔਰ ਗੁਰੂ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਨ।

(ੳ) ਜੇ ਆਪ ਸਿਖਾਂ ਨੂੰ ਹਿੰਦੂਆਂ ਵਿਚੋਂ ਨਿਕਾਲਣੇ ਕਾਰਨ ਹਿੰਦੂ ਮੰਨਦੇ ਹੋ ਤਾਂ ਈਸਾਈਆਂ ਨੂੰ, ਜੋ ਯਹੂਦੀਆਂ (Jews) ਵਿਚੋਂ ਨਿਕਲੇ ਹਨ, ਮੁਸਲਮਾਨਾਂ ਨੂੰ, ਜੋ ਕੁਰੈਸ਼ੀ ਈਸਾਈ (Colly-Ridiens) ਔਰ ਯਹੂਦੀ ਆਦਿਕਾਂ ਵਿਚੋਂ ਨਿਕਲੇ ਹਨ, ਯਹੂਦੀ ਆਦਿਕ ਕਿਉਂ ਨਹੀਂ ਜਾਣਦੇ? ਔਰ ਓਹ ਭੀ ਆਪਣੇ ਆਪ ਨੂੰ ਕਿਉਂ ਨਹੀਂ ਮੰਨਦੇ? ਔਰ ਖਾਸ ਕਰ ਕੇ ਜੋ ਹਿੰਦੁਸਤਾਨੀ ਹਿੰਦੂਆਂ ਵਿਚੋਂ ਨਿਕਲ ਕੇ ਈਸਾਈ ਔਰ ਮੁਸਲਮਾਨ ਬਣੇ ਹਨ, ਆਪ ਉਹਨਾਂ ਨੂੰ ਹਿੰਦੂ ਕਿਉਂ ਨਹੀਂ ਆਖਦੇ?

(ਅ) ਖਾਨ ਪਾਨ ਦੇ ਲਿਹਾਜ਼ ਕਰ ਕੇ ਜੇ ਸਿੱਖਾਂ ਨੂੰ ਹਿੰਦੂ ਮੰਨਦੇ ਹੋ ਤਾਂ ਯਹੂਦੀ, ਈਸਾਈ [1]ਮੁਸਲਮਾਨ ਬੋਧ[2] ਔਰ ਪਾਰਸੀ ਆਦਿਕਾਂ ਦਾ ਭੀ ਖਾਨ ਪਾਨ ਇਕੱਠਾ ਹੁੰਦਾ ਹੈ, ਕਿਆ ਇਤਨੇ ਮਾਤ੍ਰ ਕਰ ਕੇ ਏਹ ਸਭ ਮਜ਼ਹਬੀ ਰੀਤੀ ਅਨੁਸਾਰ ਇਕ ਕਹੇ ਜਾ ਸਕਦੇ ਹਨ?

ਔਰ ਇਸ ਵਿਸ਼ੈ ਪਰ ਜੋ ਸਾਡੇ ਧਰਮ ਪੁਸਤਕਾਂ ਦੀ ਰਾਏ ਹੈ, ਉਹ ਭੀ ਆਪ ਨੂੰ ਸੁਣਾਉਣੀ ਮੁਨਾਸਬ ਸਮਝਦੇ ਹਾਂ; ਜਿਸ ਤੋਂ ਆਪ ਸਮਝ ਲਓਗੇ ਕਿ ਸਿਖਾਂ ਅਤੇ ਹਿੰਦੂਆਂ ਦਾ ਖਾਨ-ਪਾਨ ਵਿਚ ਕਿਤਨਾ ਭੇਦ ਹੈ?

(੧) ਮੋਨੇ ਕਰ ਅਹਾਰ ਨਹਿ ਖਾਨਾ[3]। (ਗੁਰੁ ਪ੍ਰਤਾਪ ਸੂਰਯ)

---

[1]ਮੁਸਲਮਾਨ ਹੋਰਨਾਂ ਮਜ਼੍ਹਬਾਂ ਦੇ ਆਦਮੀਆਂ ਨਾਲ ਖਾਣ ਵੇਲੇ ਕੇਵਲ ਸੂਰ ਖਾਣੋਂ ਪਰਹੇਜ਼ ਕਰਦੇ ਹਨ।

[2]ਬੁੱਧ ਮਤ ਵਿਚ ਮਾਸ ਖਾਣਾ ਮਨ੍ਹਾ ਹੈ, ਪਰ ਵਰਤਮਾਨ ਸਮੇਂ ਵਿਚ ਚੀਨੀ ਅਰ ਜਾਪਾਨੀ ਖਾਨ ਪਾਨ ਨੂੰ ਧਾਰਮਕ ਨਿਯਮ ਨਾ ਸਮਝ ਕੇ ਸੁਤੰਤਰਤਾ ਪੂਰਬਕ ਸਭ ਸਾਥ ਖਾਨ ਪਾਨ ਕਰਦੇ ਹਨ।

[3]ਚਾਹੇ ਸਿੱਖਾਂ ਵਿਚ ਛੂਤ ਛਾਤ ਦਾ ਵਹਿਮ ਨਹੀਂ, ਪਰ ਪਵਿੱਤਰਤਾ ਦੀ ਭਾਰੀ ਮਹਿਮਾ ਹੈ। ਅਨਯ ਧਰਮੀਆਂ ਦੇ ਹੱਥੋਂ ਖਾਨ ਪਾਨ ਕਰਨ ਨਾਲ ਪਵਿੱਤਰਤਾ ਵਿਚ ਰਹਿਤ ਅਨੁਸਾਰ ਅਨੇਕ ਵਿਘਨ ਪੈਂਦੇ ਹਨ।

(੨) ਰਸੋਈਆ ਸਿੱਖ ਰਖੇ।

(ਰਹਿਤਨਾਮਾ ਭਾਈ ਚੌਪਾ ਸਿੰਘ)

(੩) ਜਾਤਿ ਪਾਤਿ ਕੋ ਭੇਦ ਨ ਕੋਈ।
ਚਾਰ ਵਰਨ ਅਚਵਹਿ ਇਕ ਹੋਈ। (ਗੁਰ ਪ੍ਰਤਾਪ ਸੂਰਯ)

(ੲ) ਜੇ ਹਿੰਦੂਆਂ ਨਾਲ ਸਾਕ ਨਾਤੇ ਹੋਣ ਕਰ ਕੇ ਸਿੱਖਾਂ ਨੂੰ ਹਿੰਦੂ ਆਖਦੇ ਹੋ; ਤਾਂ ਯਹੂਦੀ, ਈਸਾਈ, ਬੋਧ (ਜਪਾਨੀ ਔਰ ਚੀਨੀ) ਆਦਿਕਾਂ ਦੀਆਂ ਆਪਸ ਵਿਚ ਰਿਸ਼ਤੇਦਾਰੀਆਂ ਹੁੰਦੀਆਂ ਹਨ, ਕਿਆ ਇਹ ਸੰਬੰਧ ਮਾਤ੍ਰ ਕਰ ਕੇ ਆਪਣੇ ਧਰਮ ਤੋਂ ਪਤਿਤ ਮੰਨੇ ਜਾਂਦੇ ਹਨ ?

ਔਰ ਆਪ ਨੂੰ ਤਵਾਰੀਖਾਂ ਤੋਂ ਪਤਾ ਲੱਗਿਆ ਹੋਣਾ ਹੈ ਕਿ ਕਿਸੀ ਵੇਲੇ ਮੁਗ਼ਲੀਆ ਖ਼ਾਨਦਾਨ ਦੇ ਨਾਲ ਹਿੰਦੂਆਂ ਦੇ ਸਾਕ ਨਾਤੇ ਭੀ ਹੁੰਦੇ ਸੇ, ਔਰ ਏਹ ਬਾਤ ਭੀ ਪ੍ਰਸਿੱਧ ਹੈ ਕਿ ਨੌਸ਼ੇਰਵਾਂ ਨੇ ਕ੍ਰਿਸਚਨ ਬਾਦਸ਼ਾਹ ਦੀ ਬੇਟੀ ਮਾਰਿਸ ਨਾਲ ਵਿਆਹ ਕੀਤਾ ਸੀ ਔਰ ਉਸ ਤੋਂ ਪੈਦਾ ਹੋਈ ਬੇਟੀ, ਹਿੰਦੂ ਚੂੜਾਮਣੀ ਰਾਣਾ ਉਦਯਪੁਰ ਨੂੰ ਵਿਆਹੀ ਗਈ ਸੀ, ਔਰ ਬਾਬਿਲ ਦੇ ਬਾਦਸ਼ਾਹ ਸਿਲਯੂਕਸ ਦੀ [1]ਪੁਤ੍ਰੀ ਦਾ ਰਾਜਾ ਚੰਦ੍ਰ ਗੁਪਤ ਨਾਲ ਵਿਆਹ ਹੋਇਆ ਸੀ। ਔਰ [2]ਹੜਿੰਬਾ, ਉਲੂਪੀ ਆਦਿਕ ਇਸਤ੍ਰੀਆਂ ਜਿਹਨਾਂ ਦਾ ਸਬੰਧ ਭਾਰਤ ਦੇ ਸ਼੍ਰੋਮਣੀ ਪੁਰਸ਼ਾਂ ਨਾਲ ਹੋਇਆ ਸੀ, ਹਿੰਦੁਨੀਆਂ ਨਹੀਂ ਸਨ।

ਔਰ ਹਿੰਦੂ ਆਦਿਕਾਂ ਨਾਲ ਸੰਬੰਧ ਕਰਨ ਬਾਬਤ ਜੋ ਸਿੱਖ ਧਰਮ ਦੀ ਸਿੱਖਾਂ ਲਈ ਆਗਿਆ ਹੈ ਉਹ ਭੀ ਏਥੇ ਆਪ ਨੂੰ ਸੁਣਾ ਦਿੰਨੇ ਹਾਂ :

(੧) ਨਾਤਾ ਗੁਰੂ ਕੇ ਸਿਖ ਨਾਲ ਕਰੇ।

(ਰਹਿਤਨਾਮਾ ਭਾਈ ਚੌਪਾ ਸਿੰਘ)

(੨) ਕੰਨਯਾ ਕੋ ਮਾਰੇ; ਮੋਨੇ ਕੋ ਕੰਨਯਾ ਦੇਵੇ,
ਸੋ [3]ਤਨਖਾਹੀਆ ਹੈ।
ਸਿੱਖ ਕੋ ਸਿੱਖ ਪੁਤ੍ਰੀ ਦਈ;
ਸੁਧਾ ਸੁਧਾ ਮਿਲ ਜਾਇ।

---

[1]ਇਹ ਸਿਕੰਦਰ ਦੀ ਪੋਤੀ ਸੀ।

[2]ਦੇਖੋ, ਰਾਜਾ ਸ਼ਿਵ ਪ੍ਰਸ਼ਾਦ ਕ੍ਰਿਤ ਭੂਗੋਲ ਹਸਤਾਮਲਕ, ਭਾਗ ੧, ਸਫਾ ੨੯।

[3]ਦੰਡ ਯੋਗ।

ਦਈ [1]ਭਾਦਣੀ ਕੋ ਸੁਤਾ,
[2]ਅਹਿ ਮੁਖ ਅਮੀ ਚੁਆਇ।

(ਰਹਿਤਨਾਮਾ ਭਾਈ ਦੇਸਾ ਸਿੰਘ)

(੩) ਕੰਨਯਾ ਦੇਵੈ ਸਿਖ ਕੋ ਲੇਵੈ ਨਹਿ ਕੁਛ ਦਾਮ।
ਸੋਈ ਮੇਰਾ ਸਿਖ ਹੈ, ਪਹੁੰਚੇ ਗੋ ਮਮ ਧਾਮ।

(ਗੁਰੁ ਪ੍ਰਤਾਪ ਸੂਰਯ)

(੪) ਕੰਨਯਾ ਜਬ ਵਰ ਪ੍ਰਾਪਤ ਹੋਵੇ ਤਬ ਸੰਯੋਗ ਕਰੇ, ਛੋਟੀ ਬਾਲਨੀ ਕਾ ਸੰਯੋਗ ਨਾ ਕਰੇ, ਔਰ ਸੰਯੋਗ ਐਸੀ ਕੁਲ ਵਿਖੇ ਕਰੇ ਜਿਥੇ ਸਿੱਖੀ ਅਕਾਲ ਪੁਰਖ ਦੀ ਹੋਵੇ। (ਪ੍ਰੇਮ ਸੁਮਾਰਗ)

(ਸ) ਜੇ ਹਿੰਦੁਸਤਾਨ ਵਿਚ ਰਹਿਣ ਕਾਰਨ ਸਿੱਖਾਂ ਨੂੰ ਹਿੰਦੂ ਸਮਝਦੇ ਹੋ ਤਾਂ ਈਸਾਈ ਮੁਸਲਮਾਨ ਆਦਿਕਾਂ ਨੂੰ ਭੀ ਆਪ ਹਿੰਦੂ ਜਾਣੋ, ਜੇ ਦੇਸ਼ ਦੇ ਰਹਿਣ ਕਰਕੇ ਉਹ ਹਿੰਦੂ ਹਨ ਤਾਂ ਸਾਨੂੰ ਭੀ "ਹਿੰਦੂ" ਅਰਥਾਤ "ਇੰਡੀਅਨ" ਕਹਾਉਣ ਵਿਚ ਕੋਈ ਇਤਰਾਜ਼ ਨਹੀਂ।

(ਹ) ਔਰ ਆਪ ਨੇ ਜੋ ਆਖਿਆ ਹੈ ਕਿ ਹਿੰਦੂ ਪਦ ਦੇ ਅਰਥ ਬਹੁਤ ਉੱਤਮ ਹਨ, ਇਸ ਨੂੰ ਫਾਰਸੀ ਪਦ ਸਮਝ ਕੇ ਗਿਲਾਨੀ ਨਹੀਂ ਕਰਨੀ ਚਾਹੀਏ ਔਰ ਆਪਣੇ ਅਰਥ ਦੀ ਤਾਈਦ ਵਿਚ ਰਾਮਕੋਸ਼, ਮੇਰੁਤੰਤ੍ਰ ਪ੍ਰਕਾਸ਼ ਔਰ ਕਾਲਿਕਾ ਪੁਰਾਣ ਸਾਨੂੰ ਦੇਖਣੇ ਦੱਸੇ ਹੈਨ, ਸੋ ਇਸ ਪਰ ਸਾਡਾ ਏਹ ਕਥਨ ਹੈ ਕਿ ਸਿੱਖ ਧਰਮ ਵਿਚ ਕੋਈ ਭਾਸ਼ਾ ਦੇਵ ਬਾਣੀ ਅਰ ਮਲੇਛ ਭਾਸ਼ਾ ਨਹੀਂ, ਕੇਵਲ ਵਿਦੇਸ਼ੀ ਬੋਲੀ ਦਾ ਪਦ ਹੋਣ ਕਰਕੇ ਗਿਲਾਨੀ ਯੋਗ ਨਹੀਂ, ਅਰ ਆਪ ਦੇ ਨਿਸ਼ਚੈ

---

[1]ਵੇਦ ਅਨੁਸਾਰ "ਚੂੜਾਕਰਣ" ਸੰਸਾਰਕ ਅਰ ਮ੍ਰਿਤਕ ਕ੍ਰਿਯਾ ਪਰ ਭੱਦਣ ਕਰਾਉਣ ਵਾਲਾ, ਭਾਵ ਅਸਿੱਖ ਤੋਂ ਹੈ। ਗੁਰੂ ਦੇ ਸਹਿਜਧਾਰੀ ਸਿੱਖ ਭੀ ਮ੍ਰਿਤਕ ਕਰਮ ਕਰਨ ਲਈ ਨਾਈ ਅੱਗੇ ਸਿਰ ਝੁਕਾ ਕੇ ਔਰ ਉਸ ਦੇ ਚਰਨ ਕਮਲਾਂ ਦਾ ਧਿਆਨ ਕਰਦੇ ਹੋਏ ਮੁੰਡਨ ਅਰਥ ਨਹੀਂ ਬੈਠਦੇ ਸੇ। ਇਸ ਵਿਸ਼ਯ ਪਰ ਦੇਖੋ ਭਗਤ ਰਤਨਾਵਲੀ।

[2]ਅਸਿੱਖ ਨੂੰ ਪੁਤ੍ਰੀ ਦੇਣੀ ਐਸੀ ਹੈ, ਜੈਸਾ ਸੱਪ ਨੂੰ ਦੁੱਧ (ਅੰਮ੍ਰਿਤ) ਪਿਆਉਣਾ ਹੈ, ਭਾਵ ਇਹ ਹੈ ਕਿ ਇਸ਼ਟ ਇਕ ਨਾ ਹੋਣ ਕਰਕੇ ਪਤੀ ਔਰ ਇਸਤ੍ਰੀ ਦਾ ਪਰਸਪਰ ਪੂਰਨ ਪ੍ਰੇਮ ਨਹੀਂ ਹੁੰਦਾ, ਜੋ ਗ੍ਰਿਹਸਤ ਦੇ ਨਿਰਬਾਹ ਵਿਚ ਮਹਾਂ ਵਿਘਨਕਾਰੀ ਹੈ। ਔਰ ਅਸਿੱਖ, ਸਿੱਖ ਕੰਨਿਆ ਨੂੰ ਭੀ ਧਰਮ ਤੋਂ ਪਤਿਤ ਕਰ ਦਿੰਦਾ ਹੈ। ਇਸ ਵਿਸ਼ਯ ਬਾਬਤ ਬਹੁਤ ਦੁਖਦਾਈ ਪ੍ਰਸੰਗ ਸਾਨੂੰ ਐਸੇ ਮਲੂਮ ਹਨ, ਜਿਨ੍ਹਾਂ ਦੇ ਲਿਖਣ ਤੋਂ ਕਲਮ ਕੰਬਦੀ ਹੈ।

ਅਨੁਸਾਰ ਜੇ ਹਿੰਦੂ ਪਦ ਦੇ ਅਰਥ ਉਤਮ ਹਨ ਤਾਂ ਆਪ ਨੂੰ ਮੁਬਾਰਿਕ ਹੋਣ, ਅਸੀਂ ਕਦੇ ਨਹੀਂ ਆਖਦੇ ਕਿ ਹਿੰਦੂ ਬੁਰਾ ਨਾਉਂ ਹੈ, ਕਿਉਂਕਿ ਕਿਸੇ ਦੇ ਮਤ ਦਾ ਚਾਹੇ ਕੇਹਾ ਹੀ ਨਾਉਂ ਹੋਵੇ, ਉਸ ਵਿਚ ਦੂਸਰੇ ਮਤ ਦੇ ਆਦਮੀ ਨੂੰ ਕੋਈ ਤਰਕ ਨਹੀਂ ਕਰਨੀ ਚਾਹੀਦੀ, ਜੈਸੇ ਯੋਗੀਆਂ ਦੇ ਬਾਰਾਂ ਫਿਰਕਿਆਂ ਵਿਚੋਂ ਇਕ 'ਪਾਗਲ ਪੰਥ' ਹੈ, *ਜੇ ਅਸੀਂ ਉਸ ਨੂੰ ਸਮਝਾਉਣ ਜਾਈਏ ਕਿ ਤੁਸੀਂ ਆਪ ਨੂੰ* ਪਾਗਲ ਪੰਥੀ ਨਾ ਕਹਾਉ, ਤਾਂ ਸਾਡੀ ਮੂਰਖਤਾ ਹੈ।

ਅਰ "ਹਿੰਦੂ" ਨਾਉਂ ਸੰਸਕ੍ਰਿਤ ਹੈ ਜਾਂ ਫਾਰਸੀ, ਇਸ ਗੱਲ ਨੂੰ ਸੰਸਾਰ ਦੇ ਵਿਦਵਾਨ ਜਾਣਦੇ ਹਨ। ਔਰ ਆਪ ਦੇ ਪ੍ਰਸਿੱਧ ਕਾਂਸ਼ੀ ਨਿਵਾਸੀ ੪੫ ਪੰਡਤਾਂ ਨੇ ਸਾਲ ੧੯੨੦ ਵਿਚ ਬਿਵਸਥਾ ਦਿਤੀ ਹੈ ਕਿ :

"ਹਿੰਦੂ ਯਵਨ-ਸੰਕੇਤ ਪਦ ਹੈ, ਇਸ ਕਾਰਨ ਹਿੰਦੂ ਕਹਾਉਣਾ ਸਰਵਥਾ ਅਨੁਚਿਤ ਹੈ।"

ਔਰ ਅੱਜ ਤਾਈਂ 'ਭਾਰਤੋ ਧਾਰਕ' ਆਦਿਕ ਰਸਾਲਿਆਂ ਵਿਚ ਏਹੀ ਲਿਖਿਆ ਜਾਂਦਾ ਰਹਿਆ ਹੈ ਕਿ, ਹਿੰਦੂ ਨਾਉਂ ਮਲੇਛਾਂ ਦਾ ਰਖਿਆ ਹੋਇਆ ਹੈ, ਇਸ ਵਾਸਤੇ ਆਰਯ ਲੋਕਾਂ ਨੂੰ ਕਦੇ ਹਿੰਦੂ ਨਹੀਂ ਕਹਾਉਣਾ ਚਾਹੀਏ, ਔਰ ਨਾ ਆਰਯ ਵਰਤ ਨੂੰ ਹਿੰਦੁਸਤਾਨ ਆਖਣਾ ਲੋੜੀਏ।

ਹਿੰਦੂ ਪਦ ਵੇਦਾਂ, ਖਟ ਸ਼ਾਸਤ੍ਰਾਂ, ਸਿੰਮ੍ਰਤੀਆਂ ਅਤੇ ਰਾਮਾਇਣ, ਮਹਾਭਾਰਤ ਆਦਿਕ ਪੁਸਤਕਾਂ ਵਿਚ ਅਸੀਂ ਕਦੇ ਨਹੀਂ ਦੇਖਿਆ। [1]ਅਸਚਰਜ ਦੀ ਗੱਲ ਹੈ ਕਿ ਹੁਣ ਆਪ ਦੇ ਕੋਸ਼ਾਂ ਔਰ ਪੁਰਾਣਾਂ ਵਿਚੋਂ ਪੰਡਤ ਜੀ ਦੀ ਕ੍ਰਿਪਾ ਕਰਕੇ ਪ੍ਰਗਟ ਆਇਆ ਹੈ, ਪਰ ਕੇਹਾ ਚੰਗਾ ਹੁੰਦਾ ਜੇ ਇਹ ਉਦਮ ਇਸ ਚਰਚਾ ਦੇ ਉਠਣ ਤੋਂ ਪਹਿਲਾਂ ਕੀਤਾ ਜਾਂਦਾ। ਵਿਦਵਾਨਾਂ ਨੂੰ ਹੁਣ ਆਪਣਾ ਏਹ ਯਤਨ ਨਿਸਫਲ ਜਾਪਦਾ ਹੈ।

ਸਾਨੂੰ ਇਸ ਵੇਲੇ ਆਪ ਦੇ ਮੂੰਹੋਂ 'ਹਿੰਦੂ' ਪਦ ਸੰਸਕ੍ਰਿਤ ਭਾਸ਼ਾ ਦਾ ਹੋਣਾ ਸੁਣ ਕੇ ਭਾਰਤੇਂਦੂ ਬਾਬੂ ਹਰੀਸ਼ ਚੰਦਰ ਦਾ ਲੇਖ ਯਾਦ ਆਇਆ ਹੈ, ਜਿਸ ਦਾ ਸਾਰ ਇਉਂ ਹੈ :

ਦੱਖਣਾ ਦੇ ਕੇ ਜੇਹੀ ਬਿਵਸਥਾ ਕਰਨੀ ਚਾਹੀਏ, ਪੰਡਿਤ ਜੀ ਤੋਂ ਲੈ ਸਕੀਦੀ ਹੈ। ਔਰ ਜੋ ਬਾਤ ਸ਼ਾਸਤ੍ਰਾਂ ਵਿਚੋਂ ਸਿੱਧ ਕਰਾਉਣੀ ਚਾਹੇ, ਸੋ ਸਿੱਧ ਹੋ ਜਾਂਦੀ ਹੈ।

---

[1]ਇਹ ਗੱਲ ਆਪ ਕੇਵਲ ਹਿੰਦੂ ਮਤ ਵਿਚ ਹੀ ਦੇਖੋਗੇ ਕਿ ਧਰਮ ਮੂਲ ਪੁਸਤਕ ਵਿਚ ਜੋ ਧਰਮ ਦਾ ਨਾਉਂ ਨਹੀਂ ਹੈ, ਉਸ ਨੂੰ ਆਪਣੀ ਕੌਮ ਦਾ ਨਾਉਂ ਮੰਨ ਲਿਆ ਹੈ।

ਉਦਾਹਰਣ :

ਪ੍ਰਸ਼ਨ—ਕਯਾ ਪੰਡਿਤ ਜੀ! ਆਪ ਕ੍ਰਿਸਤਾਨ ਔਰ ਮੁਸਲਮਾਨਾਂ ਨੂੰ ਭੀ ਕਿਸੀ ਪ੍ਰਮਾਣ ਔਰ ਯੁਕਤੀ ਨਾਲ ਹਿੰਦੂ ਸਿੱਧ ਕਰ ਸਕਦੇ ਹੋ ?

ਪੰਡਿਤ ਜੀ ਦਾ ਉੱਤਰ—ਹਾਂ, ਦੱਖਣਾ ਲਿਆਓ, ਹੁਣੇ ਸਿੱਧ ਕਰਕੇ ਦਿਖਾ ਦੇਂਦੇ ਹਾਂ।

ਪ੍ਰਸ਼ਨ—ਭਲਾ ਕਿਸ ਤਰ੍ਹਾਂ ?

ਪੰਡਿਤ ਜੀ—ਭਾਈ! ਕ੍ਰਿਸਤਾਨ ਔਰ ਮੁਸਲਮਾਨ ਤਾਂ ਸ਼ੁੱਧ ਬ੍ਰਾਹਮਣ ਹਨ, ਅਸਲ ਬਾਤ ਇਉਂ ਹੈ ਕਿ ਯਾਦਵਾਂ ਦੇ ਦੋ ਪੁਰੋਹਿਤ ਸੇ. ਇਕ ਨੂੰ ਕ੍ਰਿਸ਼ਨ ਭਗਵਾਨ ਮੰਨਿਆ ਕਰਦੇ ਸੇ। ਇਸ ਕਰਕੇ ਉਸ ਪੁਰੋਹਿਤ ਦਾ ਨਾਉਂ 'ਕ੍ਰਿਸ਼ਨ ਮਾਨਜ' ਸੀ, ਦੂਜੇ ਨੂੰ ਕ੍ਰਿਸ਼ਨ ਜੀ ਦਾ ਭਾਈ [1]ਮੁਸਲਿ (ਬਲਭਦ੍ਰ) ਮੰਨਿਆ ਕਰਦਾ ਸੀ, ਇਸ ਕਰਕੇ ਉਸ ਦਾ ਨਾਉਂ 'ਮੁਸ਼ਲਿ ਮਾਨਜ' ਸੀ, ਇਹ ਦੋਵੇਂ (ਕ੍ਰਿਸਤਾਨ ਔਰ ਮੁਸਲਮਾਨ) ਮਤ, ਉਨ੍ਹਾਂ ਪੁਰੋਹਿਤਾਂ ਦੀ ਸੰਤਾਨ ਹਨ। ਲੋਕਾਂ ਨੂੰ ਸੰਸਕ੍ਰਿਤ ਦਾ ਸ਼ੁੱਧ ਉਚਾਰਣ ਨਹੀਂ ਆਉਂਦਾ, ਇਸ ਵਾਸਤੇ ਕ੍ਰਿਸ਼ਨ ਮਾਨਜ ਦੀ ਜਗ੍ਹਾ ਖਿਸਤਾਨ, ਔਰ ਮੁਸਲਿ ਮਾਨਜ ਦੀ ਜਗ੍ਹਾ ਮੁਸਲਮਾਨ ਆਖਣ ਲਗ ਪਏ। ਲਿਆਓ ਦੱਖਣਾ! ਤੁਹਾਨੂੰ ਹੁਣੇ ਇਹ ਬਿਵਸਥਾ ਲਿਖ ਕੇ ਦੇਈਏ।

ਪਿਆਰੇ ਹਿੰਦੂ ਭਾਈ! ਸਾਨੂੰ ਆਪ ਦੇ ਹਿੰਦੂ ਪਦ ਦਾ ਸੰਸਕ੍ਰਿਤ ਸਿੱਧ ਹੋਣਾ ਭੀ ਅਜੇਹੀ ਬਿਵਸਥਾ ਦਾ ਹੀ ਫਲ ਜਾਪਦਾ ਹੈ।

(੧) ਇੰਦੂ ਔਰ ਸਿੰਧੂ ਪਦ ਤੋਂ ਹਿੰਦੂ ਪਦ ਬਣਨਾ ਕੇਵਲ ਆਪ ਦੀ ਕਪੋਲ ਕਲਪਣਾ ਹੈ, ਆਪ ਦੇ ਪ੍ਰਾਚੀਨ ਗ੍ਰੰਥਾਂ ਤੋਂ ਸਿੱਧ ਨਹੀਂ ਹੈ। ਜੇ ਹੈ ਤਾਂ ਉਦਾਹਰਣ ਲਈ ਕੋਈ ਪ੍ਰਸੰਗ ਦਸੋ।

ਹਿੰਦੂ : ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ :

"ਹਿੰਦੂ ਸਾਲਾਹੀ ਸਾਲਾਹਨਿ" (ਵਾਰ ਆਸਾ)

ਸਿੱਖ : ਹਿੰਦੂ ਸਾਹਿਬ! ਤੁਕ ਕਾ ਅੱਧਾ ਹਿੱਸਾ ਪੜ੍ਹ ਕੇ ਅਗਿਆਨੀ ਸਿੱਖਾਂ ਨੂੰ ਧੋਖਾ ਨਾ ਦਿਓ। ਏਸ ਸ਼ਬਦ ਵਿਚ ਸਤਿਗੁਰਾਂ ਨੇ ਹਿੰਦੂਆਂ ਦੀ ਮਹਿਮਾ ਨਹੀਂ ਆਖੀ, ਧਿਆਨ ਦੇ ਕੇ ਸੁਣੋ! ਗੁਰੂ ਸ਼ਬਦ ਕੀ ਕਹਿੰਦਾ ਹੈ :

---

[1]ਬਲਭਦ੍ਰ ਆਪਣੇ ਹੱਥ ਵਿਚ ਹੱਲ ਅਤੇ ਮੂਸ਼ਲ ਰੱਖਦਾ ਹੁੰਦਾ ਸੀ, ਇਸ ਕਰਕੇ ਉਸ ਨੂੰ 'ਹਲੀ' ਔਰ 'ਮੂਸਲੀ' ਆਖਦੇ ਸੇ।

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥...
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥...
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥...
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥...
ਨਾਨਕ ਭਗਤਾਂ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
(ਸਲੋਕ ਮ: ੧, ਵਾਰ ਆਸਾ)

ਸ਼ਬਦ ਦਾ ਭਾਵ ਇਹ ਹੈ ਕਿ ਮੁਸਲਮਾਨ ਆਪਣੀ ਸ਼ਰ੍ਹਾ ਦੀ ਮਹਿਮਾ ਗਾਉਂਦੇ ਹਨ, ਹਿੰਦੂ ਖਟ ਦਰਸਨ ਅਤੇ ਸੰਖ, ਚੱਕ੍ਰ, ਤ੍ਰਿਸੂਲ ਆਦਿਕਧਾਰੀ ਦੇਵਤਿਆਂ ਦੇ ਚਤੁਰਭੁਜੀ, ਪੰਚਮੁਖੀ ਆਦਿਕ ਅਦਭੁਤ ਸਰੂਪਾਂ ਦੀ ਮਹਿਮਾ ਕਹਿੰਦੇ ਹਨ, ਦਾਨੀ ਲੋਕ ਦਾਨ ਦੇ ਕੇ ਹੀ ਤਸੱਲੀ ਹਾਸਲ ਕਰਦੇ ਹਨ, ਚੋਰ ਯਾਰ ਆਦਿਕ ਕੁਕਰਮੀ ਮੰਦ ਕਰਮਾਂ ਵਿਚ ਹੀ ਮਗਨ ਹਨ, ਪਰ ਹੇ ਵਾਹਿਗੁਰੂ ਤੇਰੇ ਭਗਤਾਂ ਨੂੰ ਕੇਵਲ ਮਹਿਮਾ ਦੀ ਹਰ ਵੇਲੇ ਭੁੱਖ (ਚਾਹ) ਹੈ, ਅਰ ਉਨ੍ਹਾਂ ਨੇ ਸਤਿਨਾਮ ਨੂੰ ਹੀ ਆਪਣਾ ਆਧਾਰ ਕੀਤਾ ਹੈ। ਮੇਰੇ ਪਿਆਰੇ ਹਿੰਦੂ ਜੀ ! ਇਸ ਸ਼ਬਦ ਵਿਚ ਹਿੰਦੂ ਮਤ ਦੀ ਮਹਿਮਾ ਕਿਥੇ ਹੈ ?

ਹਿੰਦੂ—ਦੇਖੋ ! ਗੁਰੂ ਗੋਬਿੰਦ ਸਿੰਘ ਸਾਹਿਬ ਛੱਕੇ ਛੰਦਾਂ ਵਿਚ ਖਾਲਸਾ ਪੰਥ ਨੂੰ ਹਿੰਦੂ ਕਥਨ ਕਰਦੇ ਹਨ, ਯਥਾ :

ਸਗਲ ਜਗਤ ਮੇਂ ਖਾਲਸਾ ਪੰਥ ਗਾਜੈ ॥
ਜਗੈ ਧਰਮ ਹਿੰਦੂ ਸਗਲ ਦੰਦ ਭਾਜੈ ॥

ਔਰ ਮੇਰੇ ਪ੍ਰੇਮੀ ਖਾਲਸਾ ਜੀ ! ਸਿੱਖ ਮਤ ਹਿੰਦੂਆਂ ਦਾ ਇਕ ਪੰਥ ਹੈ, ਜਿਸ ਤਰ੍ਹਾਂ ਬੈਰਾਗੀ, ਸੰਨਿਆਸੀ ਆਦਿਕ ਹਨ, 'ਕੌਮ' ਨਹੀਂ ਹੈ। ਅਸਲ ਵਿਚ ਆਪ ਕੌਮ ਔਰ ਪੰਥ ਦਾ ਅਰਥ ਸਮਝੇ ਬਿਨਾ ਹੀ ਐਵੇਂ ਰੌਲਾ ਮਚਾ ਰਹੇ ਹੋ। ਕੌਮ ਉਹ ਹੋ ਸਕਦੀ ਹੈ, ਜਿਸ ਦੀ ਗਿਣਤੀ ਬਹੁਤ ਹੋਵੇ। ਆਪ ਕੇਵਲ ਲੱਖਾਂ ਦੀ ਗਿਣਤੀ ਵਿਚ ਹੋ।

ਸਿੱਖ—ਮੇਰੇ ਪਿਆਰੇ ਹਿੰਦੂ ਜੀ ! ਇਹ ਛੰਦ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਬਣਾਏ ਹੋਏ ਨਹੀਂ, ਇਹ ਦੁਰਗਾ-ਭਗਤ ਭਾਈ ਸੁੱਖਾ ਸਿੰਘ ਪਟਨਾ ਸਾਹਿਬ ਦੇ ਗ੍ਰੰਥੀ ਦੀ ਰਚਨਾ ਹੈ। ਜੋ ਲੋਕ ਦਸਵੇਂ ਪਾਤਸ਼ਾਹ ਦੀ ਰਚਨਾ ਦੇ ਜਾਣੂ ਹਨ, ਉਹ ਚੰਗੀ ਤਰ੍ਹਾਂ ਸਮਝਦੇ ਹਨ ਕਿ [1]'ਹਮਨ' ਔਰ 'ਤੁਮਨ' ਪਦ ਗੁਰੂ ਸਾਹਿਬ ਨੇ

---

[1]ਸੁਣੋ ਤੁਮ ਭਵਾਨੀ ਹਮਨ ਕੀ ਪੁਕਾਰੇ...
ਤੁਮ ਦ੍ਵਾਰ ਪਰ ਸੀਸ ਆਪਣਾ ਘਸਾਊਂ ॥

ਆਪਣੇ ਕਾਵਯ ਵਿਚ ਕਦੇ ਨਹੀਂ ਬਰਤੇ ਔਰ ਏਹ ਬੋਲੀ ਨਿਰੱਖਰ (ਅਨਪੜ੍ਹ) [1]ਪੂਰਬੀਆਂ ਦੀ ਹੈ।

ਜੇ ਆਪ ਕਾ ਪੱਕਾ ਨਿਸਚਾ ਹੈ ਕਿ ਛੱਕੇ ਛੰਦ ਦਸਵੇਂ ਸਤਿਗੁਰੂ ਦੀ ਹੀ ਰਚਨਾ ਹੈ, ਤਾਂ ਲਓ ਸ਼ਰਧਾ ਨਾਲ ਕੰਨ ਦੇ ਕੇ ਸੁਣੋ, ਛੱਕੇ ਆਪ ਦੇ ਕਹੇ ਛੱਕੇ ਛੁਡਾਉਂਦੇ ਹਨ :

ਮੜ੍ਹੀ ਗੋਰ ਦੇਵਲ ਮਸੀਤਾਂ ਗਿਰਾਯੰ।
ਤੁਹੀਂ ਏਕ ਅਕਾਲ ਹਰਿ ਹਰਿ ਜਪਾਯੰ।
ਮਿਟੇਂ ਵੇਦ ਸ਼ਾਸਤ੍ਰ ਅਠਾਰਾਂ ਪੁਰਾਨਾਂ।
ਮਿਟੇਂ ਬਾਂਗ ਸਲਵਾਤ ਸੁੰਨਤ ਕੁਰਾਨਾਂ।
ਸਗਲ ਜਗਤ ਮੇ ਖਾਲਸਾ ਪੰਥ ਗਾਜੈ।
ਜਗੈ ਧਰਮ ਹਿੰਦੂ ਸਕਲ ਢੂੰਦ ਭਾਜੈ।

ਹੁਣ ਸਾਨੂੰ ਦਇਆ ਕਰ ਕੇ ਇਹ ਦੱਸੋ, ਕਿ ਦੇਵ ਮੰਦਰ, ਵੇਦ ਸ਼ਾਸਤ੍ਰ ਔਰ ਪੁਰਾਣਾਂ ਦਾ ਮਲੀਆ ਮੇਟ ਕਰ ਕੇ ਉਹ ਕਿਹੜਾ ਹਿੰਦੂ ਧਰਮ ਹੈ, ਜਿਸ ਦੇ ਸੰਸਾਰ ਪਰ ਫੈਲਾਉਣ ਲਈ ਆਪ ਦੇ ਪ੍ਰਮਾਣੀਕ ਛੱਕਿਆਂ ਵਿਚ ਬੇਨਤੀ ਕੀਤੀ ਗਈ ਹੈ ? ਔਰ ਆਪ 'ਢੂੰਦ' ਪਦ ਦਾ ਅਰਥ ਵੀ ਜਾਣਦੇ ਹੋਂ ਕਿ ਇਸ ਤੋਂ ਕੀ ਭਾਵ ਹੈ ? ਪ੍ਰੇਮੀ ਜੀ ! ਇਸ ਦਾ ਅਰਥ ਹੈ ਕਿ ਹਿੰਦੂ ਮੁਸਲਮਾਨ ਆਦਿਕ ਕੋਈ ਪੰਥ ਭੀ ਸੰਸਾਰ ਪਰ ਖਾਲਸੇ ਦੇ ਨਾਲ ਦੂਜਾ ਨਾ ਰਹੇ ਕੇਵਲ ਖਾਲਸਾ ਹੀ ਰਹਿ ਜਾਵੇ।

ਔਰ ਆਪ ਨੇ ਜੋ ਆਖਿਆ ਹੈ ਕਿ ਸਿਖ ਪੰਥ ਹੈ, ਕੌਮ ਨਹੀਂ। ਇਸ ਪਰ ਦੇਖੋ ! ਆਪ ਦੇ ਹੀ ਪਿਆਰੇ ਛੱਕੇ ਕੀ ਉਚਾਰਦੇ ਹਨ :

ਦੁਹੂੰ ਪੰਥ ਮੇਂ ਕਪਟ ਵਿਦਿਯਾ ਚਲਾਨੀ।
ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ।
ਕਰੋਂ ਖਾਲਸਾ ਪੰਥ ਤੀਸਰ ਪ੍ਰਵੇਸਾ।
ਜਗੈਂ ਸਿੰਘ ਜੋਧੇ ਧਰੈਂ ਨੀਲ ਭੇਸਾ।

ਪ੍ਰੇਮੀ ਜੀ ! ਆਪ ਦੇ ਪ੍ਰਮਾਣ ਮੰਨੇ ਹੋਏ ਛੱਕੇ ਹਿੰਦੂ ਔਰ ਮੁਸਲਮਾਨਾਂ ਨੂੰ ਭੀ 'ਪੰਥ' ਹੀ ਦਸਦੇ ਹਨ, ਕੌਮ ਨਹੀਂ ਆਖਦੇ। ਦੱਸੋ ਹੁਣ ਅਸੀਂ ਕੀ ਕਰੀਏ ? ਕ੍ਰਿਪਾ ਕਰ ਕੇ ਸਾਨੂੰ ਇਹ ਭੀ ਦਸਣਾ ਕਿ ਆਪ ਦੇ ਕੋਸ਼ ਵਿਚ 'ਕੌਮ' ਪਦ, 'ਹਿੰਦੂ'

---

[1]ਛੱਕਿਆਂ ਦੇ ਵਿਸ਼ੈ ਦੇਖੋ "ਗੁਰਮਤ ਨਿਰਣਯ ਸਾਗਰ" ਵਿਚ ਪੰਡਿਤ ਤਾਰਾ ਸਿੰਘ ਜੀ ਦੀ ਰਾਏ।

ਪਦ ਦੀ ਤਰ੍ਹਾਂ ਕਿਤੇ ਸੰਸਕ੍ਰਿਤ ਭਾਸ਼ਾ ਦਾ ਤਾਂ ਨਹੀਂ ਹੈ ?

ਅਸੀਂ ਆਪ ਤੋਂ ਇਹ ਭੀ ਮਾਲੂਮ ਕਰਨਾ ਚਾਹੁੰਦੇ ਹਾਂ ਕਿ ਕਿਤਨੀ ਗਿਣਤੀ ਹੋ ਜਾਣ ਪਰ ਕੋਈ ਮਤ ਕੌਮ ਕਹਾਉਣ ਯੋਗ ਹੋ ਜਾਂਦਾ ਹੈ,ਔਰ ਈਸਾਈ ਮੁਸਲਮਾਨ ਆਦਿਕ ਕਿੰਨੀ ਕਿੰਨੀ ਮਰਦਮ ਸ਼ੁਮਾਰੀ ਹੋਣ ਪਰ ਕੌਮ ਕਹਾਉਣ ਲੱਗੇ ਸੇ ?

ਹਿੰਦੂ : ਆਪ ਦੀਆਂ ਸਾਖੀਆਂ ਵਿਚ ਅਨੇਕ ਪ੍ਰਸੰਗ ਸਿੱਖਾਂ ਨੂੰ ਹਿੰਦੂ ਸਾਬਤ ਕਰਦੇ ਹਨ, ਔਰ ਗੁਰੂ ਤੇਗ ਬਹਾਦਰ ਸਾਹਿਬ ਨੇ ਬ੍ਰਾਹਮਣਾਂ ਵਾਸਤੇ ਆਪਣਾ ਸੀਸ ਦੇ ਦਿਤਾ, ਇਸ ਤੋਂ ਸਿੱਧ ਹੈ ਕਿ ਸਿੱਖ ਹਿੰਦੂ ਹਨ ।

ਸਿੱਖ : ਸਾਖੀਆਂ ਬਾਬਤ ਇਸ ਪੁਸਤਕ ਦੀ ਭੂਮਿਆ ਵਿਚ ਵਿਸਥਾਰ ਨਾਲ ਲਿਖਿਆ ਗਿਆ ਹੈ, ਏਥੇ ਦੁਹਰਾਉਣ ਦੀ ਲੋੜ ਨਹੀਂ, ਅਸੀਂ ਉਸੇ ਸਾਖੀ ਔਰ ਪ੍ਰਸੰਗ ਨੂੰ ਪ੍ਰਮਾਣ ਮੰਨਦੇ ਹਾਂ, ਜੋ ਗੁਰਬਾਣੀ ਤੋਂ ਵਿਰੁਧ ਨਾ ਹੋਵੇ ।

ਔਰ ਦੁਖੀ ਦੀਨ ਦੀ ਰਖਛਾ ਕਰਨੀ ਸਿਖ ਧਰਮ ਦਾ ਮੁਖ ਨਿਯਮ ਹੈ । ਜੇ ਸ਼ਰਣਾਗਤ ਦੁਖੀਆਂ ਦੀ ਰਖਸ਼ਾ ਵਾਸਤੇ, ਇਸ ਦੇਸ ਤੋਂ ਅਨਰਥ ਦੂਰ ਕਰਨ ਲਈ, ਪਰਉਪਕਾਰੀ ਸਤਿਗੁਰਾਂ ਨੇ ਸੀਸ ਦੇ ਦਿਤਾ, ਤਾਂ ਇਸ ਤੋਂ ਇਹ ਸਿੱਧ ਨਹੀਂ ਹੋ ਸਕਦਾ ਕਿ ਗੁਰੂ ਜੀ ਹਿੰਦੂ ਸੇ, ਸਗੋਂ ਗੁਰੂ ਤੇਗ ਬਹਾਦੁਰ ਸਾਹਿਬ ਨੇ ਔਰੰਗਜ਼ੇਬ ਨੂੰ ਸਿਆਹ ਮਿਰਚਾਂ ਫੂਕ ਕੇ ਦ੍ਰਿਸ਼ਟਾਂਤ ਦਵਾਰਾ ਦਸਿਆ ਕਿ ਤੇਰੀ ਇੱਛਾ ਦੋ ਮਜ਼ਹਬਾਂ ਤੋਂ ਇਕ ਕਰਨ ਦੀ ਹੈ ਪਰ ਅਕਾਲ ਪੁਰਖ ਦੀ ਇੱਛਾ ਹੈ ਕਿ ਦੋਹਾਂ ਤੋਂ ਭਿੰਨ ਇਕ [1]ਤੀਸਰਾ ਮਜ਼ਹਬ 'ਖਾਲਸਾ' ਹੋਵੇਗਾ। ਔਰ ਗੁਰੂ ਸਾਹਿਬ ਨੇ ਕੇਵਲ ਬ੍ਰਾਹਮਣਾਂ ਵਾਸਤੇ ਸੀਸ ਨਹੀਂ ਦਿਤਾ, ਸਗੋਂ ਸੰਸਾਰ ਮਾਤਰ ਦੇ ਹਿਤ ਲਈ ਆਪਣਾ ਆਪ ਕੁਰਬਾਨ ਕੀਤਾ ਹੈ, ਜੈਸਾ ਕਿ ਬਚਿੱਤ੍ਰ ਨਾਟਕ ਤੋਂ ਸਿੱਧ ਹੈ, ਯਥਾ :

ਸਾਧਨ ਹੇਤ ਇਤੀ ਜਿਨ ਕਰੀ ।
ਸੀਸ ਦੀਆ ਪਰ ਸੀ ਨ ਉਚਰੀ ॥

(ਬਚਿੱਤ੍ਰ ਨਾਟਕ)

ਆਪ ਕਿਸੇ ਯੁਕਤੀ ਕਰ ਕੇ ਭੀ ਇਹ ਸਿੱਧ ਨਹੀਂ ਕਰ ਸਕਦੇ ਕਿ 'ਸਾਧੁ' ਪਦ ਹਿੰਦੂ ਬੋਧਕ ਹੈ ।

---

[1]ਉਸ ਵੇਲੇ ਇਸ ਦੇਸ਼ ਵਿਚ ਪ੍ਰਸਿੱਧ ਕੌਮਾਂ, ਹਿੰਦੂ ਅਤੇ ਮੁਸਲਮਾਨ ਦੋ ਹੀ ਥੀਆਂ, ਜੇ ਈਸਾਈ ਆਦਿਕ ਹੋਰ ਕੌਮਾਂ ਵਿਸ਼ੇਸ਼ ਕਰਕੇ ਹੁੰਦੀਆਂ ਤਾਂ ਖਾਲਸਾ ਕੌਮ ਨੂੰ ਚੌਥਾ ਅਥਵਾ ਪੰਜਵਾਂ ਆਦਿਕ ਕਥਨ ਕੀਤਾ ਜਾਂਦਾ ।

ਔਰ ਪਿਆਰੇ ਹਿੰਦੂ ਭਾਈ ! ਸਤਿਗੁਰਾਂ ਦਾ ਉਪਦੇਸ਼ ਹੀ ਸਿਖਾਂ ਨੂੰ ਇਹ ਹੈ ਕਿ ਦੁਖੀ ਦੀਨ ਅਨਾਥ ਦੀ ਸਹਾਇਤਾ ਕਰੋ, ਇਸੀ ਉਪਦੇਸ਼ ਨੂੰ ਮੰਨ ਕੇ ਸਿੱਖਾਂ ਨੇ ਜੋ ਜੋ ਉਪਕਾਰ ਇਸ ਦੇਸ਼ ਪਰ ਕੀਤੇ ਹਨ ਔਰ ਅਨਿਆਏ ਨੂੰ ਦੂਰ ਕਰਨ ਲਈ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਨੂੰ ਤਵਾਰੀਖਾਂ ਦੱਸਦੀਆਂ ਹਨ, ਮੇਰੇ ਕਹਿਣ ਦੀ ਲੋੜ ਨਹੀਂ। ਅਸੀਂ ਆਪ ਨੂੰ ਤੇ ਮੁਸਲਮਾਨ ਈਸਾਈ ਆਦਿਕਾਂ ਨੂੰ ਭੀ ਆਪਣਾ ਅੰਗ ਹੀ ਸਮਝਦੇ ਹਾਂ ਔਰ ਸਭ ਨਾਲ ਭਾਈਚਾਰੇ ਵਾਲਾ ਵਰਤਾਉ ਕਰਦੇ ਹਾਂ, ਔਰ ਸਦੈਵ ਕਰਨਾ ਚਾਹੁੰਦੇ ਹਾਂ। ਪਰ ਮਜ਼ਹਬ ਦੇ ਖਿਆਲ ਕਰਕੇ ਅਸੀਂ ਹਿੰਦੂ ਨਹੀਂ ਹੋ ਸਕਦੇ, ਕਿਉਂਕਿ ਸਾਡਾ ਇਸ਼ਟ, ਉਪਾਸ਼ਨਾ ਔਰ ਧਾਰਮਿਕ ਚਿੰਨ੍ਹ ਆਦਿਕ ਆਪਣੀ ਕੌਮ ਦੇ ਨਿਯਮਾਂ ਅਨੁਸਾਰ ਆਪ ਤੋਂ ਅਲੱਗ ਹਨ, ਇਸ ਵਾਸਤੇ ਸਿੱਖ ਕੌਮ, ਹਿੰਦੂ ਈਸਾਈ ਮੁਸਲਮਾਨਾਂ ਦੀ ਤਰ੍ਹਾਂ ਇਕ ਵੱਖਰੀ ਕੌਮ ਹੈ।

ਬ੍ਰਿਥਾ ਚਰਚਾ ਕਰਨ ਨਾਲੋਂ ਅੱਛਾ ਹੈ ਕਿ ਅਸੀਂ ਆਪ ਨੂੰ ਵਿਸਥਾਰ ਨਾਲ ਸਿੱਖ ਧਰਮ ਪੁਸਤਕਾਂ ਦੇ ਹਵਾਲੇ ਦੇ ਕੇ ਦੱਸ ਦੇਈਏ ਕਿ ਆਪ ਦਾ ਔਰ ਸਾਡਾ ਕਿਤਨਾ ਭੇਦ ਹੈ :

## (੧) ਵੇਦ ਸਿਮ੍ਰਤੀ ਪੁਰਾਣ

ਆਪ ਵੇਦਾਂ ਨੂੰ ਈਸ਼ਵਰ ਦੇ ਸਵਾਸ, [1]ਨਿਤਯ ਔਰ ਸਿਮ੍ਰਤੀ ਪੁਰਾਣ ਆਦਿਕ ਪੁਸਤਕਾਂ ਨੂੰ ਆਪਣੇ ਧਰਮ ਦਾ ਅਧਾਰ ਮੰਨਦੇ ਹੋ, ਪਰ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਪੁਸਤਕ ਜਾਣਦੇ ਹਾਂ, ਔਰ ਉਸ ਦੇ ਆਸ਼ਯ ਅਨੁਸਾਰ ਜੋ ਸਾਖੀਆਂ ਆਦਿਕ ਧਰਮ ਪੁਸਤਕ ਹਨ, ਉਨ੍ਹਾਂ ਨੂੰ ਮੰਨਦੇ ਹਾਂ। ਗੁਰਸਿੱਖਾਂ ਲਈ ਸਤਿਗੁਰਾਂ ਦਾ ਇਹ ਹੁਕਮ ਹੈ :

(ੳ) ਸਤਿਗੁਰੂ ਬਿਨਾ ਹੋਰ ਕਚੇ ਕਚੀ ਹੈ ਬਾਣੀ ॥...
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥

(ਅ) ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
(ਅਨੰਦ ਮ: ੩)

(ੲ) ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥
(ਰਾਮਕਲੀ ਅਸਟਪਦੀ ਮ: ੪)

---

[1]ਗੁਰਮਤ ਵਿਚ ਵੇਦ ਪੁਸਤਕ ਨਿੱਤਯ ਨਹੀਂ, ਯਥਾ :
"ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥" (ਗਉੜੀ ਮ: ੫)

(ਸ) ਗੁਰਬਾਣੀ ਵਰਤੀ ਜਗ ਅੰਤਰ ਇਸ ਬਾਣੀ ਤੇ ਹਰਿਨਾਮ ਪਾਇਦਾ ॥ (ਮਾਰੂ ਮ: ੩)

(ਹ) ਗੁਰਬਾਣੀ ਇਸੁ ਜਗ ਮਹਿ ਚਾਨਣੁ ॥ (ਸ੍ਰੀ ਰਾਗ ਮ: ੩)

(ਕ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਗਉੜੀ ਵਾਰ, ਮ: ੪)

(ਖ) ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥ (ਆਸਾ ਮ: ੫)

(ਗ) ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ ॥
(ਆਸਾ ਛੰਤ ਮ. ੪)

(ਘ) ਗੁਰ ਬਾਣੀ ਗਾਵਹ ਭਾਈ ॥
ਓਹ ਸਫਲ ਸਦਾ ਸੁਖਦਾਈ ॥ (ਸੋਰਠ ਮ: ੫)

(ਙ) ਭਨਤਿ ਨਾਨਕੁ ਕਰੇ ਵੀਚਾਰੁ ॥
ਸਾਚੀ ਬਾਣੀ ਸਿਉ ਧਰੇ ਪਿਆਰੁ ॥
ਤਾ ਕੋ ਪਾਵੈ ਮੋਖ ਦੁਆਰੁ ॥
ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥ (ਧਨਾਸਰੀ ਮ: ੩)

(ਚ) ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨ ਮਾਨੈ, ਪਰਤਖਿ ਗੁਰੂ ਨਿਸਤਾਰੇ ॥
(ਨਟ ਮ: ੪)

(ਛ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ,
ਇਉ ਆਤਮਰਾਮੈ ਲੀਨਾ ਹੇ ॥ (ਮਾਰੂ ਮ: ੫)

ਪਿਆਰੇ ਹਿੰਦੂ ਭਾਈ ! ਵੇਦ ਸ਼ਾਸਤ੍ਰ ਆਦਿਕ ਆਪ ਦੇ ਧਰਮ ਪੁਸਤਕਾਂ ਪਰ ਜੋ ਸਤਿਗੁਰਾਂ ਦੀ ਰਾਇ ਹੈ, ਆਪ ਨੂੰ ਉਹ ਭੀ ਸੁਣਾਉਣੇ ਹਾਂ :

(ੳ) ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
(ਸੋਰਠਿ ਮ: ੧)

(ਅ) ਪੰਡਿਤ ਮੈਲੁ ਨ ਚੂਕਈ ਜੇ ਵੇਦ ਪੜੈ ਜੁਗ ਚਾਰਿ ॥ (ਸੋਰਠਿ ਮ:੩)

(ੲ) ਬੇਦ ਕਤੇਬ ਸੰਸਾਰ [1]ਹਭਾਹੂੰ ਬਾਹਰਾ ।
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ । (ਆਸਾ ਮ: ੫)

---

[1]ਸਭ ਤੋਂ ।

(ਸ) ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
(ਸੂਹੀ ਮ: ੫)

(ਹ) ਬ੍ਰਹਮਾ ਮੂਲੁ ਵੇਦ ਅਭਿਆਸਾ ॥
ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥
(ਗਉੜੀ ਅਸਟਪਟੀ, ਮ: ੩)

(ਕ) ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥
ਬਿਖਿਆ ਮੈਲੁ ਬਿਖਿਆ ਵਾਪਾਰੁ ॥ (ਮਲਾਰ ਮ: ੩)

(ਖ) ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥
[1]ਸਾਂਕਲ ਜੇਵਰੀ ਲੈ ਹੈ ਆਈ ॥ (ਗਉੜੀ ਕਬੀਰ)

(ਗ) ਬੇਦ ਕਤੇਬ [2]ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
(ਤਿਲੰਗ ਕਬੀਰ)

(ਘ) ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥
(ਅਨੰਦੁ ਮ: ੩)

(ਙ) ਸਿੰਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥
ਮਾਇਆ ਮੋਹੁ ਪਸਰਿਆ ਪਾਸਾਰਾ ॥ (ਮਾਰੂ ਮ: ੩)

(ਚ) ਪੜੇ ਰੇ ਸਗਲ ਬੇਦ, ਨਹ ਚੂਕੈ ਮਨ ਭੇਦ
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥ (ਧਨਾਸਰੀ ਮ: ੫)

(ਛ) ਬੇਦ ਪੜਹਿ ਹਰਿਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥ (ਮਾਰੂ ਮ: ੩)

(ਜ) ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥
ਬਿਨੁ ਨਾਵੈ ਜਮਡੰਡੁ ਸਹੈ, ਮਰਿ ਜਨਮੈ ਵਾਰੋ ਵਾਰ ॥
(ਮਲਾਰ ਮ: ੩)

(ਝ) ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥
(ਮਲਾਰ ਮ: ੩)

(ਞ) ਬ੍ਰਹਮੇ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਹ ਕਰਮ ਚਲਾਏ ॥

---

[1]ਸੰਗਲ । [2]ਕਪੋਲ ਕਲਪਣਾ ।

ਜਿਨ ਕੀ ਲਿਵ ਹਰਿ ਚਰਨਨ ਲਾਗੀ ॥
ਤੇ ਬੇਦਨ ਤੇ ਭਏ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥

(ਟ) ਸਿੰਮ੍ਰਿਤ ਸਾਸਤ੍ਰ ਬੇਦ ਸਭੈ
ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥

(ਠ) ਵੇਦ ਕਤੇਬ ਕੇ ਭੇਦ ਸਭੈ ਤਜਿ
ਕੇਵਲ ਕਾਲ ਕ੍ਰਿਪਾ ਨਿਧਿ ਮਾਨਯੋ ॥ (ਦਸਮ ਗੁਰੂ ਜੀ)

(ਡ) ਸਾਸਤਰ ਸਿੰਮ੍ਰਿਤਿ ਵੇਦ ਲਖ ਮਹਾਂ ਭਾਰਥ ਰਾਮਾਇਣ ਮੇਲੇ ।
ਸਾਰਗੀਤਾ ਲਖ ਭਾਗਵਤ ਜੋਤਕ ਵੈਦ ਚਲੰਤੀ ਖੇਲੇ ।
ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੂ ਬਹੁਚੇਲੇ ।
ਪੂਰਾ ਸਤਿਗੁਰੁ ਗੁਰਾਂ ਗੁਰੁ, ਮੰਤ੍ਰ ਮੂਲ ਗੁਰੁਬਚਨ ਸੁਹੇਲੇ ।

(ਢ) ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੇ,
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ॥
ਪੂਛਤ ਨ ਜੋਤਕ ਔ ਵੇਦ ਤਿਥਿ ਵਾਰ ਕਛੂ,
ਗ੍ਰਿਹਿ ਔ ਨਛਤ੍ਰ ਕੀ ਨ ਸੰਕਾ ਉਰਿ ਧਾਰੀ ਹੈ ॥ (ਭਾਈ ਗੁਰਦਾਸ ਜੀ)

ਹਿੰਦੂ : ਆਪ ਜਿਨ੍ਹਾਂ ਸ਼ਬਦਾਂ ਦੇ ਹਵਾਲੇ ਦਿੰਦੇ ਹੋ, ਏਹ ਗਯਾਨ ਕਾਂਡ ਦੇ ਹਨ, ਵੇਦ ਵਿਚ ਕਰਮ, ਉਪਾਸ਼ਨਾ ਔਰ ਗਯਾਨ ਏਹ ਤਿੰਨ ਕਾਂਡ ਵੱਖੋ ਵੱਖ ਹਨ। ਆਚਾਰਯ ਲੋਗ ਜੈਸਾ ਅਧਿਕਾਰੀ ਦੇਖਦੇ ਹਨ, ਓਹੋ ਜੇਹਾ ਉਪਦੇਸ਼ ਕਰਦੇ ਹਨ, ਇਸ ਵਾਸਤੇ ਇਨ੍ਹਾਂ ਸ਼ਬਦਾਂ ਦਾ ਉਪਦੇਸ਼ ਹਰੇਕ ਵਾਸਤੇ ਨਹੀਂ ਹੈ ।

ਸਿੱਖ : ਪਿਆਰੇ ਭਾਈ ! ਸਾਡੇ ਸਤਿਗੁਰਾਂ ਨੇ ਏਹ ਸ਼ਬਦ ਸਭ ਦੇ ਹਿਤ ਲਈ ਯਥਾਰਥ ਉਚਾਰਣ ਕੀਤੇ ਹਨ, ਕਿਸੇ ਖਾਸ ਕਾਂਡ ਦੇ ਅਧਿਕਾਰੀ ਵਾਸਤੇ ਨਹੀਂ, ਔਰ ਸਿਖ ਮਤ ਵਿਚ ਆਪ ਦੇ ਧਰਮ ਦੀ ਤਰ੍ਹਾਂ ਕਰਮ, ਉਪਾਸ਼ਨਾ ਔਰ ਗਿਆਨ ਕਾਂਡ ਨਹੀਂ । ਅਸੀਂ ਪੰਥ ਦੀ ਸੇਵਾ, ਉਪਕਾਰ, ਨਾਮ, ਦਾਨ, ਇਸ਼ਨਾਨ ਔਰ ਧਰਮ ਕਿਰਤ ਆਦਿਕ ਸ਼ੁਭ ਕਰਮਾਂ ਨੂੰ 'ਕਰਮ ਕਾਂਡ' ਜਾਣਦੇ ਹਾਂ, ਆਪ ਦੀ ਤਰ੍ਹਾਂ ਚਮਚਿਆਂ ਨਾਲ ਪਾਣੀ ਫੱਕਣਾ, ਕੰਨ ਨੱਕ ਨੂੰ ਹੱਥ ਲਾ ਲਾ ਤਾੜੀਆਂ ਮਾਰਨੀਆਂ ਔਰ ਘੀ ਜੇਹੇ ਉੱਤਮ ਪਦਾਰਥ ਨੂੰ ਬਿਰਥਾ ਅੱਗ ਵਿਚ ਫੂਕਣਾ, ਇਤਿਆਦਿਕ ਕਰਮਾਂ ਨੂੰ ਕਰਮ ਕਾਂਡ ਨਹੀਂ ਮੰਨਦੇ ।

ਔਰ ਮਨ ਨੂੰ ਠਹਿਰਾ ਕੇ ਗੁਰਬਾਣੀ ਦਾ ਪਾਠ ਕਰਨਾ, ਵਾਹਿਗੁਰੂ ਨੂੰ ਸਰਬ ਵਿਆਪੀ ਮੰਨ ਕੇ ਉਸ ਦੇ ਪ੍ਰੇਮ ਵਿਚ ਨਿਰਗਮ ਹੋਣਾ ਹੀ ਸਿਖ ਧਰਮ ਵਿਚ 'ਉਪਾਸ਼ਨਾ' ਹੈ। ਆਪ ਦੇ ਮਤ ਦੀ ਤਰ੍ਹਾਂ ਕਿਸੇ ਮੂਰਤਿ ਨੂੰ ਅੱਗੇ ਰੱਖ ਕੇ ਘੰਟੇ ਬਜਾਉਣੇ ਤੇ ਔਰ ਭੋਗ ਲਾਉਣੇ ਉਪਾਸਨਾ ਨਹੀਂ ਹੈ।

ਇਸੀ ਤਰ੍ਹਾਂ ਅਕਾਲ ਪੁਰਖੁ ਔਰ ਆਪਣੇ ਆਪ ਦਾ ਯਥਾਰਥ ਪਹਿਚਾਨਣਾ ਸਾਡੇ ਧਰਮ ਵਿਚ 'ਗਯਾਨ' ਹੈ, ਸ਼ੁਸ਼ਕ ਵੇਦਾਂਤੀਆਂ ਦੀ ਤਰ੍ਹਾਂ ਆਪਣੇ ਆਪ ਨੂੰ ਰੱਬ ਮੰਨ ਕੇ ਭਗਤੀ ਭਾਵ ਤੋਂ ਪਤਿਤ ਹੋ ਕੇ 'ਅਹੰਬ੍ਰਹਮਾਸਮਿ' ਦੇ ਨਾਹਰੇ ਮਾਰਨੇ ਗਿਆਨ ਨਹੀਂ ਹੈ।

ਜਿਸ ਬਾਣੀ ਦਾ ਅੰਮ੍ਰਿਤ ਛਕਣ ਵੇਲੇ ਉਪਦੇਸ਼ ਹੁੰਦਾ ਹੈ ਔਰ ਜੋ ਗੁਰਸਿਖਾਂ ਲਈ ਨਿਤ ਪੜ੍ਹਨੀ ਵਿਧਾਨ ਹੈ, ਉਸ ਵਿਚ ਤਿੰਨੇ ਕਾਂਡ ਭਰੇ ਹੋਏ ਹਨ, ਜਿਹਨਾਂ ਨੂੰ ਗੁਰਮਤਿ ਅਨੁਸਾਰ ਸਿਖ ਮੰਨਦੇ ਔਰ ਅਮਲ ਕਰਦੇ ਹਨ।

ਹਿੰਦੂ : ਦੇਖੋ ਗੁਰੂ ਗ੍ਰੰਥ ਸਾਹਿਬ ਵਿਚ ਵੇਦ ਸੁਣਨ ਦੀ ਆਗਿਆ ਹੈ।

ਸੁਣਿਐ ਸਾਸਤ ਸਿਮ੍ਰਿਤਿ ਵੇਦ ॥

ਸਿਖ : ਏਥੇ ਇਹ ਉਪਦੇਸ਼ ਨਹੀਂ ਕਿ ਸਿਖ ਸ਼ਾਸਤ੍ਰ ਅਤੇ ਵੇਦਾਂ ਨੂੰ ਆਪਣੇ ਧਰਮ ਪੁਸਤਕ ਮੰਨ ਕੇ ਸੁਣਨ। ਇਸ ਜਗ੍ਹਾ ਸੁਣਨ ਦਾ ਪ੍ਰਕਰਣ ਔਰ ਮਹਾਤਮ ਚੱਲਿਆ ਹੋਇਆ ਹੈ ਕਿ ਸੁਣਨ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਦੇਖੋ ! ਗੁਰੂ ਸਾਹਿਬ ਅਗੇ ਫੁਰਮਾਉਂਦੇ ਹਨ :

ਸੁਣਿਐ ਸਰਾ ਗੁਣਾ ਕੇ ਗਾਹ ॥
ਸੁਣਿਐ ਸੇਖ ਪੀਰ ਪਾਤਿਸਾਹ ॥
... ... ...
ਸੁਣਿਐ ਦੂਖ ਪਾਪ ਕਾ ਨਾਸੁ ॥

ਹਿੰਦੂ : ਗੁਰੂ ਸਾਹਿਬ ਕਹਿੰਦੇ ਹਨ :

ਵੇਦ ਕਹਨਿ ਇਕ ਵਾਤ ॥

ਸਿੱਖ : ਪਿਆਰੇ ਹਿੰਦੂ ਭਾਈ ! ਅਗਲੀ ਤੁਕ ਕਿਉਂ ਨਹੀਂ ਪੜ੍ਹਦਾ ਕਿ :

*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*

ਹਿੰਦੂ : ਦੇਖੋ ! ਗੁਰੂ ਸਾਹਿਬ ਆਖਦੇ ਹਨ :

ਅਹਰਣਿ ਮਤਿ ਵੇਦੁ ਹਥੀਆਰੁ ॥

ਸਿੱਖ : ਏਥੇ ਆਪ ਦੇ ਉਹ ਵੇਦ ਪੁਸਤਕ ਨਹੀਂ, ਜਿਨ੍ਹਾਂ ਵਿਚ ਅ ਗਨੀ, ਸੂਰਜ ਅਤੇ ਇੰਦ੍ਰ ਆਦਿਕ ਦੇਵਤਿਆਂ ਦੇ ਗੁਣ ਗਾਏ ਹਨ, ਔਰ ਖਾਣੇ ਦੀ ਉਤਮ ਸਾਮਗ੍ਰੀ ਨੂੰ ਭਸਮ ਕਰਨ ਵਾਲਾ ਹਵਨ ਵਿਧਾਨ ਕੀਤਾ ਹੈ, ਇਸ ਜਗ੍ਹਾ ਵੇਦ ਪਦ ਦਾ ਅਰਥ ਯਥਾਰਥ ਗਿਆਨ ਹੈ। ਆਪ ਦੀ ਤਸੱਲੀ ਵਾਸਤੇ ਅਸੀਂ ਆਪ ਦੇ ਹੀ ਸ਼ਾਸਤ੍ਰ ਦਾ ਹਵਾਲਾ ਦਿੰਦੇ ਹਾਂ :

"ਵੇਦ ਨਾਮਕ ਪੋਥੀਆਂ ਦੇ ਨਾਉਂ ਵੇਦ ਨਹੀਂ, ਵੇਦ ਦਾ ਅਰਥ ਪਰਮ ਗਿਆਨ ਹੈ, ਜੋ ਗਿਆਨ ਨੂੰ ਪ੍ਰਾਪਤ ਹੋ ਕੇ ਪਰਮ ਪਦ ਲਭਦਾ ਹੈ, ਉਸੀ ਨੂੰ ਵੇਦ ਗਿਆਤਾ ਆਖੀਦਾ ਹੈ।" (ਬ੍ਰਹਤ ਪਰਾਸਰ ਸਹਿੰਤਾ, ਅ: ੪)

ਅਥਰਵ ਵੇਦ ਸੰਬੰਧੀ 'ਮੁੰਡਕ' ਉਪਨਿਸ਼ਦ ਵਿਚ ਲਿਖਿਆ ਹੈ ਕਿ ਇਕ ਪਰਾ (ਮਹਾਂ) ਵਿਦਿਆ ਹੈ, ਦੂਜੀ ਅਪਰਾ (ਸਾਧਾਰਣ) ਵਿਦਿਆ ਹੈ। ਰਿਗ, ਯਜੁਰ, ਸ਼ਾਮ ਔਰ ਅਥਰਵ, ਵਿਆਕਰਣ ਜੋਤਿਸ਼ ਆਦਿਕ ਸਭ ਅਪਰਾ ਵਿਦਿਆ ਹੈ ਔਰ ਪਰਾ ਓਹ ਹੈ ਜਿਸ ਕਰਕੇ ਅਬਿਨਾਸ਼ੀ ਪਰਮਾਤਮਾ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਜਪੁਜੀ ਵਿਚ ਜੋ 'ਵੇਦੁ ਹਥੀਆਰੁ' ਲਿਖਿਆ ਹੈ ਸੋ ਉਸ ਮਹਾਂ ਗਿਆਨ ਦਾ ਨਾਮ ਹੈ, ਜਿਸ ਨੂੰ 'ਪਰਾ ਵਿਦਿਆ' ਆਖਿਆ ਗਿਆ ਹੈ।

ਹਿੰਦੂ : ਦੇਖੋ ! ਜਪੁਜੀ ਵਿਚ ਲਿਖਿਆ ਹੈ :

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

ਸਿਖ : ਏਹ ਭੀ ਤਾਂ ਲਿਖਿਆ ਹੈ :

"ਗਾਵਹਿ ਖਾਣੀ ਚਾਰੇ ॥" ਅਰ

"ਤੁਧੁ ਧਿਆਇਨ੍ਹਿ ਵੇਦ ਕਤੇਬਾ ਸੁਣ ਖੜੇ ॥"

ਜਿਥੇ ਡੱਡੂ, ਬਿੰਡੇ, ਪਸ਼ੂ, ਪੰਛੀ ਭੀ ਸਾਡੇ ਸਤਿਗੁਰਾਂ ਨੂੰ ਵਾਹਿਗੁਰੂ ਜਾਪ ਕਰਦੇ ਪ੍ਰਤੀਤ ਹੁੰਦੇ ਹਨ, ਓਥੇ ਏਹ ਕਹਿਣਾ, ਕੀ ਆਪ ਦੇ ਮਤ ਦੀ ਪੁਸ਼ਟੀ ਕਰਦਾ ਹੈ ?

ਸਾਡੇ ਸਤਿਗੁਰੂ ਜੀ ਫਰਮਾਉਂਦੇ ਹਨ :

"ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਆਪਾ ਕਰਦੀਆਂ ਇਸਤ੍ਰੀਆਂ ਨੂੰ ਭੀ

ਵਾਹਿਗੁਰੂ ਦਾ ਜਾਪ ਕਰਦੀਆਂ ਦੱਸਿਆ ਹੈ, ਯਥਾ :

"ਹੈ ਹੈ ਕਰਿਕੈ ਓਹਿ ਕਰੇਨਿ ॥
ਗਲਾਂ ਪਿਟਨਿ ਸਿਰੁ ਖੋਹੇਨਿ ॥
ਨਾਉ ਲੈਨਿ ਅਰੁ ਕਰਨਿ ਸਮਾਇ ॥
ਨਾਨਕ ਤਿਨ ਬਲਿਹਾਰੈ ਜਾਇ ॥"

ਅਰ ਜਗਤ ਗੁਰੂ ਨੂੰ ਹਰਟ ਦੀ ਧੁਨੀ ਭੀ ਕਰਤਾਰ ਦਾ ਜਾਪ ਹੀ ਭਾਸਦੀ ਸੀ। ਦੇਖੋ ਸਲੋਕ ਵਾਰਾਂ ਤੋਂ ਵਧੀਕ 'ਹਰਿਹਟ ਭੀ ਤੂੰ ਤੂੰ ਕਰਹਿ'।

ਹਿੰਦੂ : ਗ੍ਰੰਥ ਸਾਹਿਬ ਵਿਚ ਲਿਖਿਆ ਹੈ :

'ਵੇਦ ਪਾਠ ਮਤਿ ਪਾਪਾ ਖਾਇ ॥'

ਸਿੱਖ : ਇਸ ਦਾ ਇਹ ਅਰਥ ਹੈ ਕਿ ਗਿਆਨ ਵਿਚਾਰ ਨਾਲ ਪਾਠ ਕੀਤਾ ਹੋਇਆ ਪਾਪਾਂ ਨੂੰ ਇਸ ਤਰ੍ਹਾਂ ਨਾਸ ਕਰ ਦਿੰਦਾ ਹੈ, ਜਿਸ ਤਰ੍ਹਾਂ :

'ਦੀਵਾ ਬਲੈ ਅੰਧੇਰਾ ਜਾਇ ॥'

ਜੋ ਲੋਕ ਅਰਥ ਵਿਚਾਰ ਬਿਨਾਂ ਪਾਠ ਕਰਦੇ ਹਨ, ਉਨ੍ਹਾਂ ਨੂੰ ਲਾਭ ਨਹੀਂ ਪ੍ਰਾਪਤ ਹੁੰਦਾ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਕ ਸਿੱਖ ਨੂੰ ਜੋ ਅਰਥ ਵਿਚਾਰ (ਵੇਦ) ਬਿਨਾਂ ਅਸ਼ੁੱਧ ਗੁਰਬਾਣੀ ਪੜ੍ਹ ਰਹਿਆ ਸੀ, ਡੰਨ ਦਿਤਾ ਸੀ।

ਪਿਆਰੇ ਹਿੰਦੂ ਭਾਈ ! ਜੇ ਆਪ ਦਾ ਏਹੀ ਪੱਕਾ ਹਠ ਹੈ ਕਿ ਵੇਦ ਨਾਮਕ ਪੁਸਤਕਾਂ ਦਾ ਪਾਠ ਪਾਪਮਤੀ ਦੂਰ ਕਰ ਦਿੰਦਾ ਹੈ, ਤਾਂ ਆਓ ਮੂਰਖ, ਦੁਰਾ-ਚਾਰੀਆਂ ਪਾਸ ਵੇਦ ਦੀ ਧੁਨੀ ਕਰੀਏ ਔਰ ਪ੍ਰੀਖਛਾ ਕਰੀਏ ਕਿ ਹੁਣ ਉਨ੍ਹਾਂ ਦੀ ਪਾਪਮਤੀ ਬਦਲ ਕੇ ਪੁੰਨਮੁਤੀ ਹੋਈ ਹੈ ਜਾਂ ਨਹੀਂ, ਔਰ ਆਪ ਨੂੰ ਨਿਰਸੰਦੇਹ ਕਰਨ ਵਾਸਤੇ ਕਿ ਇਹ ਸ਼ਬਦ ਵਿਚ ਵੇਦ ਪਾਠ ਦੀ ਮਹਿਮਾ ਨਹੀਂ, ਇਸੇ ਦੀਆਂ ਅਗਲੀਆਂ ਤੁਕਾਂ ਲਿਖਦੇ ਹਾਂ :

ਬੇਦ ਪਾਠ ਸੰਸਾਰ ਕੀ ਕਾਰ ॥
ਪੜਿ ਪੜਿ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ (ਵਾਰ ਸੂਹੀ ਮ: ੧)

ਹਿੰਦੂ : ਗੁਰੂ ਸਾਹਿਬ ਕਹਿੰਦੇ ਹਨ :
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ,
ਫਿਰਹਿ ਜਿਉ ਬੇਤਾਲਿਆ ॥ (ਅਨੰਦ)

ਸਿੱਖ : ਇਸ ਦਾ ਅਰਥ ਹੈ ਕਿ ਵੇਦਾਂ ਵਿਚ ਜੇ ਕੋਈ ਉੱਤਮ ਵਸਤੂ ਹੈ, ਤਾਂ ਵਾਹਿਗੁਰੂ ਦਾ (ਕਿਤੇ ਨਾਮ ਮਾਤ੍ਰ) ਨਾਮ ਹੈ, ਸੋ ਉਸ ਨੂੰ ਤਾਂ ਅਗਿਆਨੀ ਲੋਕ ਸੁਣਦੇ ਔਰ ਵਿਚਾਰਦੇ ਨਹੀਂ, ਯੱਗ ਔਰ ਹਵਨ ਆਦਿਕ ਬਿਰਥਾ ਕੰਮਾਂ ਵਿਚ ਬੇਤਾਲਾਂ ਦੀ ਤਰ੍ਹਾਂ ਭਟਕਦੇ ਫਿਰਦੇ ਹਨ। ਗੁਰੂ ਸਾਹਿਬ ਦਾ ਬਚਨ ਹੈ :

ਹਰਿ ਕੇ ਨਾਮ ਹੀਨ ਬੇਤਾਲ ॥ (ਸਾਰੰਗ ਮਹਲਾ ੫)

ਇਸ ਤੁਕ ਵਿਚ ਗੁਰੂ ਸਾਹਿਬ ਨੇ ਵੇਦਾਂ ਨੂੰ ਉੱਤਮ ਨਹੀਂ ਦਸਿਆ, ਵਾਹਿਗੁਰੂ ਦਾ ਨਾਮ ਉੱਤਮ ਕਥਨ ਕੀਤਾ[1] ਹੈ।

ਹਿੰਦੂ : ਚਾਰਿ ਪੁਕਾਰਹਿ ਨਾ ਤੂ ਮਾਨਹਿ ॥
ਖਟੁ ਭੀ ਏਕਾ ਬਾਤ ਵਖਾਨਹਿ ॥
ਦਸ ਅਸਟੀ ਮਿਲਿ ਏਕੋ ਕਹਿਆ ॥
ਤਾ ਭੀ ਜੋਗੀ ਭੇਦੁ ਨ ਲਹਿਆ ॥

ਸਿੱਖ : ਜੋਗੀ, ਜੋ ਵੇਦ ਸ਼ਾਸਤਰਾਂ ਦਾ ਵਿਸ਼ਵਾਸੀ ਸੀ, ਉਸ ਨੂੰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਜੋਗੀ ! ਤੂੰ ਆਪਣੇ ਮਤ ਦੇ ਸ਼ਾਸਤਰਾਂ ਨੂੰ ਪੜ੍ਹ ਸੁਣ ਕੇ ਭੀ ਪ੍ਰਮਾਤਮਾ ਦਾ ਭੇਤ ਨਹੀਂ ਪਾਇਆ, ਐਵੇਂ ਪਾਣੀ ਬਿਲੋਇਆ ਹੈ। ਔਰ ਹਿੰਦੂ ਭਾਈ ਸਾਹਿਬ ! ਯੋਗੀ ਨੂੰ ਸਤਿਗੁਰ ਇਉਂ ਆਖਦੇ ਹਨ ਕਿ ਹੇ ਯੋਗੀ ! ਦੇਖ ਕੁਰਾਨ ਔਰ ਅੰਜੀਲ ਇਹ ਉਪਦੇਸ਼ ਦੇ ਰਹੇ ਹਨ, ਪਰ ਤੈਂ ਉਨ੍ਹਾਂ ਦੇ ਮਰਮ ਨੂੰ ਨਹੀਂ ਪਾਇਆ।

ਜਿਸ ਤਰ੍ਹਾਂ ਹਿੰਦੂ ਯੋਗੀ ਨੂੰ ਸਤਿਗੁਰਾਂ ਨੇ ਉਪਦੇਸ਼ ਦਿਤਾ ਹੈ, ਇਸੀ ਤਰ੍ਹਾਂ ਮੁਸਲਮਾਨਾਂ ਪ੍ਰਤੀ ਕਥਨ ਕਰਦੇ ਹਨ :

'ਦੋਜਕਿ ਪਉਦਾ ਕਿਉ ਰਹੈ, ਜਾ ਚਿਤਿ ਨ ਹੋਇ ਰਸੂਲਿ ॥'
'ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥'
'ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥'

---

[1]ਸੰਪ੍ਰਦਾਈ ਗਿਆਨੀ ਏਸ ਤੁਕ ਦਾ ਅਨਵੈ ਇਸ ਤਰ੍ਹਾਂ ਭੀ ਕਰਦੇ ਹਨ :

"ਨਾਮੁ ਉਤਮੁ ਸੋ ਸੁਣਹਿ ਨਾਹੀ
ਵੇਦਾ ਮਹਿ ਬੇਤਾਲਿਆ ਜਿਉ ਫਿਰਹਿ ।"

'ਸਚੁ ਕਮਾਵੈ ਸੋਈ ਕਾਜੀ, ਜੋ ਦਿਲ ਸੋਧੇ ਸੋਈ ਹਾਜੀ ॥'...
'ਸੋ ਮੁਲਾ [1]ਮਲਊਨ ਨਿਵਾਰੈ ਸੋ ਦਰਵੇਸੁ ਜਿਸ ਸਿਫਤਿ ਧਰਾ ॥'

ਕੀ ਇਨ੍ਹਾਂ ਉਪਦੇਸ਼ਾਂ ਦਾ ਆਪ ਇਹ ਸਿੱਟਾ ਕੱਢੋਗੇ ਕਿ ਗੁਰੂ ਸਾਹਿਬ ਸਿੱਖਾਂ ਨੂੰ ਮੁਹੰਮਦ ਸਾਹਿਬ ਦੀ ਪੈਰਵੀ ਕਰਨ ਦਾ ਹੁਕਮ ਦਿੰਦੇ ਹਨ। ਅਸਲ ਵਿਚ ਆਪ ਉਪਦੇਸ਼ ਦੇ ਢੰਗ ਤੇ ਸਤਿਗੁਰਾਂ ਦੇ ਆਸ਼ੇ ਤੋਂ ਅਗਿਆਨੀ ਹੋ।

ਹਿੰਦੂ : ਗ੍ਰੰਥ ਸਾਹਿਬ ਵਿਚ ਲਿਖਿਆ ਹੈ :
'ਵੇਦ ਪੁਰਾਨ ਕਹੋ ਮਤਿ ਝੂਠੇ ਝੂਠਾ ਜੋ ਨਾ ਬਿਚਾਰੈ।'

ਸਿੱਖ : ਪਾਠ ਸਹੀ ਇਸ ਤਰ੍ਹਾਂ ਹੈ :
'ਬੇਦ ਕਤੇਬ ਕਹਹੁ ਮਤ ਝੂਠੇ ॥'

ਇਸ ਦਾ ਭਾਵ ਇਹ ਹੈ—ਕਾਂਸ਼ੀ ਵਿਚ ਕਬੀਰ ਜੀ ਪਾਸ ਹਿੰਦੂ ਔਰ ਮੁਸਲਮਾਨ ਇਕ ਦੂਜੇ ਦੀ ਨਿੰਦਾ ਕਰਦੇ ਹੋਏ, ਔਰ ਇਕ ਦੂਜੇ ਦੀਆਂ ਧਰਮ ਪੁਸਤਕਾਂ ਨੂੰ ਗਾਲ੍ਹੀਆਂ ਦਿੰਦੇ ਹੋਏ ਆਏ, [2]ਜਿਸ ਪਰ ਕਬੀਰ ਜੀ ਨੇ ਸ਼ਾਂਤੀ ਕਰਾਉਣ ਲਈ ਉੱਤਮ ਉਪਦੇਸ਼ ਦਿਤਾ ਕਿ ਐਵੇਂ ਬਿਨਾਂ ਵਿਚਾਰੇ ਪੱਖਪਾਤ ਕਰਕੇ ਕ੍ਰੋਧ ਦੇ ਅਧੀਨ ਹੋ ਕੇ ਵੇਦ ਔਰ ਕੁਰਾਨ ਨੂੰ ਝੂਠੇ ਝੂਠੇ ਨਾ ਕਹੋ, ਅਸਲੀਅਤ ਸਮਝ ਕੇ ਜੋ ਕੁਝ ਆਖਣਾ ਹੈ, ਸੋ ਯਥਾਰਥ ਆਖੋ ਅਰ ਸ਼ਾਂਤੀ ਨਾਲ ਧਰਮ ਗ੍ਰੰਥਾਂ ਦੇ ਮਰਮ ਨੂੰ ਸਮਝੋ।

ਆਪ ਨੇ ਕਬੀਰ ਜੀ ਦਾ ਸ਼ਬਦ ਵੇਦਾਂ ਦੀ ਤਾਈਦ ਵਿਚ (ਬਿਨਾਂ ਪ੍ਰਸੰਗ ਸਮਝੇ) ਦਿਤਾ ਹੈ, ਅਸੀਂ ਮੁਨਾਸਬ ਜਾਣਦੇ ਹਾਂ ਕਿ ਆਪ ਨੂੰ ਕਬੀਰ ਜੀ ਦੀ ਆਪਣੀ ਰਾਏ ਵੇਦ ਔਰ ਕੁਰਾਨ ਬਾਬਤ ਸੁਣਾਈਏ, ਜੋ ਇਹ ਹੈ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨਾ ਜਾਇ ॥

ਮੇਰੇ ਮਿੱਤਰ ਹਿੰਦੂ ਜੀ! ਸਾਡੇ ਸਤਿਗੁਰ ਸਾਰਗ੍ਰਾਹੀ ਸਭ ਦੇ ਪਿਆਰੇ ਸੇ, ਉਹ ਕਿਸੇ ਦੀ [3]ਨਿੰਦਾ ਔਰ ਉਸਤਤਿ ਨਹੀਂ ਕਰਦੇ ਸੇ, ਜੋ ਯਥਾਰਥ ਦੇਖਦੇ

---

[1]ਸ਼ੈਤਾਨ, ਭਾਵ ਕਾਮਾਦਿਕ ਵਿਚਾਰਾਂ ਤੋਂ ਹੈ।

[2]ਚਰਚਾ "ਬਲੀਦਾਨ" ਔਰ "ਕੁਰਬਾਨੀ" ਦੇ ਮਸਲੇ ਪਰ ਦੋਹੀਂ ਧਿਰਾਂ ਦੀ ਛਿੜੀ ਹੋਈ ਸੀ।

[3]ਗੁਣਾਂ ਨੂੰ ਦੋਸ਼ ਦੱਸਣਾ ਨਿੰਦਾ ਹੈ, ਔਰ ਅਵਗੁਣ ਨੂੰ ਗੁਣ ਪ੍ਰਗਟ ਕਰਨਾ ਉਸਤਿਤ ਹੈ।

ਸੋ ਸੋ ਆਖਦੇ ਸੇ । ਉਹ ਵੇਦ ਕੁਰਾਨ ਆਦਿ ਪੁਸਤਕਾਂ ਨੂੰ ਇਕ ਦ੍ਰਿਸ਼ਟੀ ਨਾਲ ਦੇਖਦੇ ਸੇ, ਉਹ ਸੰਸਕ੍ਰਿਤ ਨੂੰ ਦੇਵਬਾਣੀ ਔਰ ਅਰਬੀ ਫ਼ਾਰਸੀ ਨੂੰ [1]'ਮਲੇਛ ਭਾਸ਼ਾ' ਨਹੀਂ ਸਮਝਦੇ ਸੇ, ਜੇਹਾ ਕਿ ਉਨ੍ਹਾਂ ਦੀ ਬਾਣੀ ਤੋਂ ਸਿੱਧ ਹੈ :

ਅਲਹ ਅਲਖ ਅਪਾਰ ॥
ਖੁਦਿ ਖੁਦਾਇ ਵਡ ਬੇਸੁਮਾਰ ॥
ਉਨਿਮੋ ਭਗਵੰਤ ਗੁਸਾਂਈ ॥
ਖਾਲਿਕੁ ਰਵਿ ਰਹਿਆ ਸਰਬ ਠਾਈ ॥੧॥ਰਹਾਉ॥
ਮਿਹਰਵਾਨ ਮਉਲਾ ਤੂਹੀ ਏਕ ॥
ਪੀਰ ਪੈਕਾਂਬਰ ਸੇਖ ॥...
ਕਹੁ ਨਾਨਕ ਗੁਰਿ ਖੋਏ ਭਰਮ ॥
ਏਕੋ ਅਲਹੁ ਪਾਰਬ੍ਰਹਮ ॥

(ਰਾਮਕਲੀ ਮਹਲਾ ੫)

ਹਿੰਦੂ :—ਹੋਰ ਗੱਲਾਂ ਜਾਣ ਦਿਓ, ਦੇਖੋ ! ਗੁਰੂ ਸਾਹਿਬ ਦੇ ਬਜ਼ੁਰਗ ਵੇਦ ਪੜ੍ਹਨ ਕਰਕੇ ਹੀ 'ਵੇਦੀ' ਕਹਾਏ, ਜੇਹਾ ਕਿ ਬਿਚਿਤ੍ਰ ਨਾਟਕ ਵਿੱਚ ਲਿਖਿਆ ਹੈ :—

ਜਿਨੈ ਬੇਦ ਪਠਿਓ ਸੁ ਬੇਦੀ ਕਹਾਏ ॥
ਤਿਨੈ ਧਰਮ ਕੇ ਕਰਮ ਨੀਕੇ ਚਲਾਏ ॥

ਹੁਣ ਆਪ ਵੇਦਾਂ ਤੋਂ ਕਿਥੇ ਭਜ ਸਕਦੇ ਹੋ ?

ਸਿੱਖ :—ਪਯਾਰੇ ਭਾਈ ! ਅਸੀਂ ਏਹ ਕਿਤੇ ਨਹੀਂ ਆਖਿਆ ਕਿ ਵੇਦ ਪੜ੍ਹਨ ਵਾਲਾ ਪਾਪੀ ਹੁੰਦਾ ਹੈ, ਜਾਂ ਵੇਦ ਦਾ ਪੜ੍ਹਨਾ ਬੁਰਾ ਹੈ, ਪਰ ਸਿੱਖਾਂ ਲਈ ਵੇਦ, ਧਰਮ ਪੁਸਤਕ ਨਹੀਂ ਹਨ। ਜਿਸ ਤਰ੍ਹਾਂ ਪੈਗੰਬਰ ਈਸਾ ਔਰ ਮੁਹੰਮਦ ਸਾਹਿਬ ਦੇ ਬਜ਼ੁਰਗਾਂ ਨੇ ਤੌਰੇਤ ਔਰ ਜ਼ੰਬੂਰ ਨੂੰ ਪ੍ਰੇਮ ਨਾਲ ਪੜ੍ਹਿਆ ਔਰ ਪਰਮਾਤਮਾ ਦੀ ਆਗਿਆ ਮੰਨ ਕੇ ਉਨ੍ਹਾਂ ਦਾ ਸਤਕਾਰ ਕੀਤਾ, ਪਰ ਹੁਣ ਈਸਾਈ

---

[1]ਹਿੰਦੂ ਸ਼ਾਸਤ੍ਰਾਂ ਦੀ, ਮਲੇਛ ਭਾਸ਼ਾ ਬਾਬਤ ਏਹ ਰਾਏ ਹੈ :

"ਮਲੇਛ ਭਾਸ਼ਾ ਨਾ ਬੋਲੇ।" (ਬ੍ਰਿਹਤ ਪਰਾਸਰ ਸੰਹਿਤਾ, ਅ: ੪)

"ਮਲੇਛ ਭਾਸ਼ਾ ਕਦੇ ਨਾ ਸਿਖੇ।" (ਵਸ਼ਿਸ਼ਟ ਸੰਹਿਤਾ, ਅ: ੬)

"ਮਲੇਛ ਔਰ ਚੰਡਾਲ ਨਾਲ ਗੱਲ ਨ ਕਰੇ।"(ਵਿਸ਼ਨੂੰ ਸਿੰਮ੍ਰਤੀ, ਅ: ੬੪)

ਔਰ ਮੁਸਲਮਾਨਾਂ ਦੀਆਂ ਪਵਿਤ੍ਰ ਪੁਸਤਕਾਂ ਅੰਜੀਲ ਔਰ [1]ਕੁਰਾਨ ਹਨ।

ਇਸੀ ਤਰ੍ਹਾਂ ਚਾਹੇ ਗੁਰੂ ਨਾਨਕ ਸਾਹਿਬ ਦੇ ਬਜ਼ੁਰਗਾਂ ਨੇ ਵੇਦ ਪੜ੍ਹੇ ਔਰ ਵੇਦ ਅਨੁਸਾਰ ਆਚਰਨ ਕੀਤਾ, ਪਰ ਸਿੱਖਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਧਰਮ ਪੁਸਤਕ ਔਰ ਸਿੱਖ ਧਰਮ ਹੀ ਮੁਕਤੀ ਦਾਤਾ ਹੈ, ਵੇਦ ਅਥਵਾ ਹੋਰ ਕੋਈ ਧਰਮ ਗ੍ਰੰਥ ਨਹੀਂ ਹੈ।

## (੨) ਜਾਤੀ [2]ਵਰਨ

ਆਪ ਜਾਤੀ ਵਰਣ ਦੇ ਭਾਰੇ ਸ਼ਰਧਾਲੂ ਹੋਂ, ਬਲਕਿ ਜਾਤੀ ਵਿਸ਼ੈ ਵਿਚ ਆਪ ਨੇ ਵਾਹਿਗੁਰੂ ਦੀ ਪਰਜਾ ਪਰ ਬਡਾ ਅਨਿਆ ਕੀਤਾ ਹੈ, ਜੋ ਅਸੀਂ ਆਪ ਨੂੰ ਆਪ ਦੇ ਹੀ ਪੁਸਤਕਾਂ ਦੇ ਹਵਾਲੇ ਦੇ ਕੇ ਦਸਦੇ ਹਾਂ। ਦੇਖੋ! ਬ੍ਰਾਹਮਣ ਬਾਬਤ ਆਪ ਦੇ ਪੁਸਤਕ ਕੀ ਆਖਦੇ ਹਨ :

ਜਗਤ ਵਿਚ ਜਿਤਨਾ ਧਨ ਹੈ, ਸਭ ਬ੍ਰਾਹਮਣ ਦਾ ਹੈ। ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਛ ਗ੍ਰਹਿਣ ਕਰਨੇ ਯੋਗ ਬ੍ਰਾਹਮਣ ਹੈ। ਬ੍ਰਾਹਮਣ ਜੋ ਦੂਸਰੇ ਦਾ ਅੰਨ ਖਾਂਦਾ ਹੈ, ਕਪੜਾ ਪਹਿਰਦਾ ਹੈ, ਜਾਂ ਕਿਸੇ ਦੀਆਂ ਚੀਜ਼ਾਂ ਦੂਸਰੇ ਨੂੰ ਦੇ ਦੇਂਦਾ ਹੈ, ਇਸ ਤੋਂ ਏਹ ਭਾਵ ਨਾ ਸਮਝੋ ਕਿ ਬ੍ਰਾਹਮਣ ਕਿਸੇ ਦੀ ਵਸਤੂ ਵਰਤਦਾ ਹੈ, ਨਹੀਂ ਏਹ ਜੋ ਕੁਛ ਸੰਸਾਰ ਵਿਚ ਹੈ, ਸਭ ਬ੍ਰਾਹਮਣ ਦਾ ਹੀ ਹੈ।

(ਮਨੂ ਸਿਮ੍ਰਤੀ ਅ: ੧, ਸ: ੧੦੦ ਔਰ ੧੦੧)

---

[1]ਕੁਰਾਨ ਵਿਚ ਤੌਰੇਤ, ਜ਼ੰਬੂਰ ਔਰ ਅੰਜੀਲ ਨੂੰ ਅਸਮਾਨੀ ਕਿਤਾਬ ਮੰਨਿਆ ਹੈ, ਪਰ ਮੁਸਲਮਾਨਾਂ ਦੇ ਧਰਮ ਦਾ ਅਧਾਰ ਔਰ ਪੂਰੀ ਸ਼ਰਧਾ-ਯੋਗਯ ਕੇਵਲ ਕੁਰਾਨ ਹੀ ਹੈ।

[2]ਸਿੱਖਾਂ ਵਿਚ ਭੀ ਗਿਆਨੀ, ਗ੍ਰੰਥੀ, ਸਿਪਾਹੀ, ਜ਼ਿਮੀਂਦਾਰ, ਵਪਾਰੀ ਔਰ ਲਾਂਗਰੀ ਆਦਿਕ ਅਧਿਕਾਰ ਔਰ ਦਰਜੇ ਹਨ, ਪਰ ਇਹ ਨਹੀਂ ਕਿ ਜਨਮ ਤੋਂ ਹੀ ਵਰਣ ਮੰਨੇ ਜਾਣ, ਔਰ ਮਰਨ ਪ੍ਰਯੰਤ ਇਕ ਅਧਿਕਾਰ ਵਿਚ ਹੀ ਆਦਮੀ ਆਪਣੀ ਸਾਰੀ ਅਵਸਥਾ ਬਤੀਤ ਕਰੇ।

ਖਾਲਸਾ ਪੰਥ ਵਿਚ ਜੋ ਗਿਆਨੀ ਹੈ, ਓਹੀ ਦੂਜੇ ਵੇਲੇ ਸੰਗਤਾਂ ਦੇ ਜੋੜੇ ਝਾੜਨ ਵਾਲਾ ਸੇਵਕ ਹੈ, ਔਰ ਓਹੀ ਸ਼ਸਤ੍ਰਧਾਰੀ ਹੋ ਕੇ ਯੋਧਾ ਹੈ, ਇਸੀ ਤਰ੍ਹਾਂ ਜੋ ਸਿੱਖ ਸੰਗਤ ਦੇ ਜੂਠੇ ਭਾਂਡੇ ਮਾਂਜਦਾ ਹੈ, ਓਹੀ ਦੂਜੇ ਵੇਲੇ ਕਥਾ ਕਰਕੇ ਸੰਗਤ ਨੂੰ ਉਪਦੇਸ਼ ਦਿੰਦਾ ਹੈ, ਇਤਯਾਦੀ।

ਹਿੰਦੂ ਮਤ ਵਿਚ ਮਾਂ ਬਾਪ ਤੋਂ ਜਾਤੀ ਮੰਨੀ ਗਈ ਹੈ, ਇਸ ਵਿਸ਼ਯ ਦੇਖੋ! ਮਨੂੰ ਸਿਮ੍ਰਿਤੀ ਦਾ ਅਧਯਾਯ ੧੦, ਅਰ ਸਲੋਕ ੫।

ਜੇ ਰਾਜੇ ਨੂੰ ਦੱਬਿਆ ਹੋਇਆ ਖ਼ਜ਼ਾਨਾ ਮਿਲ ਜਾਵੇ, ਤਾਂ ਉਸ ਵਿਚੋਂ ਅੱਧਾ ਆਪ ਰਖੇ ਔਰ ਅੱਧਾ ਬ੍ਰਾਹਮਣ ਨੂੰ ਦੇ ਦੇਵੇ।

(ਮਨੂ ਅ: ੬, ਸ਼: ੩੮)

ਮੂਰਖ ਹੋਵੇ ਭਾਵੇਂ ਪੜ੍ਹਿਆ ਹੋਵੇ, ਬ੍ਰਾਹਮਣ ਵੱਡਾ ਦੇਵਤਾ ਹੈ, ਜਿਸ ਤਰ੍ਹਾਂ ਮੰਤ੍ਰਾਂ ਨਾਲ ਸੰਸਕਾਰ ਕੀਤਾ ਹੋ, ਯਾ ਚਾਹੇ ਬਿਨਾਂ ਮੰਤ੍ਰਾਂ ਹੀ, ਅਗਨੀ ਦੇਵਤਾ ਹੈ।

(ਮਨੂ ਅ: ੯, ਸ਼: ੩੪੭)

ਬ੍ਰਾਹਮਣ ਜੇ ਚੋਰੀ ਕਰੇ ਤਾਂ ਰਾਜਾ ਉਸ ਨੂੰ ਸਜ਼ਾ ਨਾ ਦੇਵੇ, ਕਯੋਂ ਕਿ ਰਾਜੇ ਦੀ ਹੀ ਨਾਲਾਯਕੀ ਕਰ ਕੇ ਬ੍ਰਾਹਮਣ ਭੁੱਖਾ ਹੋ ਕੇ ਚੋਰੀ ਕਰਦਾ ਹੈ।

(ਮਨੂ ਅ: ੧੧ ਸ਼: ੨੨)

ਬ੍ਰਾਹਮਣ ਬਦ-ਚਲਨ ਭੀ ਪੂਜਣ-ਯੋਗ ਹੈ; ਸੂਦ੍ਰ ਜਿਤੇਂਦ੍ਰੀ ਭੀ ਪੂਜਣ-ਲਾਇਕ ਨਹੀਂ, [1]ਕੌਣ ਖੱਟਰ ਗਊ ਨੂੰ ਛੱਡ ਕੇ ਸੁਸ਼ੀਲ ਗਧੀ ਨੂੰ ਚੋਂਦਾ ਹੈ?

(ਪਰਾਸਰ ਸੰਹਿਤਾ, ਅ: ੬)

ਖੇਤੀ ਕਰਨ ਵਾਲਾ ਬ੍ਰਾਹਮਣ ਜਿਤਨੀ ਜ਼ਮੀਨ ਚਾਹੇ, ਬਾਹ ਲਵੇ ਔਰ ਕਿਸੇ ਨੂੰ ਮੁਆਮਲਾ ਮਸੂਲ ਕੁਛ ਨਾ ਦੇਵੇ, ਕਿਉਂਕਿ ਸਭ ਚੀਜ਼ ਦਾ ਮਾਲਕ ਬ੍ਰਾਹਮਣ ਹੀ ਹੈ।

(ਬ੍ਰਿਹਤ ਪਰਾਸਰ ਸੰਹਿਤਾ, ਅ: ੩)

ਬ੍ਰਾਹਮਣ ਵੇਦ ਵਿਰੁੱਧ ਕਰਮ ਕਰਨ ਕਰਕੇ ਭੀ ਦੋਸ਼ੀ ਨਹੀਂ ਹੁੰਦਾ, ਜਿਸ ਤਰ੍ਹਾਂ ਅਗਨੀ ਸਭ ਪਦਾਰਥਾਂ ਨੂੰ ਭਸਮ ਕਰਦੀ ਹੋਈ ਔਰ ਇਸਤ੍ਰੀ ਯਾਰ ਨਾਲ ਭੋਗ ਕਰਕੇ ਭੀ ਦੂਸ਼ਿਤ ਨਹੀਂ ਹੁੰਦੀ।[2]

(ਬ੍ਰਿਹਤ ਪਰਾਸਰ ਸੰਹਿਤਾ ਅ: ੨, ਔਰ ਦੇਖੋ ਅਤ੍ਰਿ ਸੰਹਿਤਾ)

---

[1]ਜ਼ਾਤੀ ਅਭਿਮਾਨ ਦੀ ਏਹ ਸਿੱਖਿਆ ਮਿਲਣ ਕਰਕੇ ਤੁਲਸੀ ਦਾਸ ਜੇਹੇ ਭਗਤਾਂ ਨੇ ਭੀ ਆਪਣੇ ਪੁਸਤਕਾਂ ਨੂੰ ਅਯੋਗ ਲੇਖ ਲਿਖ ਕੇ ਕਲੰਕਿਤ ਕਰ ਦਿੱਤਾ ਹੈ, ਯਥਾ:

ਸੇਈਐ ਵਿਪ੍ਰ ਗਯਾਨ ਗੁਣ ਹੀਨਾ, ਸੂਦ੍ਰ ਨ ਸੇਈਐਂ ਗਯਾਨ ਪ੍ਰਬੀਨਾ।

[2]ਬ੍ਰਾਹਮਣ ਨੂੰ ਨਿਰਦੋਸ਼ ਸਿੱਧ ਕਰਨ ਲਈ ਦ੍ਰਿਸ਼ਟਾਂਤ ਵਿਚ ਜੋ ਅਖਲਾਕੀ ਤਾਲੀਮ ਦਿੱਤੀ ਹੈ, ਇਸ ਵਿਚ ਸਭਿਅਤਾ ਦਾ ਭੋਗ ਹੀ ਪਾ ਦਿੱਤਾ ਹੈ। ਏਸ ਲੇਖ ਨੂੰ ਪੜ੍ਹ ਕੇ ਇਸਤ੍ਰੀਆਂ ਦਾ ਪ੍ਰਵਿੱਤਰ ਰਹਿਣਾ ਕਠਿਨ ਹੈ।

ਹੁਣ ਬ੍ਰਾਹਮਣ ਦੇ ਮੁਕਾਬਲੇ ਵਿਚ ਸ਼ੂਦ੍ਰ ਦੀ ਦੁਰਦਸ਼ਾ ਦੇਖੋ :

ਸ਼ੂਦਰ ਦੇ ਰਾਜ ਵਿਚ ਨਹੀਂ ਵਸਣਾ ਚਾਹੀਏ ।[1]

ਸ਼ੂਦ੍ਰ ਨੂੰ ਮਤ ਨਾ ਦੇਵੇ, ਹੋਮ ਤੋਂ ਬਚਿਆ ਹੋਇਆ ਅੰਨ ਨਾ ਦੇਵੇ, ਔਰ ਸ਼ੂਦਰ ਨੂੰ ਧਰਮ ਦਾ ਉਪਦੇਸ਼ ਨਾ ਕਰੇ ।

(ਮਨੂ ਅ: ੪, ਸ: ੮੦)

ਪੈਰਾਂ ਤੋਂ ਜੰਮਿਆ ਹੋਇਆ ਸ਼ੂਦ੍ਰ ਜੇ ਬ੍ਰਾਹਮਣ, ਛਤ੍ਰੀ, ਵੈਸ਼ ਨੂੰ ਕਠੋਰ ਬਾਣੀ ਬੋਲੇ ਤਾਂ ਰਾਜਾ ਉਸ ਦੀ ਜੀਭ ਕਟਵਾ ਦੇਵੇ ।

(ਮਨੂ ਅ: ੮, ਸ਼: ੨੭੦)

ਜੇ ਸ਼ੂਦ੍ਰ ਦ੍ਵਿਜਾਤੀਆਂ ਨੂੰ ਨਾਉਂ ਲੈ ਕੇ ਸਖਤੀ ਨਾਲ ਬੁਲਾਵੇ, ਤਾਂ ਉਸ ਦੇ ਮੂੰਹ ਵਿਚ ਦਸ ਉਂਗਲ ਲੰਮਾਂ ਲੋਹੇ ਦਾ ਕਿੱਲਾ ਅੱਗ ਵਰਗਾ ਲਾਲ ਕਰ ਕੇ ਠੋਕ ਦੇਵੇ । ਜੋ ਸ਼ੂਦ੍ਰ ਅਭਿਮਾਨ ਕਰਕੇ ਬ੍ਰਾਹਮਣ ਨੂੰ ਧਰਮ ਦਾ ਉਪਦੇਸ਼ ਕਰੇ, ਤਾਂ ਰਾਜਾ ਉਸ ਦੇ ਮੂੰਹ ਔਰ ਕੰਨਾਂ ਵਿਚ ਤੱਤਾ ਤੇਲ ਪਵਾ ਦੇਵੇ ।

(ਮਨੂ ਅ: ੮, ਸ਼: ੨੭੧ ਔਰ ੨੭੨)

ਸ਼ੂਦ੍ਰ ਆਪਣੇ ਜਿਸ ਜਿਸ ਅੰਗ ਨਾਲ ਦ੍ਵਿਜਾਤੀਆਂ ਨੂੰ ਤਾੜਨਾ ਕਰੇ, ਉਸ ਦਾ ਓਹੀ ਓਹੀ ਅੰਗ ਕਟਵਾ ਦੇਣਾ ਚਾਹੀਏ ।

(ਮਨੂ ਅ: ੮, ਸ਼: ੨੭੯)

ਸਾਮਰੱਥ ਹੋ ਕੇ ਸ਼ੂਦ੍ਰ ਧਨ ਜਮ੍ਹਾ ਨਾ ਕਰੇ, ਕਿਉਂਕਿ ਸ਼ੂਦ੍ਰ ਧਨੀ ਹੋ ਕੇ ਬ੍ਰਾਹਮਣਾਂ ਨੂੰ ਦੁੱਖ ਦੇਣ ਲਗ ਜਾਂਦਾ ਹੈ ।

(ਮਨੂ ਅ: ੮, ਸ਼: ੭੯)

ਸ਼ੂਦ੍ਰ ਦਾ ਅੰਨ ਲਹੂ ਦੇ ਬਰਾਬਰ ਹੈ, ਔਰ ਜੇ ਸ਼ੂਦ੍ਰ ਦਾ ਅੰਨ ਪੇਟ ਵਿਚ ਹੁੰਦਿਆਂ ਭੋਗ ਕਰੇ ਤਾਂ ਜੋ ਔਲਾਦ ਪੈਦਾ ਹੋਊ ਉਹ ਸ਼ੂਦ੍ਰ ਹੀ ਸਮਝੀ

---

[1]ਇਸ ਤੋਂ ਸਿੱਧ ਹੁੰਦਾ ਹੈ ਕਿ ਹਰੇਕ ਰਾਜਾ ਨੂੰ ਹਿੰਦੂ ਮਤ ਵਿਚ ਛਤ੍ਰੀ ਨਹੀਂ ਮੰਨਿਆ ਗਿਆ, ਕੇਵਲ ਜਨਮ ਤੋਂ ਜੋ ਛਤ੍ਰੀ ਹਨ, ਓਹੀ ਛਤ੍ਰੀ ਪਦ ਦੇ ਅਧਿਕਾਰੀ ਹਨ ।

ਵਾਹਿਗੁਰੂ ਦਾ ਧੰਨਵਾਦ ਹੈ ਕਿ ਲੋਕ ਮਨੂੰ ਜੀ ਦੇ ਇਸ ਬਚਨ ਪਰ ਸ਼ਰਧਾ ਨਹੀਂ ਰਖਦੇ, ਜੇ ਕਿਤੇ ਏਸ ਆਗਿਆ ਨੂੰ ਪਾਲਨ ਕਰਦੇ ਤਾਂ ਅਨੇਕ ਦੇਸ਼ ਉਜੜ ਜਾਂਦੇ ਔਰ ਕਈ ਥਾਂ ਇਤਨੇ ਆਬਾਦ ਹੁੰਦੇ ਕਿ ਰਹਿਣ ਬਹਿਣ ਨੂੰ ਜਗ੍ਹਾ ਨਾ ਲੱਭਦੀ ।

ਜਾਉ ।[1]

(ਲਘੂ ਅਤ੍ਰਿ ਸੰਹਿਤਾ, ਅ: ੫)

ਜੋ ਸ਼ੂਦ੍ਰ ਜਪ ਹੋਮ ਕਰੇ, ਰਾਜਾ ਉਸ ਨੂੰ ਮਰਵਾ ਦੇਵੇ ।

(ਅਤ੍ਰਿ ਸੰਹਿਤਾ)

ਏਸੇ ਤਾਲੀਮ ਦਾ ਅਸਰ ਸ੍ਰੀ ਰਾਮ ਚੰਦ੍ਰ ਜੀ ਦੇ ਚਿੱਤ ਪਰ ਐਸਾ ਹੋਇਆ ਕਿ ਇਕ ਤਪ ਕਰਦੇ ਹੋਏ ਸ਼ੂਦ੍ਰ ਨੂੰ ਮਾਰ ਦਿਤਾ, ਜਿਸ ਦਾ ਪ੍ਰਸੰਗ ਇਸ ਤਰ੍ਹਾਂ ਹੈ :

ਇਕ ਬ੍ਰਾਹਮਣ ਦਾ ਮੁੰਡਾ ਏਸ ਵਾਸਤੇ ਮਰ ਗਿਆ ਕਿ ਸ਼ੂਦ੍ਰ ਬਣ ਵਿਚ ਤਪ ਕਰ ਰਹਿਆ ਸੀ, ਰਾਮ ਚੰਦ੍ਰ ਜੀ ਨੇ ਬਣ ਵਿਚ ਪਹੁੰਚ ਕੇ ਉਸ ਤਪੀਏ ਸ਼ੂਦ੍ਰ ਨੂੰ ਪੁਛਿਆ 'ਤੂੰ ਕੌਣ ਹੈਂ ?' ਉਸ ਨੇ ਆਖਿਆ, 'ਹੇ ਰਾਮ ! ਮੈਂ ਸ਼ੰਬੂਕ ਨਾਮਕ ਸ਼ੂਦ੍ਰ ਹਾਂ ਔਰ ਸੁਰਗ ਦੀ ਇੱਛਾ ਕਰਕੇ ਤਪ ਕਰ ਰਹਿਆ ਹਾਂ ।' ਇਤਨੀ ਸੁਣਦੇ ਹੀ ਰਾਮ ਚੰਦ੍ਰ ਜੀ ਨੇ ਮਿਆਨੋਂ ਤਲਵਾਰ ਧੂਹ ਕੇ ਸ਼ੰਬੂਕ ਦਾ ਸਿਰ ਵੱਢ ਸੁੱਟਿਆ, ਇਸ ਪਰ ਅਕਾਸ਼ ਵਿਚ ਸਾਰੇ ਦੇਵਤੇ ਆ ਜਮ੍ਹਾ ਹੋਏ ਔਰ ਰਾਮ ਚੰਦ੍ਰ ਜੀ ਪਰ ਫੁੱਲ ਬਰਸਾ ਕੇ ਕਹਿਣ ਲਗੇ, 'ਹੇ ਰਾਮ ਤੂੰ ਧੰਨ ਹੈਂ, ਤੂੰ ਧੰਨ ਹੈਂ, ਤੈਂ ਇਹ ਦੇਵਤਿਆਂ ਦਾ ਭਾਰੀ ਕੰਮ ਕੀਤਾ ਹੈ ਔਰ ਵੱਡਾ ਪੁੰਨ ਖੱਟਿਆ ਹੈ ਕਿ ਸੁਰਗ ਵਿਚ ਆਉਣ ਦੀ ਇੱਛਾ ਵਾਲੇ ਸ਼ੂਦ੍ਰ ਨੂੰ ਵੱਢਿਆ ਹੈ, ਹੁਣ ਜੋ ਤੇਰੀ ਇੱਛਾ ਹੈ ਸਾਥੋਂ ਵਰ ਮੰਗ ।'

ਰਾਮ ਚੰਦ੍ਰ ਜੀ ਨੇ ਆਖਿਆ 'ਹੇ ਦੇਵਤਿਓ ! ਜੇ ਤੁਸੀਂ ਪ੍ਰਸੰਨ ਹੋਂ ਤਾਂ ਏਹ ਵਰ ਦਿਓ ਕਿ ਬ੍ਰਾਹਮਣ ਦਾ ਮੁੰਡਾ ਜੀ ਉਠੇ ।' ਦੇਵਤਿਆਂ ਨੇ ਕਹਿਆ, 'ਹੇ ਰਾਮ ! ਓਹ ਤਾਂ ਉਦੋਂ ਹੀ ਜਿਉਂਦਾ ਹੋ ਗਿਆ ਹੈ, ਜਦੋਂ ਤੁਸੀਂ ਸ਼ੂਦ੍ਰ ਦਾ ਸਿਰ ਵਢਿਆ ਹੈ ।'

(ਦੇਖੋ ! ਬਾਲਮੀਕਿ ਰਾਮਾਇਣ, ਉੱਤਰ ਕਾਂਡ, ਅ: ੭੬)

---

[1]ਅਸਚਰਜ ਦੀ ਬਾਤ ਹੈ ਕਿ ਸ਼ੂਦ੍ਰ ਦੇ ਅੰਨੇ ਦਾ ਅਜੇਹਾ ਨਿਸ਼ੇਧ ਸੁਣ ਕੇ ਭੀ ਬ੍ਰਾਹਮਣ ਦਬਾਦਬ ਭੋਗ ਲਾਈ ਜਾਂਦੇ ਹਨ ਔਰ ਏਸ ਉਪਦੇਸ਼ ਸੁਣਨ ਤੋਂ ਬੋਲੇ ਹੋ ਰਹੇ ਹਨ । ਹੇ ਸ਼ੂਦਰੋ ! ਆਪ ਹੀ ਕ੍ਰਿਪਾ ਕਰਕੇ ਅੰਨ ਦੇਣਾ ਬੰਦ ਕਰੋ, ਜਿਸ ਤੋਂ ਬ੍ਰਾਹਮਣਾਂ ਦਾ ਭਲਾ ਹੋਵੇ, ਔਰ ਉਨ੍ਹਾਂ ਦੀ ਸੰਤਾਨ ਬ੍ਰਾਹਮਣ ਜਾਤੀ ਤੋਂ ਪਤਿਤ ਹੋ ਕੇ ਸ਼ੂਦਰ ਹੋਣੋਂ ਬਚੇ ।

ਜੇ ਸ਼ੂਦ੍ਰ [1]ਪੰਚ ਗਵਜ ਪੀਵੇ ਤਾਂ ਨਰਕ ਨੂੰ ਚਲਿਆ ਜਾਂਦਾ ਹੈ ।
(ਵਿਸ਼ਨੂੰ ਸਿਮਰਤੀ—ਅ, ੫੪)

ਸ਼ੂਦ੍ਰ ਦਾ ਅੰਨ ਖਾ ਕੇ ਬ੍ਰਾਹਮਣ ਸੱਤ ਜਨਮ ਕੁੱਤਾ ਹੁੰਦਾ ਹੈ, ਨੌਂ ਜਨਮ ਸੂਰ ਬਣਦਾ ਹੈ, ਅੱਠ ਜਨਮ ਗਿਰੇਝ ਹੁੰਦਾ ਹੈ । (ਬ੍ਰਿਧ ਅਤ੍ਰਿ ਸੰਹਿਤਾ—ਅ. ੫)

ਜੇ ਸ਼ੂਦ੍ਰ ਦਾ ਅੰਨ ਪੇਟ ਵਿਚ ਹੋਵੇ ਔਰ ਉਸ ਵੇਲੇ ਬ੍ਰਾਹਮਣ ਮਰ ਜਾਵੇ, ਤਾਂ ਪਿੰਡ ਦਾ ਸੂਰ ਜਾਂ ਕੁੱਤਾ ਬਣਦਾ ਹੈ । (ਅ. ਪਸਤੰਬ ਸਿਮਰਤੀ—ਅ. ੨)

ਕਪਿਲਾ ਗਊ ਦਾ ਦੁੱਧ ਪੀਣ ਕਰਕੇ ਔਰ ਵੇਦ ਦਾ ਅੱਖਰ ਵਿਚਾਰਣ ਨਾਲ ਸ਼ੂਦ੍ਰ ਨੂੰ ਜ਼ਰੂਰ ਨਰਕ ਹੁੰਦਾ ਹੈ ।[2] (ਪਰਾਸਰ ਸੰਹਿਤਾ—ਅ. ੨)

ਸ਼ੂਦ੍ਰ ਨੂੰ ਅਕਲ ਨਾ ਸਿਖਾਵੇ, ਧਰਮ ਦਾ ਉਪਦੇਸ਼ ਨਾ ਕਰੇ, ਔਰ ਬ੍ਰਤ ਆਦਿਕ ਨਾ ਦੱਸੇ । ਜੋ ਸ਼ੂਦ੍ਰ ਨੂੰ ਇਹ ਗੱਲਾਂ ਸਿਖਾਉਂਦਾ ਹੈ, ਉਹ ਸ਼ੂਦ੍ਰ ਸਮੇਤ ਅਨ੍ਹੇਰ ਘੁੱਪ ਵਿਚ ਜਾ ਪੈਂਦਾ ਹੈ । (ਵਸਿਸ਼ਟ ਸੰਹਿਤਾ—ਅ. ੧੮)

**ਹਿੰਦੂ :** ਆਪ ਵੇਦ ਅਨੁਸਾਰ ਸਿੱਖ ਧਰਮ ਵਿਚ ਵਰਣਾਂ ਦੀ ਵੰਡ ਨਹੀਂ ਮੰਨਦੇ, ਪਰ ਗੁਰੂ ਨਾਨਕ ਸਾਹਿਬ ਵਰਣ ਮਰਯਾਦਾ ਦੇ ਦੂਰ ਹੋਣ ਪਰ ਸ਼ੋਕ ਕ਼ਰਦੇ ਹਨ, ਔਰ ਮਲੇਛ ਭਾਸ਼ਾ ਦਾ ਭੀ ਨਿਸ਼ੇਧ ਦਸਦੇ ਹਨ, ਯਥਾ :

"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥"

**ਸਿੱਖ :** ਪਿਆਰੇ ਹਿੰਦੂ ਜੀ ! ਇਸ ਸ਼ਬਦ ਵਿਚ ਗੁਰੂ ਸਾਹਿਬ ਦਾ ਇਹ

---

[1]ਲਓ ! ਆਪ ਨੂੰ ਪੰਚ ਗਵਜ ਦਾ ਨੁਸਖਾ ਦਸੀਏ, ਜੋ ਸਾਰੀਆਂ ਅਸ਼ੁੱਧੀਆਂ ਪਰ ਜਾਦੂ ਦਾ ਅਸਰ ਰਖਦਾ ਹੈ :

ਗੋਬਰ ਇਕ ਮਾਸਾ, ਗੋਮੂਤ੍ਰ ਦੋ ਮਾਸੇ, ਘੀ ਚਾਰ ਮਾਸੇ, ਦੁੱਧ ਅਤੇ ਦਹੀਂ ਅੱਠ ਅੱਠ ਮਾਸੇ, ਇਨ੍ਹਾਂ ਪੰਜਾਂ ਚੀਜ਼ਾਂ ਨੂੰ ਇਕੱਠਾ ਕਰਨ ਨਾਲ "ਪੰਚ ਗਵਜ" ਬਣਦਾ ਹੈ ।
(ਅਤ੍ਰਿ ਸੰਹਿਤਾ)

ਜੇ ਖੂਹ ਦਾ ਪਾਣੀ ਅਸ਼ੁੱਧ ਹੋ ਜਾਵੇ ਤਦ ਭੀ ਏਹੋ ਅਸ਼ੁਧੀ ਸਫਾਈ ਲਈ ਵਰਤਣੀ ਦਸੀ ਹੈ । ਅਭੱਖਛ ਵਸਤੂ ਖਾ ਪੀ ਕੇ ਸ਼ੁੱਧ ਹੋਣ ਲਈ ਭੀ ਏਹੋ ਮਹਾਨ ਚਮਤਕਾਰੀ ਰਸਾਯਨ ਹੈ ।

[2]ਇਸ ਦੇ ਮੁਕਾਬਲੇ ਵਿਚ ਦੇਖੋ ਗੁਰਬਾਣੀ ਕੀ ਆਖਦੀ ਹੈ : "ਉਪਦੇਸ ਚਹੁੰ ਵਰਣਾ ਕਉ ਸਾਂਝਾ ॥" ਔਰ "ਉਧਰੈ ਸਿਮਰਿ ਚੰਡਾਲ ॥" ਅਰ "ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੋ ਮੰਦੇ ॥"

ਭਾਵ ਹੈ ਕਿ ਛੱਤ੍ਰੀ ਜੋ ਸੂਰਬੀਰ ਤੇ ਪਰਜਾ ਦੇ ਰੱਖਛਕ ਸੇ, ਉਹ ਆਪਣੇ ਧਰਮ ਸ਼ਾਸਤ੍ਰਾਂ ਦੇ ਵਿਰੁੱਧ, ਲਾਲਚ ਔਰ ਡਰ ਦੇ ਵੱਸ ਹੋ ਕੇ ਵੇਦ ਸ਼ਾਸਤ੍ਰ ਦੀ ਥਾਂ ਕੁਰਾਨ ਪੜ੍ਹਨ ਲੱਗ ਪਏ ਹਨ, ਔਰ ਆਪਣੀ ਮੰਨੀ ਹੋਈ ਦੇਵਭਾਸ਼ਾ ਦਾ ਨਿਰਾਦਰ ਕਰਕੇ ਅਰਬੀ ਫ਼ਾਰਸੀ ਦੀ ਸ਼ਰਨ ਲੈਂਦੇ ਹਨ। ਔਰ ਸਾਰੀ ਸ੍ਰਿਸਟਿ (ਅਰਥਾਤ ਹਿੰਦੁਸਤਾਨ [1]ਦੀ ਪਰਜਾ) ਇਕ ਵਰਣ (ਅਰਥਾਤ ਮੁਸਲਮਾਨ) ਹੋ ਗਈ ਹੈ, ਔਰ ਧਰਮ ਦੀ ਰੀਤਿ ਮੁੱਢੋਂ ਹੀ ਜਾਂਦੀ ਰਹੀ ਹੈ। ਸਿੱਧਾਂਤ ਗੁਰੂ ਸਾਹਿਬ ਦਾ ਇਹ ਹੈ ਕਿ ਜਿਸ ਦੇਸ਼ ਦੇ ਲੋਕ ਇਖਲਾਕ ਤੋਂ ਡਿੱਗ ਕੇ ਖੁਸ਼ਾਮਦ, ਡਰ ਔਰ ਲਾਲਚ ਪਿਛੇ ਆਪਣਾ ਧਰਮ ਹਾਰ ਦਿੰਦੇ ਹਨ, ਉਹ ਮਹਾਂ ਅਧਰਮੀ ਔਰ ਕਮੀਨੇ ਸਮਝੇ ਜਾਂਦੇ ਹਨ।

ਜੇ ਗੁਰੂ ਨਾਨਕ ਸਾਹਿਬ ਆਪ ਦੀ ਮੰਨੀ ਮਲੇਛਭਾਸ਼ਾ ਦੇ ਵਿਰੁੱਧ ਹੁੰਦੇ ਤਾਂ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥

(ਤਿਲੰਗ ਮ: ੧)

ਇਤਿਆਦਿਕ [2]ਸ਼ਬਦ ਨਾ ਉਚਾਰਦੇ, ਔਰ ਜੇ ਆਪ ਦੀ ਮੰਨੀ ਗਈ ਵਰਣ ਮਰਯਾਦਾ ਦੇ ਵਿਸ਼ਵਾਸੀ ਹੁੰਦੇ ਤਾਂ ਸਿਖ ਧਰਮ ਵਿਚ :

"ਚਾਰਿ ਵਰਨ ਇਕੁ ਵਰਨੁ ਕਰਾਯਾ ॥" (ਭਾਈ ਗੁਰਦਾਸ ਜੀ)

---

[1]ਜੇ ਕੋਈ ਹਿੰਦੂ ਆਖੇ ਕਿ ਤੁਸੀਂ ਹਿੰਦੁਸਤਾਨ ਕਿਉਂ ਆਖਦੇ ਹੋ ਕਿਉਂਕਿ ਤੁਸੀਂ ਹਿੰਦੂ ਨਹੀਂ ਹੋ, ਤਾਂ ਇਸ ਦਾ ਉੱਤਰ ਏਹ ਹੈ ਕਿ ਜੋ ਦੇਸ਼ ਤਾਂ ਨਾਉਂ ਮੁਸਲਮਾਨਾਂ ਨੇ ਰੱਖ ਦਿੱਤਾ ਔਰ ਸਾਰੇ ਪ੍ਰਸਿੱਧ ਹੋ ਗਿਆ ਔਰ ਜਿਸ ਨੂੰ ਹਿੰਦੂਆਂ ਨੇ ਆਦਰ ਨਾਲ ਮੰਨ ਲਿਆ, ਉਸ ਦੇ ਵਿਰੁੱਧ ਹੁਣ ਹੋਰ ਨਾਉਂ ਕਲਪਣਾ ਅਗਿਆਨ ਹੈ। ਔਰ ਦੇਸ਼ ਦੇ ਨਾਉਂ ਨਾਲ ਧਰਮ ਦਾ ਕੋਈ ਸੰਬੰਧ ਨਹੀਂ। ਜੇ ਅਸੀਂ ਏਹ ਆਖੀਏ ਕਿ ਅਸੀਂ ਅਫ਼ਗਾਨਸਤਾਨ ਵਿਚ ਰਹਿ ਕੇ ਭੀ ਅਫ਼ਗਾਨਸਤਾਨ ਨਹੀਂ ਕਹਾਂਗੇ ਕਿਉਂਕਿ ਅਸੀਂ ਅਫ਼ਗਾਨ ਨਹੀਂ ਹਾਂ, ਤਾਂ ਸਾਡੀ ਮੂਰਖਤਾ ਹੈ। ਐਸੇ ਹੀ ਕਾਫ਼ਰਸਤਾਨ ਵਿਚ ਰਹਿਣ ਕਰ ਕੇ ਕੋਈ ਕਾਫਰ ਨਹੀਂ ਹੋ ਸਕਦਾ।

[2]ਇਕ ਪਰਪੰਚੀ ਸਿੱਖ ਨੇ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹੁਕਮ ਦੇਂਦੇ ਹਨ ਕਿ ਮੇਰਾ ਸਿੱਖ ਫ਼ਾਰਸੀ ਨਾ ਪੜ੍ਹੇ। ਪਰ ਉਸ ਨੇ ਏਹ ਨਹੀਂ ਸੋਚਿਆ ਕਿ "ਜ਼ਫਰਨਾਮਹ" ਦੇ ਕਰਤਾ ਔਰ ਭਾਈ ਨੰਦ ਲਾਲ ਜੀ ਦੀ ਫ਼ਾਰਸੀ ਕਵਿਤਾ ਨੂੰ ਸਨਮਾਨ ਦੇਣ ਵਾਲੇ ਕਲਗੀਧਰ ਸ੍ਵਾਮੀ, ਜੇ ਅਰਬੀ ਫ਼ਾਰਸੀ ਨੂੰ ਮਲੇਛ ਭਾਸ਼ਾ ਮੰਨਦੇ ਤਾਂ "ਖ਼ਾਲਸਾ, ਫ਼ਤਹ, ਦੇਗ, ਤੇਗ ਔਰ ਦਸਤਾਰ" ਆਦਿਕ ਪਦ ਕਦੇ ਨਾ ਵਰਤਦੇ। →

ਦਾ ਅਮਲ ਨਾ ਕਰਦੇ ।

ਮੇਰੇ ਪ੍ਰੇਮੀ ਹਿੰਦੂ ਭਾਈ ! ਗੁਰੂ ਸਾਹਿਬ ਕਿਸੇ ਜਾਤੀ ਵਰਣ ਦੇ ਪੱਖ ਪਾਤੀ ਨਹੀਂ ਸਨ ਉਹ ਸਭ ਸੰਸਾਰ ਦੇ ਜੀਵਾਂ ਨੂੰ :

"ਏਕੁ ਪਿਤਾ ਏਕਸ ਕੇ ਹਮ ਬਾਰਿਕ..." (ਸੋਰਠਿ ਮਹਲਾ ੫)

"ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥" (ਸੁਖਮਨੀ)

ਜਾਣਦੇ ਸਨ।

ਲਓ ਤੁਹਾਨੂੰ ਜਾਤੀ ਦੇ ਵਿਸ਼ੇ ਉਤੇ ਸਤਿਗੁਰਾਂ ਦੇ ਪਵਿਤਰ ਬਚਨ ਸੁਣਾਈਏ :

[1]ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ[2] ਛਾਉ ॥ (ਵਾਰ ਸ੍ਰੀ ਰਾਗੁ ਮਹਲਾ ੧)
ਜਾਣਹੁ ਜੋਤਿ[3] ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ॥ (ਆਸਾ ਮ: ੧)
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਵਾਰ ਆਸਾ ਮ: ੧)

---

←ਅਜੇਹੇ ਪ੍ਰਸੰਗ ਸਾਖੀਆਂ ਵਿਚ ਦਰਜ ਹੋਣ ਦਾ ਕਾਰਣ ਏਹ ਹੈ ਕਿ ਜਦ ਪੰਜਾਬ ਵਿਚ ਸਿੱਖਾਂ ਦਾ ਰਾਜ ਪ੍ਰਤਾਪ ਹੋਇਆ, ਉਸ ਵੇਲੇ ਅਨਮਤੀਆਂ ਨੇ ਸਿੱਖਾਂ ਨੂੰ ਬੁਧੂ ਰੱਖਣ ਵਾਸਤੇ ਔਰ ਸ਼ਾਰੇ ਕੰਮ ਸਦੈਵ ਆਪਣੇ ਹੱਥ ਰੱਖਣ ਲਈ ਗੁਰੂ ਸਾਹਿਬ ਦੇ ਏਹੋ ਜੇਹੇ ਬਚਨ ਪ੍ਰਗਟ ਕੀਤੇ, ਔਰ ਸਿੱਖਾਂ ਨੂੰ ਏਹ ਭੀ ਸਮਝਾਇਆ ਕਿ ਪੜ੍ਹਨਾ ਤਾਂ ਮੁਨਸ਼ੀ ਮਜ਼ਦੂਰਾਂ ਦਾ ਕੰਮ ਹੈ, ਆਪ ਦਾ ਕੰਮ ਸਾਡੇ ਪਰ ਹਕੂਮਤ ਕਰਨਾ ਹੈ। ਅਸੀਂ ਆਪ ਦੇ ਨੌਕਰ ਲਿਖਣ ਪੜ੍ਹਨ ਨੂੰ ਥੋੜੇ ਹਾਂ ? ਆਪ ਜੋ ਹੁਕਮ ਕਰੋ, ਉਸ ਦੀ ਤਾਮੀਲ ਕਰਨ ਨੂੰ ਹਰ ਵੇਲੇ ਤਿਆਰ ਹਾਂ । ਇਸ ਉਪਦੇਸ਼ ਦਾ ਪੰਜਾਬ ਵਿਚ ਅਜੇਹਾ ਅਸਰ ਫੈਲਿਆ ਕਿ ਸਿੱਖ ਸਰਦਾਰਾਂ ਦੇ ਬੇਟੇ ਸਭ ਨਿਰੱਖਰ ਰਹਿ ਗਏ ਔਰ ਰਾਜ ਦਾ ਪ੍ਰਬੰਧ ਉਨ੍ਹਾਂ ਦੇ ਹੱਥ ਚਲਿਆ ਗਿਆ, ਜੋ ਸਿੱਖ ਧਰਮ ਨੂੰ ਪੰਜਾਬ ਵਿਚ ਦੇਖਣਾ ਨਹੀਂ ਚਾਹੁੰਦੇ ਸਨ । ਔਰ ਇਨ੍ਹਾਂ ਚਾਲਾਕ ਆਦਮੀਆਂ ਨੇ ਕੇਵਲ ਨੀਤੀ ਪ੍ਰਬੰਧ ਹੀ ਆਪਣੇ ਹੱਥ ਨਹੀਂ ਲਿਆ, ਸਗੋਂ ਸਿੱਖਾਂ ਦੇ ਧਾਰਮਿਕ ਨਿਯਮਾਂ ਵਿਚ ਵੀ ਅਜੇਹੀ ਗੜਬੜ ਕੀਤੀ ਕਿ ਅੱਜ ਤੋੜੀ ਪੂਰਾ ਸੁਧਾਰ ਨਹੀਂ ਹੋ ਸਕਿਆ ।

[1]ਅਗਯਾਨ ਦੀ ਕਲਪਣਾ । ਮੂਰਖਤਾ ਦਾ ਢਕਵੰਜ । [2]ਪਨਾਹ, ਆਸਰਾ ।

[3]ਵਾਹਿਗੁਰੂ ਦਾ ਹੀ ਪ੍ਰਕਾਸ਼ ਹਰ ਜਗ੍ਹਾ ਜਾਣੋਂ ਔਰ ਆਦਮੀ ਦੀ ਜੋ ਬੁੱਧੀ ਔਰ ਚਮਤਕਾਰੀ ਵਿਦਿਆ ਹੈ, ਉਸ ਦੀ ਕਦਰ ਕਰੋ, ਜਾਤੀ ਦੇ ਖ਼ਿਆਲ ਮਗਰ ਲੱਗ ਕੇ ਗੁਣਾਂ ਦੇ ਵਿਰੋਧੀ ਨਾ ਬਣੋ ।

ਜਾਤਿ ਜਨਮੁ ਨਹ ਪੂਛੀਐ, [1]ਸਚਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪ੍ਰਭਾਤੀ ਮ: ੧)

ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
(ਸ੍ਰੀ ਰਾਗ ਮਹਲਾ ੩)

ਆਗੈ ਜਾਤਿ ਰੂਪੁ ਨ ਜਾਇ ॥
ਤੇਰਾ ਹੋਵੈ ਜੇਹੇ ਕਰਮ ਕਮਾਇ ॥ (ਆਸਾ ਮ: ੩)

ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ (ਮਾਰੂ ਵਾਰ ਮ: ੩)

ਹਮਰੀ ਜਾਤਿ[2] ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰੁ ਕੇ ॥
(ਸੂਹੀ ਮਹਲਾ ੪)

ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ[3] ॥ (ਆਸਾ ਮ: ੧)

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥
(ਆਸਾ ਮਹਲਾ ੩)

ਪਤਤਿ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥
(ਗੂਜਰੀ ਮ: ੫)

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥......
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥
ਘਟਿ ਵਧਿ ਕੋ ਕਰੈ ਬੀਚਾਰਾ ॥ (ਭੈਰਉ ਮ: ੩)

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ ॥

---

[1]ਸਤਿਸੰਗ ।

[2]ਜਾਤੀ ਦੇ ਨਾਲ ਜਦ "ਪਾਤਿ" (ਪੰਕਤਿ) ਸ਼ਬਦ ਆਉਂਦਾ ਹੈ, ਤਾਂ ਗੋਤ ਦਾ ਬੋਧਕ ਹੁੰਦਾ ਹੈ । [3]ਖੋਟੇ, ਨੀਚ, ਨਿਕੰਮੇ ।

ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ [1]ਆਨ ਬਾਟ ਕਾਹੇ ਨਹੀ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥ (ਗਉੜੀ ਕਬੀਰ)

ਹਿੰਦੂ ਤੁਰਕ ਕੋਊ [2]ਰਾਫ਼ਜੀ ਇਮਾਮ [3]ਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥...
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
(ਅਕਾਲ ਉਸਤਤਿ, ਪਾਤਸ਼ਾਹੀ ੧੦)

ਘਿਅ ਭਾਂਡਾ ਨ ਵੀਚਾਰੀਐ ਭਗਤਾ ਜਾਤਿ ਸਨਾਤਿ ਨ ਕਾਈ ॥
(ਭਾਈ, ਗੁਰਦਾਸ, ਵਾਰ ੨੫)

ਬਰਨ ਜਾਤਿ ਕੋ ਦੂਰ ਧਰ ਐਸੋ ਸਿੱਖ ਸੁ ਲੱਖ ॥
(ਗੁਰੁ ਪਰਤਾਪ ਸੂਰਯ, ਰੁਤ ੫, ਅ: ੨੫)

ਜਾਤਿ ਵਰਣ ਵੀ ਕਾਨ ਤਜ ਮਿਲੈ ਖਾਲਸੇ ਸੰਗ ।
ਗੁਰਬਾਣੀ ਸੋਂ ਪ੍ਰੇਮ ਕਰ ਮਨ ਰੂਪ ਗੂੜ੍ਹਾ ਰੰਗ ।
(ਗੁ: ਪ੍ਰ: ਸੂ: ਰੁਤ ੫, ਅ: ੨੪)

ਪਯਾਰੇ, ਹਿੰਦੂ ਭਾਈ ਸਾਹਿਬ ! ਸਾਡੇ ਸਤਿਗੁਰਾਂ ਨੇ ਜਨਮ ਤੋਂ ਜਾਤੀ ਨਾ ਮੰਨ ਕੇ ਸਭ ਵਰਣਾਂ ਨੂੰ ਇਕ ਕਰ ਦਿੱਤਾ, ਦੇਖੋ ਪ੍ਰਮਾਣ :

ਚਾਰਿ ਵਰਨਿ ਇਕ ਵਰਨੁ ਕਰਾਇਆ । (ਭਾਈ ਗੁਰਦਾਸ, ਵਾਰ ੧)
ਚਾਰਿ ਵਰਨ ਇਕ ਵਰਨ ਕਰਿ, ਵਰਨ ਅਵਰਨ ਤਮੋਲ ਗੁਲਾਲੇ ।
ਅਸਟ ਧਾਤੁ ਇਕੁ ਧਾਤੁ ਕਰਿ, ਵੇਦ ਕਤੇਬ ਨ [4]ਭੇਦੁ ਵਿਚਾਲੇ ।
(ਭਾਈ ਗੁਰਦਾਸ, ਵਾਰ ੧੧)

---

[1]ਮੁਖ ਆਦਿਕ ਤੋਂ ਕਿਉਂ ਨਹੀਂ ਜੰਮਿਆ ?

[2]ਸ਼ੀਆ, ਮੁਸਲਮਾਨਾਂ ਦਾ ਇਕ ਫਿਰਕਾ ।

[3]ਸਿਫਾਰਸ਼ ਕਰਨ ਵਾਲਾ ।

[4]ਗੁਰੂ ਸਾਹਿਬ ਨੇ ਚਾਰ ਵਰਣਾਂ ਨੂੰ ਇਕ ਕਰਕੇ ਨਵਾਂ ਸਿੱਖ ਧਰਮ ਵਾਹਿਗੁਰੂ ਦਾ ਲਾਲ ਕਿਸ ਤਰ੍ਹਾਂ ਬਣਾ ਦਿੱਤਾ ? ਇਸ ਪਰ ਭਾਈ ਗੁਰਦਾਸ ਜੀ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਤਰ੍ਹਾਂ ਪਾਨ, ਚੂਨਾ, ਕੱਥ, ਸੁਪਾਰੀ ਇਨ੍ਹਾਂ ਨੂੰ ਇਕੱਠਾ ਕਰਨ ਨਾਲ ਸੁਰਖ਼ ਰੰਗ ਪ੍ਰਗਟ ਹੋ ਜਾਂਦਾ ਹੈ । ਗੁਰੂ ਸਾਹਿਬ ਨੇ ਕੇਵਲ ਚਾਰ ਵਰਣ→

ਚਾਰਿ ਵਰਨ ਚਾਰਿ ਮਜਹਬਾ ਚਰਣ ਕਵਲ ਸਰਣਾਗਤਿ ਆਇਆ।
ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।...
ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।
(ਭਾਈ ਗੁ: ਵਾਰ ੧੨)

ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਸਨਮੁਖ ਗੋਤੇ।...
ਸਾਧ ਸੰਗਤਿ ਮਿਲਿ ਦਾਦੇ ਪੋਤੇ। (ਭਾਈ ਗੁ: ਵਾਰ ੨੯)
ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।...
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਗੰਦੁ ਰਬਾਬਾ॥..
ਚਾਰਿ ਵਰਨ ਇਕ ਵਰਨ ਹੋਇ ਸਾਧ ਸੰਗਤਿ ਮਿਲਿ ਹੋਇ ਤਰਾਬਾ॥
ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ [1]ਖਰਾਬਾ॥
(ਭਾਈ ਗੁਰਦਾਸ ਵਾਰ ੨੪)

ਇਸੀ ਵਿਸ਼ੇ ਉਤੇ ਆਪ ਨੂੰ ਇਕ ਇਤਿਹਾਸਿਕ ਪ੍ਰਸੰਗ ਸੁਣਾਉਂਦੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਅਗਿਆਨੀ ਲੋਕ ਸਿੱਖਾਂ ਵਿਚ ਜਾਤੀ ਵਰਣ ਆਦਿਕ ਭੇਦ ਦੂਰ ਹੋਇਆ ਦੇਖ ਕੇ[2] ਬਾਦਸ਼ਾਹ ਅਕਬਰ ਪਾਸ ਸ਼ਕਾਇਤੀ ਹੋਏ ਸੇ। ਇਸ ਦਾ ਜ਼ਿਕਰ ਗੁਰੁ ਪ੍ਰਤਾਪ ਸੂਰਯ ਦੀ ਪਹਿਲੀ ਰਾਸ ਦੇ ਤ੍ਰਿਤਾਲੀਵੇਂ ਅਧਯਾਯ ਵਿਚ ਇਸ ਤਰ੍ਹਾਂ ਹੈ :

ਪੰਥ ਨਵੀਨ ਪ੍ਰਕਾਸ਼ਨ ਕਰਜੋ।
ਭੇਦ ਵਰਣ ਜਾਤੀ ਪਰਹਰਜੋ।
ਚਤੁਰ ਵਰਣ ਇਕ ਦੇਗ ਅਹਾਰਾ।
ਇਕ ਸਮ ਸੇਵਹਿਂ ਧਰ ਉਰ ਪਯਾਰਾ।

---

←ਹੀ ਇਕ ਨਹੀਂ ਕੀਤੇ, ਸਗੋਂ ਅਸ਼ਟ ਧਾਤੂ (ਚਾਰ ਮਜ਼ਹਬ ਅਤੇ ਚਾਰ ਵਰਣ) ਅਭੇਦ ਕਰ ਦਿਤੇ ਔਰ ਉਨ੍ਹਾਂ ਵਿਚ ਭੇਦ ਕਰਨ ਵਾਲੇ ਜੋ ਵੇਦ ਔਰ ਕੁਰਾਨ ਆਦਿਕ ਪੁਸਤਕ ਸਨ, ਉਨ੍ਹਾਂ ਨੂੰ ਕਿਨਾਰੇ ਕਰਕੇ ਗੁਰਬਾਣੀ ਦ੍ਵਾਰਾ ਏਹ ਨਿਸ਼ਚੇ ਕਰਵਾ ਦਿੱਤਾ ਕਿ :

"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।"

[1]ਸਤਿਗੁਰੂ ਦੇ ਸਿੱਖ ਗੁਰੂ ਦੀ ਸੰਗਤਿ ਕਰਕੇ ਸਤਿਗੁਰੂ ਦਾ ਰੂਪ ਬਣ ਜਾਂਦੇ ਹਨ। ਹਿੰਦੂ ਮਤ ਦੀ ਤਰ੍ਹਾਂ ਬ੍ਰਾਹਮਣ, ਛਤ੍ਰੀ, ਵੈਸ਼ (ਤ੍ਰਿਵਰਣ) ਦੀ ਖ਼ਰਾਬੀ ਨਹੀਂ ਰਹਿੰਦੀ।

[2]ਸਹਿਜਧਾਰੀ ਸਿੱਖਾਂ ਨੂੰ ਜੋ ਸਾਨੂੰ ਪਰਮ ਪਿਆਰੇ ਔਰ ਸਾਡਾ ਅੰਗ ਹਨ, ਅਜੇਹੇ ਪ੍ਰਸੰਗ ਪੜ੍ਹ ਕੇ ਨਿਸ਼ਚਾ ਕਰਨਾ ਲੋੜੀਏ ਕਿ ਸਤਿਗੁਰੂ ਦੇ ਸਿੱਖ ਮੁੱਢ ਤੋਂ ਹੀ ਨਿਰੋਲ (ਨਿਰਮਲ-ਖ਼ਾਲਿਸ) ਰਹੇ ਹਨ।

ਸੁਨਿ ਖੱਤ੍ਰੀ ਦ੍ਵਿਜ ਗਨ ਅਗਜਾਨੀ ।
ਪਰਮ ਅਭਗਤ ਜਾਤਿ ਅਭਿਮਾਨੀ ।
ਇਕ ਦਿਨ ਮਿਲਿ ਸਭ ਮਸਲਤ ਕਰੀ ।
ਇਹ ਤੋ ਰੀਤਿ ਬੁਰੀ ਜਗ ਪਰੀ ।
ਅਬ ਦ੍ਵਿਜ ਕੋ ਨਹਿ ਮਾਨਹਿ ਕੋਇ ।
ਛੱਤ੍ਰੀ ਧਰਮ ਨਸ਼ਟ ਸਭ ਹੋਇ ।
ਚਤੁਰ ਵਰਣ ਕੋ ਇਕ ਮਤ ਕਰਜੋ ।
ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਜੋ ।
ਇਕ ਥਲ ਭੋਜਨ ਸਭ ਕੋ ਖਈ ।
ਸੰਕਰ ਵਰਣ ਪ੍ਰਜਾ ਅਬ ਭਈ ।
ਦੇਵ ਪਿਤਰ ਕੀ ਮਨਤਾ ਛੋਰੀ ।
ਸਭ ਮਰਯਾਦ ਜਗਤ ਕੀ ਤੋਰੀ ।
ਇਸ ਮਸਲਤ ਕਰਕੇ ਦ੍ਵਿਜ ਸਾਰੇ ।
ਢਿਗ ਅਕਬਰ ਕੇ, ਜਾਇ ਪੁਕਾਰੇ ।
ਗੋਇੰਦ ਵਾਲ ਅਮਰ ਗੁਰੁ ਹੋਵਾ ।
ਭੇਦ ਵਰਣ ਚਾਰੋਂ ਕਾ ਖੋਵਾ ।
ਰਾਮ [1]ਗਾਯਤ੍ਰੀ ਮੰਤ੍ਰ ਨ ਜਪੈ ।
ਵਾਹਿਗੁਰੂ ਕੀ ਥਾਪਨ ਥਪੈ ।
ਸ਼੍ਰਤਿ ਸਿਮ੍ਰਿਤਿ ਕੇ ਰਾਹ ਨ ਚਾਲੇ ।

---

[1]ਕਈ ਅਨਜਮਤੀ ਆਖਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਦਸ਼ਾਹ ਅਕਬਰ ਦੀ ਸਭਾ ਵਿਚ ਗਾਇਤ੍ਰੀ ਦਾ ਪਾਠ ਕੀਤਾ, ਏਸ ਕਰਕੇ ਗੁਰੂ ਸਾਹਿਬ ਗਾਇਤ੍ਰੀ ਭਗਤ ਸਨ । ਪਰ ਉਸ ਏਹ ਨਹੀਂ ਸੋਚਦੇ ਕਿ ਜੇ ਗੁਰੂ ਜੀ ਗਾਇਤ੍ਰੀ ਨੂੰ ਹਿੰਦੂਆਂ ਦੀ ਤਰ੍ਹਾਂ ਗੁਰਮੰਤ੍ਰ ਮੰਨਦੇ ਤਾਂ ਕਦੇ ਅਕਬਰ ਦੇ ਸਾਹਮਣੇ ਉਚਾਰਣ ਨਾ ਕਰਦੇ ਔਰ ਆਪਣੇ ਸਿੱਖਾਂ ਵਿਚ ਜ਼ਰੂਰ ਗਾਇਤ੍ਰੀ ਦਾ ਪ੍ਰਚਾਰ ਕਰਦੇ ।

ਕੇਵਲ ਗਾਇਤ੍ਰੀ ਅਥਵਾ ਵੇਦਾਂ ਦਾ ਗਿਆਤਾ ਹੋਣ ਕਰਕੇ ਕੋਈ ਪੁਰਸ਼ ਹਿੰਦੂ ਨਹੀਂ ਹੋ ਸਕਦਾ, ਜਦ ਤੋੜੀ ਉਹ ਇਨ੍ਹਾਂ ਦਾ ਸ਼ਰਧਾਲੂ ਨਾ ਹੋਵੇ ।

ਇਸੀ ਤਰ੍ਹਾਂ ਜੇ ਕੋਈ ਭਾਈ ਗੁਰਦਾਸ ਜੀ ਦੀ ਏਹ ਤੁਕ :

"ਦਿਤੀ ਬਾਂਗ ਨਮਾਜ਼ ਕਰਿ ਸੁੰਨ ਸਮਾਨ ਹੋਯਾ ਜਹਾਨਾ ।" ਪੜ੍ਹ ਕੇ ਆਖੇ ਕਿ ਗੁਰੂ ਨਾਨਕ ਸਾਹਿਬ ਮੁਸਲਮਾਨ ਸਨ, ਤਾਂ ਉਸ ਦੀ ਮੂਰਖਤਾ ਹੈ ।

ਮਨ ਕੋ ਮਤ ਕਰ ਭਏ [1]ਨਿਰਾਲੇ ।

ਦ੍ਵਿਜਾਂ ਦਾ ਮੁੱਖ ਸੰਸਕਾਰ ਜਨੇਊ ਧਾਰਨਾ ਹੈ, ਸੋ ਉਸ ਬਾਬਤ ਸਤਿਗੁਰੂ ਦੇ ਏਹ ਬਚਨ ਹਨ :

[2]ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ [3]ਪਾਡੇ ਘਤੁ ॥
[4]ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥
ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
ਲੈ [5]ਭਾੜਿ ਕਰੇ ਵੀਆਹੁ ॥ ਕਢਿ [6]ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ [7]ਵਿਡਾਣੁ ॥
ਮਨਿ ਅੰਧਾ, ਨਾਉ ਸੁਜਾਣੁ ॥ (ਵਾਰ ਆਸਾ, ਮ: ੧)

ਪਹਾੜੀ ਰਾਜਿਆਂ ਨੂੰ ਦਸਵੇਂ ਗੁਰੂ ਸਾਹਿਬ ਨੇ ਸਿੰਘ ਸਜਣ ਲਈ ਏਹ ਉਪਦੇਸ਼ ਦਿੱਤਾ :—

ਝੂਠੇ ਜੰਞੂ ਜਤਨ ਤਿਆਗੋ ।
ਖੜਗ ਧਾਰ ਅਸਿਧੁਜ ਪਗ ਲਾਗੋ ।

---

[1]"ਕੀਤੋਸ ਆਪਣਾ ਪੰਥ ਨਿਰਾਲਾ ।" (ਭਾਈ ਗੁਰਦਾਸ ਜੀ)

[2]ਜਦ ਸਤਿਗੁਰਾਂ ਨੂੰ ਪੁਰੋਹਿਤ ਜਨੇਊ ਪਹਿਰਾਉਣ ਲੱਗਾ, ਤਦ ਗੁਰੂ ਨਾਨਕ ਦੇਵ ਸ੍ਵਾਮੀ ਨੇ ਏਹ ਸ਼ਬਦ ਉਚਾਰਿਆ ਹੈ ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਕਲਗੀਧਰ ਪ੍ਰਯੰਤ ਕਿਸੇ ਸਤਿਗੁਰੂ ਨੇ ਜਨੇਊ ਨਹੀਂ ਪਹਿਰਿਆ । ਕਿਤਨੇ ਕੁ ਸਿੱਖਾਂ ਨੇ ਕੁਸੰਗਤਿ ਦੇ ਕਾਰਣ ਗੁਰਬਾਣੀ ਦਾ ਭਾਵ ਸਮਝੇ ਬਿਨਾ ਅਨੇਕ ਝੂਠੀਆਂ ਸਾਖੀਆਂ ਬਣਾ ਕੱਢੀਆਂ ਹਨ, ਜੋ ਗੁਰੁ ਆਸ਼ੇ ਤੋਂ ਵਿਰੁੱਧ ਹੋਣ ਕਰਕੇ ਮੰਨਣ ਯੋਗ ਨਹੀਂ ਹਨ ।

[3]ਏਹ ਸ਼ਰਤੀਆ ਕਲਮਾ ਹੈ, ਜਿਸ ਦਾ ਅਰਥ ਏਹ ਹੈ ਕਿ ਜੇ ਤੇਰੇ ਪਾਸ ਅਜੇਹਾ ਜਨੇਊ ਹੈ ਤਾਂ ਪਾ ਦੇ, ਨਹੀਂ ਤਾਂ ਸੂਤ ਦਾ ਜਨੇਊ ਅਸੀਂ ਨਹੀਂ ਪਹਿਰਣਾ ।

[4]ਚਾਰ ਕੌਡੀਆਂ ਨੂੰ ।

[5]ਭਾੜਾ ਲੈ ਕੇ । "ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨ ਖਾਧੈ ਤੇਰਾ ਜਨਮੁ ਗਇਆ ।" (ਆਸਾ ਮ: ੪)

[6]ਤਿਥੀ ਪਤ੍ਰਾ । ਪੰਚਾਂਗ ਪਤ੍ਰ । [7]ਪ੍ਰਪੰਚ ।

ਬਿਖਜਾ ਕਿਰਿਆ ਭੱਦਣ ਤਜਾਗੋ।
[1]ਜਟਾ ਜੂਟ ਰਹਿਬੋ ਅਨੁਰਾਗੋ।

ਇਸ ਦੇ ਉੱਤਰ ਵਿਚ ਰਾਜਿਆਂ ਨੇ ਆਖਿਆ :

ਇਸ ਤੇ ਰਹਿਤ ਕਠਿਨ, ਨਹਿਂ ਹੋਈ।
ਚਾਰ ਵਰਣ ਸੋਂ ਕਰਹਿਂ ਰਸੋਈ।
ਬੇਦ ਲੋਕ ਮਤ ਸਰਬ ਤਿਆਗੀ।
ਸ੍ਰੀ ਅਸਿਧੁਜ ਕੇ ਹ੍ਵੈਂ ਅਨੁਰਾਗੀ।
ਦ੍ਵਿਜ ਖਤ੍ਰੀ ਪੂਤਾਨ ਕੇ ਜੰਞੂ ਧਰਮ ਤੁਰਾਇ,
ਲੈ ਭੋਜਨ ਇਕ ਠਾਂ ਕੀਓ ਬੂਡੀ ਬਾਤ ਬਨਾਇ।
ਪੂਜਾ ਮੰਤ੍ਰ ਕ੍ਰਿਯਾ ਸੁਭ ਕਰਮਾ।
ਇਹ ਹਮ ਤੇ ਛੂਟਤ ਨਹਿ ਧਰਮਾ।
ਪਿਤ੍ਰਿਦੰਡ ਦੇਵਨ ਕੇ ਕਾਮਾ।
ਕਤ ਛੂਟਤ ਹਮ ਸੇ ਅਭਿਰਾਮਾ ? (ਗੁਰੁ ਬਿਲਾਸ, ਅ. ੧੨)

ਗੁਰੂ ਕਾ ਸਿੰਘ ਜੰਞੂ ਟਿੱਕੇ ਦੀ ਕਾਣ ਨਾ ਕਰੇ। (ਰ: ਭਾਈ ਚੌਪਾ ਸਿੰਘ)

ਜਨੇਊ ਪਾਇਕੇ ਵਿਵਾਹ ਸ਼੍ਰਾਧ ਪਿੰਡ ਆਦਿਕ ਨਾ ਕਰੇ[2]। ਸਭ ਜੁਗਤ ਗੁਰੂ ਕੀ ਮਰਯਾਦਾ ਅਰਦਾਸ ਸੇ ਕਰੇ। (ਰ: ਭਾ: ਦਯਾ ਸਿੰਘ)

ਹਿੰਦੂ : ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ :

ਗੁਰੂ ਨਾਨਕ ਸਾਹਿਬ ਲਾਲੋ ਤਰਖਾਣ ਦੇ ਘਰ ਗਏ, ਤਾਂ ਲਾਲੋ ਨੇ ਉਨ੍ਹਾਂ ਦੇ ਗਲ ਜਨੇਊ ਦੇਖ ਕੇ ਆਖਿਆ, "ਮਹਾਰਾਜ ! ਮੈਂ ਚੌਂਕਾ ਪਾ ਦਿੱਤਾ ਹਾਂ, ਆਪ ਆਪਣੇ ਹੱਥੀਂ ਪ੍ਰਸ਼ਾਦ ਬਣਾ ਲਓ, ਮੈਂ ਸੂਦ੍ਰ ਹੋਣ ਕਰਕੇ ਆਪ ਲਈ ਪ੍ਰਸ਼ਾਦ ਨਹੀਂ ਪਕਾ ਸਕਦਾ।" ਏਹ ਸੁਣ ਕੇ ਗੁਰੂ ਨਾਨਕ ਸਾਹਿਬ ਨੇ ਬਚਨ ਕੀਤਾ, "ਭਾਈ ਲਾਲੋ ! ਸਾਰੀ ਜ਼ਮੀਨ ਹੀ ਚਉਂਕਾ ਹੈ, ਪ੍ਰਸਾਦ ਤਿਆਰ ਕਰਕੇ ਲੈ ਆ, ਕੁਛ

[1]ਅਮ੍ਰਿੰਤ। ਸਿੱਖਾਂ ਵਿਚ ਏਹ ਸੰਕੇਤਕ ਪਦ ਹੋ ਗਿਆ।

[2]ਭਾਈ ਦਯਾ ਸਿੰਘ ਜੀ ਨੂੰ ਏਹ ਲਿਖਣ ਦੀ ਲੋੜ ਇਸ ਲਈ ਪਈ ਕਿ ਹਿੰਦੂ ਲੋਕ ਸਿੱਖਾਂ ਨੂੰ ਦੇਵ ਔਰ ਪਿਤ ਕਰਮ ਲਈ ਪ੍ਰੇਰਦੇ ਰਹਿੰਦੇ ਸਨ, ਔਰ ਕਈ ਅਗਿਆਨੀ ਜੋ ਧੱਕੇ ਚੜ੍ਹ ਜਾਂਦੇ, ਉਨ੍ਹਾਂ ਦੇ ਜਨੇਊ ਪਾ ਕੇ ਔਰ ਸਿੱਖੀ ਦੇ ਚਿੰਨ੍ਹ ਉਤਾਰ ਕੇ ਸ਼੍ਰਾਧ ਆਦਿਕ ਕਰਮ ਕਰਵਾਉਂਦੇ ਸਨ ਜੇਹਾ ਕਿ ਹੁਣ ਭੀ ਕਈ ਇਕ ਨਾਉਂ ਧਰੀਕ ਸਿੱਖਾਂ ਨਾਲ ਵਰਤਾਉ ਹੁੰਦਾ ਹੈ, ਖ਼ਾਸ ਕਰਕੇ ਗਯਾ ਆਦਿਕ ਤੀਰਥਾਂ ਉੱਪਰ।

ਭਰਮ ਨਾ ਕਰ।"

ਏਸ ਪ੍ਰਸੰਗ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਗਲ ਜਨੇਊ ਸੀ।

ਸਿੱਖ : ਪਿਆਰੇ ਭਾਈ! ਪਹਿਲਾਂ ਤਾਂ ਗੁਰਾਂ ਦੇ ਗਲ ਜਨੇਊ ਦਾ ਹੋਣਾ ਗੁਰਬਾਣੀ ਦੇ ਵਿਰੁਧ ਹੈ, ਭਲਾ ਜੇ ਤੇਰੇ ਆਖੇ ਏਸ ਪ੍ਰਮਾਣ ਤੋਂ ਸੱਚ ਮੰਨ ਲਈਏ, ਤਾਂ ਏਸ ਤੋਂ ਜਨੇਊ ਇਕ ਪ੍ਰਕਾਰ ਦਾ ਠੱਠਾ ਮਖੌਲ ਸਿੱਧ ਹੁੰਦਾ ਹੈ; ਔਰ ਜਾਤੀ ਵਰਣ ਦੀ ਰੀਤੀ ਪਰ ਚੌਂਕਾ ਪੈਂਦਾ ਹੈ। ਕਿਆ ਆਪ ਦੇ ਮਤ ਵਿਚ ਜਨੇਊ ਪਹਿਨ ਕੇ, ਬਿਨਾਂ ਚੌਂਕਾ ਪਾਏ ਔਰ ਸ਼ੂਦਰ ਦਾ ਪੱਕਿਆ ਅੰਨ ਖਾਣਾ ਵਿਧਾਨ ਹੈ? ਔਰ ਜੇ ਇਸ ਤਰ੍ਹਾਂ ਦੇ ਜਨੇਊ ਨਾਲ ਗੁਰੂ ਨਾਨਕ ਦੇਵ ਹਿੰਦੂ ਹੋ ਸਕਦੇ ਹਨ, ਤਾਂ ਭਾਈ ਗੁਰਦਾਸ ਜੀ ਦੀ ਇਸ ਬਾਣੀ ਅਨੁਸਾਰ :

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹੱਥਿ ਕਿਤਾਬ ਕੱਛਿ ਕੂਜਾ ਬਾਂਗ ਮੁਸੱਲਾ ਧਾਰੀ।

ਮੁਸਲਮਾਨ ਹੋਣਗੇ?

ਹਿੰਦੂ : ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜਨੇਊ ਰਖਦੇ ਸਨ :

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥

ਸਿੱਖ : ਪਿਆਰੇ ਸੱਜਣ ਜੀ! ਏਸ ਸ਼ਬਦ ਤੋਂ ਜਨੇਊ ਸਿੱਧ ਨਹੀਂ ਹੁੰਦਾ, ਸਗੋਂ ਜਨੇਊ ਦੀ ਮਹਿਮਾ ਘਟਦੀ ਹੈ, ਆਪ ਸਾਰਾ ਸ਼ਬਦ ਧਿਆਨ ਦੇ ਕੇ ਸੁਣੋ :

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਨਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥

ਤੂੰ ਸਾਹਿਬੁ ਹਉ ਸਾਂਗੀ ਤੇਰਾ, ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥
(ਆਸਾ ਮ: ੧)

ਇਸ ਸ਼ਬਦ ਵਿਚ ਭਗਵਾ ਪਹਿਰਣਾ, ਦਿਗੰਬਰ ਹੋਣਾ, ਮ੍ਰਿਗਛਾਲਾ ਪਰ ਬੈਠ ਕੇ ਜਾਪ ਕਰਨਾ, ਖੱਪਰ ਲੈ ਕੇ ਮੰਗਦੇ ਫਿਰਨਾ, ਦੰਭੀ, ਸੰਨਿਆਸੀ ਬਣਨਾ, ਚਰਮ ਪੋਸ਼ ਹੋਣਾ, ਬੋਦੀ ਜਨੇਊ ਔਰ ਧੋਤੀ ਦਾ ਰਖਣਾ, ਇਤਿਆਦਿਕ ਸਭ ਭੇਖਾਂ ਨੂੰ ਸ੍ਵਾਂਗ ਕਥਨ ਕੀਤਾ ਹੈ। ਔਰ ਅੰਤ ਨੂੰ ਆਪਣਾ ਏਹ ਸਿਧਾਂਤ ਪ੍ਰਗਟ ਕਰਿਆ ਹੈ ਕਿ ਆਦਮੀ ਦੀ ਕੋਈ ਜਾਤੀ ਨਹੀਂ, ਕੇਵਲ ਅਗਿਆਨ ਦੀ ਕਲਪਨਾ ਹੈ।

ਹਿੰਦੂ : ਦੇਖੋ ਬਚਿੱਤ੍ਰ ਨਾਟਕ ਦੇ ਇਸ ਬਚਨ ਤੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਜਨੇਊ ਪਹਿਰਣਾ ਸਿੱਧ ਹੁੰਦਾ ਹੈ :

ਤਿਲਕ ਜੰਞੂ ਰਾਖਾ ਪ੍ਰਭੁ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।

ਸਿੱਖ : ਵਿਆਕਰਣਵੇਤਾ ਹਿੰਦੂ ਭਾਈ! ਇਸ ਦਾ ਏਹ ਅਰਥ ਹੈ ਕਿ ਕਸ਼ਮੀਰੀ ਬ੍ਰਾਹਮਣ ਜੋ ਜਨੇਊ ਉਤਰਨ ਦੇ ਭੈ ਕਰਕੇ ਸਤਿਗੁਰ ਦੀ ਸ਼ਰਨ ਆਏ ਸਨ, ਉਨ੍ਹਾਂ ਦਾ (ਤਾਂਕਾ) ਤਿਲਕ ਔਰ ਜਨੇਊ ਸਵਾਮੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਚਾ ਦਿਤਾ[1]।

ਜਨੇਊ ਦੀ ਮਹਿਮਾ ਖੰਡੇ ਦੇ ਅੰਮ੍ਰਿਤ ਤੋਂ ਹੀ ਨਹੀਂ ਘਟੀ, ਬਲਕਿ ਪਹਿਲੇ ਸਹਿਜਧਾਰੀ ਸਿਖ ਭੀ ਇਸ ਦੀ ਕੁਛ ਕਦਰ ਨਹੀਂ ਕਰਦੇ ਸਨ, ਔਰ ਜਨੇਊ ਨੂੰ

---

[1]ਇਸ ਉਪਕਾਰ ਦਾ ਬਦਲਾ ਹੁਣ ਕ੍ਰਿਤਗਜ ਹਿੰਦੂਆਂ ਵਲੋਂ ਏਹ ਹੋ ਰਹਿਆ ਹੈ ਕਿ ਜਿਥੋਂ ਤੋੜੀ ਹੋ ਸਕਦਾ ਹੈ, ਸਿੱਖਾਂ ਦੇ ਕੇਸ ਆਦਿਕ ਚਿੰਨ੍ਹ ਮਿਟਾਉਣ ਵਿਚ ਪੂਰਾ ਯਤਨ ਕੀਤਾ ਜਾਂਦਾ ਹੈ। ਕਈ ਅਗਿਆਨੀ ਧਰਮ ਤੋਂ ਪਤਿਤ ਸਿੱਖ, ਜੋ ਬ੍ਰਾਹਮਣਾਂ ਦੇ ਧੱਕੇ ਚੜ੍ਹ ਜਾਂਦੇ ਹਨ, ਉਨ੍ਹਾਂ ਨੂੰ ਪੰਡਿਤ ਜੀ ਦੀ ਆਗਿਆ ਹੁੰਦੀ ਹੈ ਕਿ ਕੱਛ ਔਰ ਕੜਾ ਲਾਹ ਕੇ ਸੰਕਲਪ ਕਰਵਾਓ।

ਜੇ ਵਿਚਾਰ ਨਾਲ ਦੇਖਿਆ ਜਾਵੇ ਤਾਂ ਜੋ ਸਲੂਕ ਔਰੰਗਜ਼ੇਬ ਵਲੋਂ ਜਨੇਊ ਟਿੱਕੇ ਉਤਾਰਣ ਦਾ ਹਿੰਦੂਆਂ ਨਾਲ ਹੁੰਦਾ ਸੀ, ਏਸ ਵੇਲੇ ਓਹੀ ਸਲੂਕ ਸ੍ਵਾਰਥੀ ਹਿੰਦੂਆਂ ਦੀ ਤਰਫੋਂ ਸਿੱਖਾਂ ਨਾਲ ਹੋ ਰਹਿਆ ਹੈ। ਉਹ ਆਪਣਾ ਮੁਖ ਕਰਤੱਵ ਏਹ ਜਾਣਦੇ ਹਨ ਕਿ ਜਿਥੋਂ ਤੋੜੀ ਹੋ ਸਕੇ, ਸਿੱਖਾਂ ਦੇ ਚਿੰਨ੍ਹ ਦੂਰ ਕੀਤੇ ਜਾਣ ਔਰ ਆਪਣੇ ਨਾਲ ਮਿਲਾ ਕੇ ਸਿੱਖ ਨਾਮ ਮਿਟਾ ਦਿੱਤਾ ਜਾਵੇ। ਇਸੇ ਉਦੇਸ਼ ਨੂੰ ਮਨ ਵਿਚ ਰੱਖ ਕੇ "ਹਮ ਹਿੰਦੂ ਨਹੀਂ" ਦਾ ਵਿਰੋਧ ਕੀਤਾ ਜਾ ਰਿਹਾ ਹੈ।

ਮਾਮੂਲੀ ਡੋਰੇ ਤੋਂ ਵੱਧ ਕੇ ਹੋਰ ਕੁਛ ਨਹੀਂ ਜਾਣਦੇ ਸਨ। ਇਸ ਦੀ ਪੁਸ਼ਟੀ ਵਾਸਤੇ ਦੇਖੋ "ਦਬਿਸਤਾਨਿ ਮਜ਼ਾਹਬ"[1] ਦਾ ਪ੍ਰਸੰਗ :

ਸਾਦਾ ਨਾਮਕ ਗੁਰੂ ਦਾ ਸਿਖ ਜੋ ਪੂਰਾ ਸਿਦਕੀ ਸੀ, ਇਕ ਵਾਰ ਮੇਰੇ ਨਾਲ ਕਾਬਲ ਤੋਂ ਪੰਜਾਬ ਤਾਈਂ ਆਇਆ, ਰਸਤੇ ਵਿਚ ਅਚਾਨਕ ਮੇਰੀ ਪੋਸਤੀਨ ਦੀ ਤਣੀ ਟੁੱਟ ਗਈ, ਸਾਦੇ ਨੇ ਝੱਟ ਆਪਣਾ ਜਨੇਊ ਲਾਹ ਕੇ ਪੋਸਤੀਨ ਨੂੰ ਬੰਨ੍ਹ ਦਿਤਾ। ਮੈਂ ਉਸ ਨੂੰ ਆਖਿਆ ਕਿ ਤੈਂ ਏਹ ਕੀ ਕੀਤਾ ? ਸਾਦੇ ਨੇ ਉੱਤਰ ਦਿਤਾ ਕਿ ਜਨੇਊ ਗਲ ਵਿਚ ਰਖਣ ਦਾ ਏਹੀ ਲਾਭ ਹੈ ਕਿ ਵੇਲੇ ਸਿਰ ਡੋਰਾ ਕੰਮ ਆਏ, ਜੇ ਮੈਂ ਆਪਣੇ ਸੱਜਣ ਦਾ ਕੰਮ ਏਸ ਨਾਲ ਨਾ ਸਵਾਰਾਂ ਤਾਂ ਮੈਨੂੰ ਜਨੇਊ ਰੱਖਣ ਤੋਂ ਕੀ ਫਾਇਦਾ ਹੈ ? (ਤਾਲੀਮ ੨, ਨਜ਼ਰ ੨੪)

ਆਪ ਜਾਤੀ ਅਭਿਮਾਨੀ ਬ੍ਰਾਹਮਣਾਂ ਨੂੰ ਪੂਜਯ ਮੰਨਦੇ ਔਰ ਦਾਨ ਦਿੰਦੇ ਹੋ, ਪਰ ਸਾਡੇ ਸਤਿਗੁਰਾਂ ਨੇ ਗੁਰਸਿਖਾਂ ਨੂੰ ਦਾਨ ਸਨਮਾਨ[2] ਦਾ ਅਧਿਕਾਰੀ ਠਹਿਰਾਇਆ ਹੈ, ਯਥਾ :

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ (ਗਉੜੀ ਮਹਲਾ ੪)

---

[1]ਇਸ ਕਿਤਾਬ ਦਾ ਕਰਤਾ ਮੁਹਸਨਫ਼ਾਨੀ ਈਰਾਨ ਨਿਵਾਸੀ ਸੀ, ਔਰ ਉਸ ਨੇ ਹਿੰਦੁਸਤਾਨ ਵਿਚ ਫਿਰ ਕੇ ਸਭ ਮਤਾਂ ਦਾ ਹਾਲ ਲਿਖਿਆ ਹੈ। ਮੁਹਸਨਫ਼ਾਨੀ ਨੇ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ ਔਰ ਬਾਬਾ ਗੁਰਦਿੱਤਾ ਜੀ ਦਾ ਦਰਸ਼ਨ ਕੀਤਾ ਔਰ ਸਤਿਗੁਰਾਂ ਦੇ ਦੀਵਾਨਾਂ ਵਿਚ ਹਾਜ਼ਰ ਹੁੰਦਾ ਰਹਿਆ। ਉਸ ਦੇ ਲੇਖ ਤੋਂ ਏਹ ਭੀ ਪ੍ਰਗਟ ਹੁੰਦਾ ਹੈ ਕਿ ਛੇਵੇਂ ਸਤਿਗੁਰਾਂ ਨਾਲ ਉਸ ਦਾ ਪਤ੍ਰ ਵਿਵਹਾਰ ਸੀ।

[2]ਗੁਰਮਤ ਵਿਚ ਤੁਲਾ ਦਾਨ ਛਾਯਾ ਪਾਤ੍ਰ ਆਦਿਕ ਦਾਨ ਵਿਧਾਨ ਨਹੀਂ। ਜੋ ਸਿੱਖ ਹਿੰਦੂਆਂ ਦੇ ਦਾਨ ਦੀ ਨਕਲ ਕਰਕੇ ਸਿੱਖਾਂ ਨੂੰ ਦਿੰਦੇ ਹਨ, ਉਹ ਦੋਵੇਂ ਹੀ (ਲੈਣ ਔਰ ਦੇਣ ਵਾਲੇ) ਖਾਲਸਾ ਧਰਮ ਤੋਂ ਪਤਿਤ ਹਨ। ਗੁਰਸਿੱਖਾਂ ਨੂੰ ਸਿੱਖਾਂ ਦਾ ਦੇਣਾ ਐਸਾ ਹੈ, ਜੈਸੇ ਆਪਣੇ ਭਾਈਆਂ ਨੂੰ ਸਹਾਇਤਾ ਦੇਣੀ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਦਾਨ ਕਰਨ ਦਾ ਏਹ ਤਰੀਕਾ ਦਸਿਆ ਹੈ ਕਿ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਧਰਮ ਦੇ ਕੰਮਾਂ ਲਈ ਕਢੋ, ਔਰ ਉਸ ਨੂੰ ਪੰਜਾਂ ਪਿਆਰਿਆਂ ਦੀ ਸੰਮਤੀ ਨਾਲ ਕੌਮ ਦੀ ਸੇਵਾ ਲਈ ਖਰਚ ਕਰੋ। ਜੋ ਸਿੱਖ, ਬ੍ਰਾਹਮਣਾਂ ਦੀ ਨਕਲ ਕਰਕੇ ਦਾਨ ਕਰਦੇ ਹਨ, ਉਹ ਗੁਰਮਤਿ ਤੋਂ ਅਗਿਆਨੀ ਹਨ।

ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥

... ... ...

ਸੇਵ ਕਰੀ ਇਨ ਹੀ ਕੀ ਭਾਵਤ
ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ
ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ
ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ
ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥... (ਪਾ: ੧੦)

ਹਿੰਦੂ : ਏਹ ਤਾਂ ਗੁਰੂ ਸਾਹਿਬ ਨੇ ਬ੍ਰਾਹਮਣਾਂ ਦੀ ਮਹਿਮਾ ਵਿਚ ਸਵਈਏ ਉਚਾਰੇ ਹਨ ਔਰ ਬ੍ਰਾਹਮਣਾਂ ਨੂੰ ਦਾਨ ਦੇਣ ਦਾ ਹੁਕਮ ਦਿਤਾ ਹੈ, ਆਪ ਇਸ ਦੇ ਅਰਥ ਸਿੱਖਾਂ ਵਾਸਤੇ ਕਿਸ ਤਰ੍ਹਾਂ ਲਾਉਂਦੇ ਹੋ ?

ਸਿੱਖ : ਪਿਆਰੇ ਹਿੰਦੂ ਜੀ ! ਇਨ੍ਹਾਂ ਸਵੈਯਾਂ ਵਿਚ ਗੁਰੂ ਸਾਹਿਬ ਬ੍ਰਾਹਮਣ ਨੂੰ ਸੰਬੋਧਨ ਕਰ ਕੇ ਆਖਦੇ ਹਨ :

ਜੋ ਕਿਛੁ ਲੇਖ ਲਿਖਿਓ ਬਿਧਨਾ
ਸੋਈ ਪਾਯਤੁ ਮਿਸ੍ਰ ਜੂ ਸ਼ੋਕ ਨਿਵਾਰੋ ॥

ਇਸ ਗੁਫ਼ਤਗੂ ਵਿਚ ਗੁਰੂ ਸਾਹਿਬ ਉੱਤਮ ਪੁਰਸ਼ ਹਨ, ਮਿਸ੍ਰ ਜੀ ਦੁਤਿਯ ਪੁਰਸ਼ ਹੈ (ਜਿਸ ਨਾਲ ਗੱਲ ਬਾਤ ਹੋ ਰਹੀ ਹੈ) ਅਰ ਖ਼ਾਲਸਾ ਤ੍ਰਿਤੀਯ (ਅੰਨਯ) ਪੁਰਸ਼ ਹੈ। ਇਸ ਵਾਸਤੇ 'ਇਨ ਹੂੰ' ਪਦ ਬ੍ਰਾਹਮਣਾਂ ਲਈ ਨਹੀਂ ਆ ਸਕਦਾ। ਇਸ ਵਿਆਕਰਣ ਸਬੰਧੀ ਚਰਚਾ ਨੂੰ ਜਾਣ ਦਿਓ, ਅਸੀਂ ਆਪ ਨੂੰ ਅੰਤ ਦੇ ਦੋਹਰੇ ਤੋਂ ਹੀ ਅੱਛੀ ਤਰ੍ਹਾਂ ਸਮਝਾ ਦੇਂਦੇ ਹਾਂ ਕਿ ਇਹ ਸਵਈਏ ਖਾਲਸੇ ਦੀ ਮਹਿਮਾ ਵਿਚ ਹਨ; ਯਥਾ :

ਚਟੂ ਪਟਾਇ ਚਿਤ ਮੈ ਜਰਿਓ ਤ੍ਰਿਣ ਜਿਉਂ ਕ੍ਰੁੱਧਤ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੂ [1]ਰੋਇ ॥

---

[1]ਰਿਆਸਤ ਜੀਂਦ ਵਿਚ ਇਕ ਦਸਮ ਗ੍ਰੰਥ ਹੈ, ਉਸ ਵਿਚ ਇਕ ਏਹ ਦੋਹਿਰਾ ਭੀ ਹੈ, ਜੋ ਹੋਰਨਾਂ ਬੀੜਾਂ ਵਿਚ ਨਹੀਂ ਦੇਖਿਆ ਗਿਆ :

ਆਸ ਨਾ ਕਰ ਤੂ ਬ੍ਰਾਹਮਣਾ, ਨਾ ਪਰਸੋ ਪਗ ਜਾਇ ॥
ਪ੍ਰਭੂ ਤਯਾਗ ਦੂਜੇ ਲਗੇ ਕੁੰਭਿ ਨਰਕ ਮੇਂ ਪਾਇ ॥

ਅਰਥਾਤ—ਗੁਰੂ ਸਾਹਿਬ ਨੇ ਨਿਤ ਵਾਸਤੇ ਜੋ ਨਵਾਂ ਰਸਤਾ ਚਲਾ ਦਿਤਾ ਕਿ ਬ੍ਰਾਹਮਣਾਂ ਨੂੰ ਦਾਨ ਨਾ ਦਿਤਾ ਜਾਵੇ ਔਰ ਗੁਰਸਿੱਖਾਂ ਨੂੰ ਹੀ ਪੂਰਣ ਅਧਿਕਾਰੀ ਸਮਝਿਆ ਜਾਵੇ, ਇਸ ਪਰ ਮਿਸ੍ਰ ਨੂੰ ਬੜੀ ਚਟਪਟੀ ਲੱਗੀ ਔਰ ਰੋ ਪਿਆ। ਆਪ ਹੀ ਵਿਚਾਰ ਕੇ ਦਸੋ, ਕਿ ਜੇ ਬ੍ਰਾਹਮਣਾਂ ਦੇ ਹੱਕ ਵਿਚ ਸਤਿਗੁਰਾਂ ਦਾ ਹੁਕਮ ਹੁੰਦਾ ਤਾਂ ਮਿਸ੍ਰ ਰੋਂਦਾ, ਜਾਂ ਹਸਦਾ ? ਔਰ ਦੇਖੋ ! ਸਾਡੇ ਅਰਥ ਦੀ ਤਾਈਦ ਵਿਚ ਭਾਈ ਮਨੀ ਸਿੰਘ ਜੀ ਸ੍ਰੀ ਕਲਗੀਧਰ ਦੇ ਹਜ਼ੂਰੀਏ ਕੀ ਆਖਦੇ ਹਨ :

'ਬ੍ਰਾਹਮਣ ਵੇਦ ਪਾਠ ਤੇ ਦੇਹ ਅਭਿਮਾਨੀ ਕਰਮਕਾਂਡੀ ਸੇ, ਦਸਵੇਂ ਪਾਤਸ਼ਾਹ ਨੇ ਖਾਲਸੇ ਨੂੰ ਵਡਿਆਈ ਤੇ ਗੁਰਿਆਈ ਬਖਸ਼ੀ, ਤਾਂ ਬ੍ਰਾਹਮਣਾਂ[1] ਰੋਇ ਦਿਤਾ।' (ਭਗਤ ਰਤਨਾਵਲੀ)

ਹਿੰਦੂ : ਆਪ ਬ੍ਰਾਹਮਣਾਂ ਬਾਬਤ ਏਹ ਆਖਦੇ ਹੋ, ਪਰ ਸੁਖਮਨੀ ਵਿਚ ਬ੍ਰਾਹਮਣਾਂ ਨੂੰ ਨਮਸਕਾਰ ਕਰਨੀ ਲਿਖੀ ਹੈ, ਯਥਾ :

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥...
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ॥
ਸੂਖਮ ਮਹਿ ਜਾਨੈ ਅਸਥੂਲੁ ॥

---

[1]ਪੁਸਤਕ ਸਰਬ ਲੋਹ ਅਥਵਾ ਲੋਹ ਪ੍ਰਕਾਸ਼ ਵਿਚ ਭੀ ਏਸ ਅਰਥ ਦੀ ਪੁਸ਼ਟੀ ਹੈ, ਯਥਾ :

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹੌਂ ਕਰੌ ਨਿਵਾਸ ॥
ਹੌਂ ਖਾਲਸੇ ਕੋ ਖਾਲਸਾ ਮੇਰੋ ॥
ਓਤ ਪੋਤਿ ਸਾਗਰ ਬੂੰਦੇਰੋ ॥
ਸੇਵਾ ਖਾਲਸੇ ਕੀ ਸਫਲ ਪੂਜਾ ਆਰਘਪਾਦ ॥
ਦਾਨ ਮਾਨਨੋ ਮਾਨ ਕਰ ਖੋੜਸ ਬਿਧਿ ਕੋ ਸ੍ਵਾਦ ॥
ਆਨ ਦੇਵ ਨਹਿ ਸਫਲ ਕਛੁ ਈਤ ਊਤ ਪਰਲੋਕ ॥
ਨਿਹਫਲ ਸੇਵਾ ਤਿਸ ਬਿਨਾ ਕਬੀ ਹਰਖ ਕਬਿ ਸ਼ੋਕ ॥

ਭਾਈ ਨੰਦ ਲਾਲ ਜੀ ਖਾਲਸੇ ਦੀ ਮਹਿਮਾ ਕਥਨ ਕਰਦੇ ਹਨ :

ਹਮ ਫ਼ਲਕ ਬੰਦਹ ਸੰਗਤਾਨਸ਼ ਰਾ।
ਹਮ ਮਲਿਕ ਬੰਦਹ ਸੰਗਤਾਨਸ਼ ਰਾ। (ਤੌਸੀਫੋਸਨਾ)

ਚਹੁ ਵਰਨਾ ਕਉ ਦੇ ਉਪਦੇਸੁ ॥
ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥

ਸਿਖ : ਪਿਆਰੇ ਹਿੰਦੂ ਜੀ ! ਗੁਰੂ ਸਾਹਿਬ ਜਾਤੀ ਨੂੰ ਮੁਖ ਨਾ ਰੱਖ ਕੇ ਗੁਣ ਨੂੰ ਪ੍ਰਧਾਨ ਮੰਨਦੇ ਹੋਏ ਪੰਡਿਤ ਦੇ ਲਖਛਣ ਦੱਸਦੇ ਹਨ ਕਿ ਜੋ ਕੋਈ ਇਨ੍ਹਾਂ ਲਖਸ਼ਣਾਂ ਨੂੰ ਧਾਰਨ ਕਰਦਾ ਹੈ ਓਸ ਨੂੰ ਪੰਡਿਤ ਸਮਝੋ; ਔਰ ਜਨੇਊ ਟਿੱਕੇ ਦੇ ਧੋਖੇ ਵਿਚ ਫਸ ਕੇ ਜਾਤੀ ਅਭਿਮਾਨੀ ਬ੍ਰਾਹਮਣਾਂ ਨੂੰ ਪੰਡਿਤ ਨਾ ਮੰਨੋ[1] ।

ਦੇਖੋ ! ਇਸ ਸ਼ਬਦ ਵਿਚ ਕੈਸਾ ਉੱਤਮ ਉਪਦੇਸ਼ ਹੈ ਕਿ 'ਪੰਡਿਤ' ਓਹ ਹੈ ਜੋ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਉਪਦੇਸ਼ ਦੇਂਦਾ ਹੈ, ਔਰ ਸਰਬ ਵਿਆਪੀ ਵਾਹਿਗੁਰੂ (ਰਾਮ) ਨਾਮ ਦੇ ਭਾਵ ਅਰਥ ਨੂੰ ਮਨ ਵਿਚ ਵਿਚਾਰਦਾ ਹੈ, ਔਰ ਵੇਦ ਪੁਰਾਨ ਸਿਮ੍ਰਤੀ ਆਦਿਕਾਂ ਦੀ ਅਸਲੀਅਤ ਨੂੰ ਸਮਝਦਾ ਹੈ, ਔਰ ਸਾਰੇ ਪ੍ਰਪੰਚ ਨੂੰ ਉਸ ਵਾਹਿਗੁਰੂ ਤੋਂ ਹੋਇਆ ਮੰਨਦਾ ਹੈ, (ਇਹ ਨਹੀਂ ਕਿ ਕਈ ਅਨਾਦੀ ਪਦਾਰਥ ਮੰਨ ਕੇ ਪ੍ਰਮਾਤਮਾ ਦੇ ਅਦੁਤਿਯ ਹੋਣ ਦਾ ਵਿਰੋਧੀ ਬਣਦਾ ਹੈ) ਔਰ ਚਹੁੰ ਵਰਨਾਂ ਨੂੰ ਇਕ ਪਿਤਾ ਦੇ ਪੁਤ੍ਰ ਮੰਨ ਕੇ ਭਾਈਆਂ ਦੀ ਤਰ੍ਹਾਂ ਪਿਅਰਾ ਕਰਦਾ ਔਰ ਸੱਚਾ ਉਪਦੇਸ਼ ਦੇਂਦਾ ਹੈ, (ਇਹ ਨਹੀਂ ਕਿ ਸੂਦਰ ਨੂੰ ਧਰਮ ਦਾ ਉਪਦੇਸ਼ ਹੀ ਨਹੀਂ ਕਰਨਾ ਔਰ ਓਸ ਨੂੰ ਅਕਾਲ ਦੀ ਗੱਲ ਹੀ ਨਹੀਂ ਸਿਖਾਉਣੀ ਜਿਹਾ ਕਿ ਮਨੂ ਔਰ ਵਿਸ਼ਿਸ਼ਟ ਆਪਣੀਆਂ ਸਿਮ੍ਰਤੀਆਂ ਵਿਚ ਆਖਦੇ ਹਨ) ਸ੍ਰੀ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਇਨ੍ਹਾਂ ਗੁਣਾਂ ਵਾਲਾ ਜੋ ਕੋਈ ਪੁਰਸ਼ ਹੈ ਓਹੋ ਪੰਡਿਤ ਹੈ ਔਰ ਓਹ ਨਮਸਕਾਰ ਯੋਗ ਹੈ ।

ਆਪ ਜਿਨ੍ਹਾਂ ਜਾਤੀ ਅਭਿਮਾਨੀਆਂ ਨੂੰ ਪੰਡਿਤ ਸੱਦਦੇ ਹੋਂ, ਉਹਨਾਂ ਬਾਬਤ ਗੁਰੂ ਸਾਹਿਬ ਇਹ ਕਥਨ ਕਰਦੇ ਹਨ :

---

[1]ਗੁਰੂ ਅਮਰਦਾਸ ਸਾਹਿਬ ਭੀ ਪੰਡਿਤ ਦੇ ਲੱਛਣ ਕਥਨ ਕਰਦੇ ਹਨ :

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥......
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥...
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ (ਮਲਾਰ ਮ: ੩)

੭੫

ਲੋਭੀ [1]ਅਨ ਕਉ ਸੇਵਦੇ ਪੜਿ ਵੇਦਾ ਕਰਹਿ ਪੁਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ [2]ਪ੍ਰਤਿਪਾਲ ॥
(ਸਿਰੀ ਰਾਗ ਮਹਲਾ ੩)

ਮਨਮੁਖ ਪੜਹਿ ਪੰਡਿਤ ਕਹਾਵਹਿ ॥
ਦੂਜੈ ਭਾਇ ਮਹਾ ਦੁਖ ਪਾਵਹਿ ॥...
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥
ਵਾਦੁ ਵਖਾਣਹਿ ਮੋਹੇ ਮਾਇਆ ॥ (ਮਾਝ ਮਹਲਾ ੩)

ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥
ਅੰਤਰਿ ਤ੍ਰਿਸਨਾ ਭੁਖ ਹੈ, ਮੂਰਖ ਭੁਖਿਆ ਮੁਏ ਗਵਾਰ ॥
(ਵਾਰ ਸੋਰਠ ਮਹਲਾ ੩)

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
(ਸ੍ਰੀ ਰਾਗ ਮਹਲਾ ੧)

ਪੰਡਿਤੁ ਆਖਾਏ ਬਹੁਤੀ ਰਾਹੀ[3] ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ [4]ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥
ਸਚੁ ਕਹੈ ਤਾ [5]ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰ ਸਰਾਫੁ ਨਦਰੀ ਵਿਚਦੋ
ਕਢੈ ਤਾ ਉਘੜਿ ਆਇਆ ਲੋਹਾ ॥
(ਵਾਰ ਰਾਮਕਲੀ ੨, ਮ: ੫)

---

[1]ਹੋਰ ਨੂੰ ਅਰਥਾਤ ਵਾਹਿਗੁਰੂ ਤੋਂ ਵਿਮੁਖ ਹੋ ਕੇ ਤੇਤੀ ਕੋਟਿ ਦੇਵਤਿਆਂ ਨੂੰ।
[2]ਪ੍ਰਤਿ ਪਾਲਕ ।
[3]ਕੁੜਕੁੜੂ, ਜੋ ਰਿੱਝਣ ਵਿਚ ਨਹੀਂ ਆਉਂਦਾ ।
"ਜੈਸੇ ਪਾਹਨ ਜਲ ਮਹਿ ਰਾਖਿਓ, ਭੇਦੈ ਨਾਹ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿਹੀਨ ਜੋ ਪ੍ਰਾਨੀ ॥"
(ਬਿਲਾਵਲ ਮ: ੯)
[4]ਮਨ ਇਸਥਿਤ ਨਹੀਂ, ਇਸ ਵਾਸਤੇ ਲਾਲਚ ਦੇ ਅਧੀਨ ਭਜਿਆ ਫਿਰਦਾ ਹੈ।
[5]ਕ੍ਰੋਧ ।

## (੩) [1]ਅਵਤਾਰ

ਆਪ ਅਵਤਾਰਾਂ ਨੂੰ ਈਸ਼ਵਰ ਦਾ ਰੂਪ ਮੰਨਦੇ, ਔਰ ਉਨ੍ਹਾਂ ਦੀ ਉਪਾਸ਼ਨਾ ਕਰਦੇ ਹੋ, ਪਰ ਸਿੱਖ ਧਰਮ ਵਿਚ ਇਹ ਕੀਤਾ ਗਿਆ ਹੈ :

ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥ (ਰਾਮਕਲੀ ਮ: ੫)

ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ (ਭੈਰਉ ਮ: ੫)

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥
(ਆਸਾ ਮ: ੩)

ਕੋਟ ਬਿਸਨ ਅਵਤਾਰ ਸੰਕਰ ਜਟਾਧਾਰ ॥
ਚਾਹਹਿ ਤੁਝਹਿ [2]ਦਇਆਰ ਮਨਿ ਤਨਿ ਰੁਚਿ ਅਪਾਰ ॥
(ਆਸਾ ਛੰਤ ਮ: ੫)

ਦਸ[3] ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥
(ਸੂਹੀ ਮਹਲਾ ੫)

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥
(ਰਾਗੁ ਕਲਿਆਣ, ਪਾ: ੧੦)

---

[1]ਸਿੱਖ ਧਰਮ ਵਿਚ ਕਿਸੇ ਅਵਤਾਰ ਪੈਗੰਬਰ ਆਦਿਕ ਦੀ ਨਿੰਦਾ ਨਹੀਂ ਹੈ ਔਰ ਨਾ ਕਿਸੇ ਉਪਕਾਰੀ ਔਰ ਸ੍ਰੇਸ਼ਟ ਪੁਰਸ਼ ਦੀ ਕਿਸੀ ਪ੍ਰਕਾਰ ਨਿਊਨਤਾ ਦੱਸੀ ਗਈ ਹੈ, ਕੇਵਲ ਏਹ ਉਪਦੇਸ਼ ਹੈ ਕਿ ਵਾਹਿਗੁਰੂ ਜਨਮ ਮਰਨ ਤੋਂ ਰਹਿਤ ਹੈ ਔਰ ਉਪਾਸ਼ਨਾ ਯੋਗ ਹੈ। ਅਵਤਾਰ ਆਦਿਕ ਸਭ ਉਸ ਦੇ ਆਗਿਆਕਾਰੀ ਬੰਦੇ ਹਨ।

[2]ਹੇ ਦਯਾਲੂ !

[3]ਮੱਛ, ਕੱਛ, ਵੈਰਾਹ, ਨ੍ਰਸਿੰਘ, ਬਾਵਨ, ਬੁੱਧ, ਪਰਸੁ ਰਾਮ, ਰਾਮ ਚੰਦਰ, ਕ੍ਰਿਸ਼ਨ ਅਤੇ ਕਲਕੀ।

ਤਾਤ ਮਾਤ ਨ ਜਾਤਿ ਜਾਕਰ ਪੁਤ੍ਰ ਪੌਤ੍ਰ[1] ਮੁਕੰਦ ॥
ਕਉਨ ਕਾਜ ਕਹਾਂਹਿਗੇ ਤੇ ਆਨ ਦੇਵਕਿ ਨੰਦ ॥

(ਤਿਲੰਗ ਕਾਫੀ ਪਾ: ੧੦)

ਸੋ ਕਿਮ ਮਾਨਸ ਰੂਪ ਕਹਾਏ ॥
ਸਿਧ ਸਮਾਧਿ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ ॥
ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸ੍ਯਾਮ ਕਹੈ ਹੈ ॥

(ਹਜ਼ਾਰੇ ਸ਼ਬਦ, ਪਾਤਸ਼ਾਹੀ ੧੦)

ਕਾਹੇ ਕੋ ਏਸ ਮਹੇਸਹਿ ਭਾਖਤ
ਕਾਹੇ[2] ਦਿਜੇਸ ਕੋ ਏਸ ਬਖਾਨਯੋ ॥
ਹੈ ਨ [3]ਰਘੇਸ [4]ਜਦ੍ਵੇਸ [5]ਰਮਾਪਤਿ
ਤੈ ਜਿਨ ਕੋ ਬਿਸ੍ਵਨਾਥ ਪਛਨਾਯੋ ॥
ਕਾਹੂ ਨੇ ਰਾਮ ਕਹਯੋ ਕ੍ਰਿਸ਼ਨਾ ਕਹੂੰ
ਕਾਹੂੰ ਮਨੈ ਅਵਤਾਰਨ ਮਾਨਯੋ ॥
ਫੋਕਟ ਧਰਮ ਬਿਸਾਰ ਸਭੈ
ਕਰਤਾਰ ਹੀ ਕਉ ਕਰਤਾ ਜੀਅ ਜਾਨਯੋ ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰ
ਜੇ ਜਗ ਮੈ ਅਵਤਾਰ ਕਹਾਏ ॥
ਰੇ ਮਨ [6]ਲੈਲ ਇਕੇਲ ਹੀ ਕਾਲ ਕੇ
ਲਾਗਤ ਕਹੀਏ ਨ ਪਾਯਨ ਧਾਏ ॥ (੩੩ ਸਵੈਯੇ, ਪਾ: ੧੦)

ਦਸ ਅਵਤਾਰ ਅਕਾਰੁ ਕਰਿ, ਏਕੰਕਾਰੁ ਨ ਅਲਖੁ ਲਖਾਇਆ ॥

(ਭਾਈ ਗੁਰਦਾਸ ਜੀ)

ਹਿੰਦੂ—ਜੇ ਆਪ ਦੇ ਮਤ ਵਿਚ ਅਵਤਾਰਾਂ ਨੂੰ ਈਸ਼ਵਰ ਰੂਪ ਨਹੀਂ ਮੰਨਿਆ ਔਰ ਉਨ੍ਹਾਂ ਦੀ ਉਪਾਸ਼ਨਾ ਵਿਧਾਨ ਨਹੀਂ, ਤਾਂ ਦਸਮ ਗ੍ਰੰਥ ਵਿਚ ਇਹ ਕਿਉਂ ਲਿਖਿਆ ਹੈ :

ਮਥਰਾ ਮੰਡਲ ਕੇ ਬਿਖੈ ਜਨਮ ਧਰਿਓ ਹਰਿਰਾਇ ॥...

---

[1]ਭਾਈ ਨੰਦ ਲਾਲ ਜੀ 'ਤੌਸੀਫੋਸਨਾ' ਵਿਚ ਲਿਖਦੇ ਹਨ :
ਮਰਊਰਾ ਨ ਮਾਦਰ ਨ ਊ ਰਾ ਪਿਦਰ ॥
ਨਾ ਊ ਰਾ ਬਿਰਾਦਰ ਨ ਊ ਰਾ ਪਿਸਰ ॥

[2]ਬ੍ਰਹਮਾ । [3]ਰਾਮ ਚੰਦ੍ਰ । [4]ਕ੍ਰਿਸ਼ਨ । [5]ਵਿਸ਼ਨੂੰ । [6]ਚੰਚਲ ।

ਜੇ ਨਰ ਸਜਾਮ ਜੂ ਕੇ ਪਰਸੈਂ ਪਗ,
ਤੇ ਨਰ ਫੇਰ ਨ ਦੇਹ ਧਰੈਂਗੇ ॥

ਐਸੇ ਹੀ ਹੋਰ ਪ੍ਰਸੰਗ ਬਹੁਤ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਦਸਵੇਂ ਗੁਰੂ ਅਵਤਾਰਾਂ ਨੂੰ ਮੰਨਦੇ ਸਨ।

ਸਿੱਖ—ਇਤਿਹਾਸ ਔਰ ਪੁਰਾਣਾਂ ਦੀ ਕਥਾ ਦਾ ਜੋ [1]ਤਰਜੁਮਾ ਅਥਵਾ ਖੁਲਾਸਾ ਹੋਵੇ ਉਸ ਨੂੰ ਆਪ ਇਹ ਨਹੀਂ ਆਖ ਸਕਦੇ ਕਿ ਏਹ ਦਸਵੇਂ ਸਤਿਗੁਰੂ ਦਾ ਸਿੱਖਾਂ ਨੂੰ ਉਪਦੇਸ਼ ਹੈ, ਧਰਮ ਉਪਦੇਸ਼ ਮਈ ਬਾਣੀ ਗੁਰੂ ਸਾਹਿਬ ਦੀ ਜਾਪ ਔਰ ਸਵਈਏ ਆਦਿਕ ਭਿੰਨ ਭਿੰਨ ਹੈ, ਜਿਸ ਵਿਚ ਕੇਵਲ ਅਕਾਲ ਦੀ ਮਹਿਮਾ ਹੈ, ਔਰ ਅਵਤਾਰ ਆਦਿਕਾਂ ਨੂੰ ਉਸ ਦਾ ਦਾਸ ਕਥਨ ਕੀਤਾ ਹੈ।

ਹਿੰਦੂ—ਗੁਰੂ ਗ੍ਰੰਥ ਸਾਹਿਬ ਵਿਚ ਇਕ ਅਸਤੋਤ੍ਰ ਹੈ, ਜਿਸ ਵਿਚ ਸਭ ਅਵਤਾਰਾਂ ਦੇ ਨਾਮ ਆਰਾਧਨ ਕਰਨੇ ਦਸੇ ਹਨ, ਯਥਾ :

ਮਧੁਸੂਦਨ ਦਾਮੋਦਰ ਸੁਆਮੀ ॥
ਰਿਖੀਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ ॥੧॥
ਮੋਹਨ ਮਾਧਵ ਕ੍ਰਿਸਨ ਮੁਰਾਰੇ ॥
ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥...
ਧਰਣੀਧਰ ਈਸ ਨਰਸਿੰਘ ਨਾਰਾਇਣ ॥
ਦਾੜ੍ਹਾ ਅਗ੍ਰੇ ਪ੍ਰਿਥਮਿ ਧਰਾਇਣ ॥...
ਬਾਵਨ ਰੂਪੁ ਕੀਆ ਤੁਧੁ ਕਰਤੇ... [2](ਇਤਯਾਦਿਕ)

ਸਿੱਖ—ਪਿਆਰੇ ਹਿੰਦੂ ਭਾਈ! ਗੁਰੂ ਅਰਜਨ ਸਾਹਿਬ ਨੇ ਇਸੇ ਸ਼ਬਦ ਦੇ ਅੰਤ ਵਿਚ (ਜਿਸ ਨੂੰ ਆਪ ਅਵਤਾਰਾਂ ਦਾ ਅਸਤੋਤ੍ਰ ਦੱਸਦੇ ਹੋ) ਆਪਣਾ ਮਤ ਪ੍ਰਗਟ ਕਰ ਦਿਤਾ ਹੈ ਕਿ :

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥ (ਮਾਰੂ ਸੋਲਹੇ, ਮ: ੫)

ਮਹਾਰਾਜ ਕਥਨ ਕਰਦੇ ਹਨ ਕਿ ਹੇ ਅਕਾਲ! ਉੱਪਰ ਲਿਖੇ ਤੇਰੇ (ਕ੍ਰਿਤਮ) ਅਨੰਤ ਨਾਮ ਕਲਪ ਕੇ ਲੋਕ ਆਪਣੀ ਬੁੱਧੀ ਔਰ ਨਿਸ਼ਚੈ ਅਨੁਸਾਰ

---

[1]"ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਵਾਸਨਾ ਨਾਹਿ ਪ੍ਰਭੁ ਧਰਮ ਯੁੱਧ ਕੇ ਚਾਇ ॥"
(ਕ੍ਰਿਸ਼ਨ ਅਵਤਾਰ, ਦਸਮ ਗ੍ਰੰਥ)

[2]ਮਾਰੂ ਸੋਹਲੇ ਮਹਲਾ ੫ ॥

ਕਥਨ ਕਰਦੇ ਹਨ, ਪਰ ਇਹ ਤੇਰੇ ਅਸਲ ਨਾਮ ਨਹੀਂ, ਤੇਰਾ, ਆਦਿ ਔਰ ਸ੍ਰੋਮਣੀ ਨਾਮ "ਸਤਯ" ਹੈ, ਜਿਸ ਦਾ ਅਰਥ ਹੈ ਕਿ ਚਾਰ ਕਾਲਾਂ ਵਿਚ ਇਕ-ਰਸ ਹੋਣ ਵਾਲਾ, ਜਿਸ ਦੀ ਵਿਆਖਿਆ ਗੁਰੂ ਨਾਨਕ ਸਾਹਿਬ ਕਰਦੇ ਹਨ :

ਆਦਿ ਸਚੁ ਜੁਗਾਦਿ ਸਚੁ ॥
ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥

ਗੁਰਬਾਣੀ ਵਿਚ ਅਨੇਕ ਨਾਮ ਅਜੇਹੇ ਭੀ ਹੈਨ ਜੋ ਖਾਸ ਖਾਸ ਅਵਤਾਰ ਔਰ ਦੇਵਤਿਆਂ ਨਾਲ ਸੰਬੰਧ ਰਖਦੇ ਹਨ, ਪਰ ਓਹੀ ਨਾਮ ਅਨੇਕ ਸਥਾਨਾਂ ਵਿਚ ਗੁਰੂ ਸਾਹਿਬ ਨੇ ਵਾਹਿਗੁਰੂ ਅਰਥ ਵਿਚ ਵਰਤੇ ਹਨ, [1]ਇਸੀ ਬਾਤ ਨੂੰ ਯਥਾਰਥ ਸਮਝੇ ਬਿਨਾ ਬਹੁਤ ਲੋਕ ਧੋਖੇ ਵਿਚ ਪੈ ਜਾਂਦੇ ਹਨ ਔਰ ਗੁਰਬਾਣੀ ਦੇ ਤੱਤ ਤੋਂ ਖਾਲੀ ਰਹਿੰਦੇ ਹਨ।[2]

ਦੇਖੋ ! ਇਨ੍ਹਾਂ ਸ਼ਬਦਾਂ ਵਿਚ ਰਾਮ ਆਦਿਕ ਨਾਮ ਦੇਹਧਾਰੀਆਂ ਦੇ ਹਨ :

ਹੋਰਿ ਕੇਤੇ ਰਾਮ ਰਵਾਲ ।
ਰਾਮੁ ਗਇਓ ਰਾਵਨੁ ਗਇਓ ।
ਕੇਤੇ ਕਾਨ ਮਹੇਸ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ॥
ਪਾਰ ਨ ਪਾਇ ਸਕੈ ਪਦਮਾਪਤਿ ॥ (ਇਤ੍ਯਾਦਿਕ)

**ਔਰ** ਇਨ੍ਹਾਂ ਸ਼ਬਦਾਂ ਵਿਚ ਅਕਾਲ ਪੁਰਖ ਬੋਧਕ ਨਾਮ ਹਨ :

ਰਮਤ ਰਾਮੁ ਸਭ ਰਹਿਓ [3]ਸਮਾਇ ॥

---

[1]ਏਸੇ ਤਰ੍ਹਾਂ ਮੁਸਲਮਾਨਾਂ ਦਾ "ਅੱਲਾ" ਨਾਮ ਪੁਰਾਣੇ ਸਮੇਂ ਵਿਚ ਇਕ ਖਾਸ ਮੂਰਤੀ ਦਾ ਸੀ, ਔਰ ਕੁਰਾਨ ਵਿਚ ਕੇਵਲ ਅਕਾਲ ਦਾ ਬੋਧਕ ਹੈ। ਔਰ ਅੰਗਰੇਜ਼ੀ ਦਾ "ਗਾਡ" (God) ਸ਼ਬਦ ਟਿਊਟਿਨ (Teutons) ਲੋਕ ਦੇਵਤਿਆਂ ਦੇ ਅਰਥ ਵਿਚ ਵਰਤਦੇ ਸਨ, ਜਦ ਟਊਟਨਾਂ ਨੇ ਈਸਾਈ ਮਤ ਅੰਗੀਕਾਰ ਕੀਤਾ ਤਾਂ "ਗਾਡ" ਪਦ ਦਾ ਅਰਥ ਪ੍ਰਮੇਸ਼੍ਵਰ ਹੋਇਆ ਹੈ। ਐਸੇ ਹੀ "ਜਹੋਵਾ" (Jehovah) ਪਦ, ਜਿਸ ਨੂੰ ਯਹੂਦੀ ਲੋਕ ਕੇਵਲ ਪ੍ਰਮਾਤਮਾ ਦਾ ਬੋਧਕ ਮੰਨਦੇ ਹਨ, ਪੁਰਾਣੇ ਸਮੇਂ ਵਿਚ ਅਸੀਰੀਆ (Assyria) ਦੇ ਖਾਸ ਦੇਵਤਾ ਦਾ ਅਰਥ ਰਖਦਾ ਸੀ। ਇਸ ਤਰ੍ਹਾਂ ਅਨੰਤ ਨਾਮ ਅਨੇਕ ਮਤਾਂ ਵਿਚ ਹਨ।

[2]ਨਾਮ ਦੇ ਵਿਸ਼ੇ ਉਤੇ ਦੇਖੋ ਗੁਰਮਤ ਪ੍ਰਭਾਕਰ ਦੀ ਦੂਜੀ ਐਡੀਸ਼ਨ ਦਾ ਪੰਨਾ ੪੭੧।

[3]ਕਬੀਰ ਰਾਮੈ ਰਾਮ ਕਹੁ, ਕਹਿਬੇ ਮਾਂਹਿ ਬਿਬੇਕ ॥
ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥ (੧੩੭੪)

ਟੇਕ ਏਕ ਰਘਨਾਥ ॥
ਸਿਮਰਿਓ ਨਾਹਿ ਕਨ੍ਾਈ ॥
ਹਰਿ ਜਪੀਐ [1]ਸਾਰੰਗਪਾਣੀ ਹੇ ॥
ਬਿਸਨ ਕੀ ਮਾਇਆ ਤੈ ਹੋਇ ਭਿੰਨ ॥
ਪਤਿ ਸਿਉ ਕਿਨ ਸ੍ਰੀ ਪਦਮਾਪਤਿ ਪਾਏ ॥
ਜਾ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ ॥ (ਇਤਯਾਦਿਕ)

## (੪) ਦੇਵੀ ਦੇਵਤਾ

ਆਪ ਦੇਵੀ ਔਰ ਦੇਵਤਿਆਂ ਨੂੰ ਵਰਦਾਇਕ ਮੰਨ ਕੇ ਉਨ੍ਹਾਂ ਦੀ ਉਪਾਸ਼ਨਾ ਕਰਦੇ ਹੋ, ਔਰ ਉਨ੍ਹਾਂ ਦੇ ਇਤਨੇ ਭੇਦ ਕਲਪੇ ਹੋਏ ਹਨ ਕਿ ਕੋਈ ਵਿਦਵਾਨ ਹਿੰਦੂ ਭੀ ਪੂਰੀ ਗਿਣਤੀ ਕਰਕੇ ਨਹੀਂ ਦੱਸ ਸਕਦਾ ਕਿ ਇਤਨੇ ਦੇਵੀ ਦੇਵਤਾ ਹਨ, ਪਰ ਸਿੱਖ ਧਰਮ ਦੀ, ਦੇਵੀ ਦੇਵਤਾ ਆਦਿਕ ਦੇ ਵਿਸ਼ੇ ਵਿਚ ਇਹ ਰਾਏ ਹੈ :

ਮਾਇਆ ਮੋਹੇ ਦੇਵੀ ਸਭਿ ਦੇਵਾ ॥ (ਗਉੜੀ ਮ: ੩)

ਭਰਮੇ ਸੁਰਿ ਨਰ ਦੇਵੀ ਦੇਵਾ ॥ (ਗਉੜੀ ਮ: ੫)

ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ (ਆਸਾ ਮ: ੫)

ਬ੍ਰਹਮੇ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥
(ਵਡਹੰਸ ਮ: ੩)

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
(ਸੋਰਠਿ ਮ: ੧)

---

[1]ਅਕਾਲ ਪੁਰਖ ਦੇ ਅਰਥਾਂ ਤੋਂ ਛੁੱਟ ਇਕ ਜਗਾ 'ਸਾਰੰਗਪਾਣੀ' ਔਰ 'ਮੁਰਾਰੀ' ਨਾਮ ਗੁਰੂ ਰਾਮਦਾਸ ਜੀ ਦੇ ਬੋਧਕ ਹਨ ਦੇਖੋ ! ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਹੌਰੋਂ ਲਿਖੀ ਪਤ੍ਰਕਾ :

"ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗਪਾਣੀ ॥"
"...ਗੁਰ ਸਜਣ ਮੀਤ ਮੁਰਾਰੇ ਜੀਉ ॥" (ਮਾਝ ਮ: ੫)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ [1]ਬਪੁੜੇ, ਹਰਿ ਗੁਰਮੁਖਿ ਸੋਝੀ ਪਾਈ ॥
(ਸੂਹੀ ਮ: ੪)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ, ਹਉਮੈ ਮੋਹੁ ਵਧਾਇ ॥
(ਵਾਰ ਬਿਲਾਵਨ ਮਹਲਾ ੩)

ਕੋਟਿ ਦੇਵੀ ਜਾਕਉ ਸੇਵਹਿ ਲਖਿਮੀ ਅਨਿਕ ਭਾਤਿ ॥
ਗੁਪਤ ਪ੍ਰਗਟ ਜਾਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥
(ਆਸਾ ਛੰਤ ਮ: ੫)

ਬ੍ਰਹਮਾਂ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥
ਮਾਨੈ ਹੁਕਮੁ ਸੋਹੈ ਦਰਿ ਸਾਚੈ, [2]ਆਕੀ ਮਰਹਿ ਅਫਾਰੀ ॥ (ਮਾਰੂ ਮਹਲਾ ੧)

ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥ (ਮਾਰੂ ਸੋਲਹੇ ਮ: ੧)

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥
ਅੰਤ ਨ ਪਾਵਹਿ ਅਲਖ ਅਭੇਵਾ ॥ (ਮਾਰੂ ਮ: ੩)

ਕੋਟਿ ਸੂਰ ਜਾਂਕੈ ਪਰਗਾਸੁ ॥
ਕੋਟ ਮਹਾਂਦੇਵ ਅਰੁ [3]ਕਬਿਲਾਸ ॥
ਦੁਰਗਾ ਕੋਟਿ ਜਾਂਕੈ ਮਰਦਨ ਕਰੈ ॥
ਬ੍ਰਹਮਾ ਕੋਟਿ ਬੇਦ ਉਚਰੈ ॥ ੨ ॥
ਜਉ ਜਾਚਉ ਤਉ ਕੇਵਲ ਰਾਮ ॥
ਆਨ ਦੇਵ ਸਿਉ ਨਾਹੀ ਕਾਮ ॥ ੧ ॥ ਰਹਾਉ ॥ (ਭੈਰਉ ਕਬੀਰ ਜੀ)

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥...
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥ (ਰਾਮਕਲੀ ਮ: ੫)

---

[1]ਵੇਚਾਰੇ ।

[2]ਮੈਂ ਹੀ ਪ੍ਰਮੇਸ਼ੂਰ ਹਾਂ ਇਹ ਮੰਨਣ ਵਾਲੇ ਅਭਿਮਾਨੀ ।

[3]ਕੈਲਾਸ਼ ।

ਈਸਰੁ ਬ੍ਰਹਮਾ ਦੇਵੀ ਦੇਵਾ।
ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥...
ਹਰਿ ਕਾ ਸਿਮਰਨ ਛਾਡ ਕੈ [2]ਅਹੋਈ ਰਾਖੈ ਨਾਰਿ ॥
ਗਦਹੀ ਹੁਇਕੈ ਅਉਤਰੈ ਭਾਰ ਸਹੈ ਮਨ ਚਾਰ ॥ (ਕਬੀਰ ਜੀ)

ਬ੍ਰਹਮ ਮਹੇਸਰ ਬਿਸ਼ਨ [2]ਸਚੀਪਤਿ,
ਅੰਤ ਫਸੇ ਜਮ ਫਾਸਿ ਪਰੈਂਗੇ ॥
ਜੇ ਨਰ [3]ਸ੍ਰੀਪਤਿ ਕੇ ਪ੍ਰਸ ਹੈਂ ਪਗ,
ਤੇ ਨਰ ਫੇਰ ਨ ਦੇਹ ਧਰੈਂਗੇ ॥
ਜਿਹ ਕੋਟਿ ਇੰਦ੍ਰ ਨ੍ਰਿਪਾਰ ॥
ਕਈ ਬ੍ਰਹਮ ਬਿਸ਼ਨ ਬਿਚਾਰ ॥
ਕਈ ਰਾਮ ਕ੍ਰਿਸ਼ਨ ਰਸੂਲ ॥
ਬਿਨੁ ਭਗਤਿ ਕੋ ਨ ਕਬੂਲ ॥ (ਅਕਾਲ ਉਸਤਤਿ, ਪਾ: ੧੦)

ਕੋਊ ਦਿਜੇਸ ਕੋ ਮਾਨਤ ਹੈ
ਅਰ ਕੋਊ ਮਹੇਸ ਕੋ ਏਸ ਬਤੈ ਹੈ ॥
ਕੋਊ ਕਹੈ ਬਿਸਨੋ ਬਿਸ੍ਨੂਨਾਇਕ
ਜਾਹਿ ਭਜੇ ਅਘ ਓਘ ਕਟੈ ਹੈ ॥
ਬਾਰ ਹਜਾਰ ਬਿਚਾਰ, ਅਰ ਜੜ੍ਹ
ਅੰਤ ਸਮੈ ਸਭ ਹੀ ਤਜ ਜੈਹੈ ॥
ਤਾਂਹੀ ਕੋ ਧਯਾਨ ਪ੍ਰਮਾਨ ਹੀਏ ਜੋਊ
ਪਾਠਾਂਤ੍ਰ ਥਾਂ ਅਬ ਹੈ ਅਰ ਆਗੇਊ ਹ੍ਵੈ ਹੈ ॥
ਕੋਟਿਕ ਇੰਦ੍ਰ ਕਰੇ ਜਿਹ ਕੇ
ਕਈ ਕੋਟਿ [4]ਉਪਿੰਦ੍ਰ ਬਨਾਇ ਖਪਾਜੋ ॥

---

[1]ਅੱਸੂ ਦੇ ਨਿਰਾਤਿਆਂ ਵਿਚ ਦੇਵੀ ਦੀ ਮਿੱਟੀ ਦੀ ਮੂਰਤੀ ਬਣਾ ਕੇ ਇਸਤ੍ਰੀਆਂ ਕੰਧਾਂ ਪਰ ਲਾਉਂਦੀਆਂ ਹਨ, (ਜਿਸ ਦਾ ਪ੍ਰਸਿੱਧ ਨਾਉਂ 'ਸਾਂਝੀ') ਫੇਰ ਕੱਤਕ ਵਦੀ ੮ ਦਾ ਬ੍ਰਤ ਰੱਖ ਕੇ ਪੂਜਨ ਸਮਾਪਤ ਕਰਦੀਆਂ ਹਨ। ਔਰ ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲ ਪ੍ਰਵਾਹ ਕਰ ਦਿੰਦੀਆਂ ਹਨ। 'ਅਹੋਈ' ਦਾ ਮੇਲਾ ਮਥੁਰਾ ਦੇ ਜ਼ਿਲੇ ਵਿਚ ਰਾਧਾ ਕੁੰਡ ਪਰ ਕੱਤਕ ਵਦੀ ੮ ਨੂੰ ਬੜਾ ਭਾਰੀ ਹੁੰਦਾ ਹੈ।

[2]ਇੰਦ੍ਰ। [3]ਅਕਾਲ ਪੁਰਖ। [4]ਬਾਵਨ।

ਦਾਨਵ ਦੇਵ ਫਨਿੰਦ ਧਰਾਧਰ
ਪੱਛ ਪਸੂ ਨਹਿ ਜਾਤ ਗਿਨਾਯੋ ॥
ਆਜ ਲਗੇ ਤਪ ਸਾਧਤ ਹੈਂ
ਸ਼ਿਵ ਊ ਬ੍ਰਹਮਾ ਕਛੂ ਪਾਰ ਨਾ ਪਾਯੋ ॥
ਬੇਦ ਕਤੇਬ ਨ ਭੇਦ ਲਖਯੋ ਜਿਹ
ਸੋਊ ਗੁਰੂ [1]ਗੁਰੁ ਮੋਹਿ ਬਤਾਯੋ ॥
(੩੩ ਸਵੈਯੇ, ਪਾ: ੧੦)

ਲਖ ਲਖ ਬ੍ਰਹਮੇ ਵੇਦ ਪੜਿ ਇਕਸ ਅਖਰ ਭੇਦੁ ਨ ਜਾਤਾ।
ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨ ਭੇਖੁ ਪਛਾਤਾ।
ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸ਼ਨੁ ਪਛਾਤਾ।
ਦਾਤਿ ਲੁਭਾਇ ਵਿਸਾਰਨਿ ਦਾਤਾ ॥੧੩॥ (ਭਾ: ਗੁਰਦਾਸ ਜੀ)

ਗੁਰੂ ਕਾ ਸਿੱਖ ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਮੰਤ੍ਰ ਜੰਤ੍ਰ; ਪੀਰ, ਬ੍ਰਹਮਣ, ਤਰਪਣ, ਗਾਇਤ੍ਰੀ, ਕਿਤੇ ਵਲ ਚਿੱਤ ਦੇਵੈ ਨਹੀਂ।
(ਰਹਿਤਨਾਮਾ ਭਾਈ ਦਯਾ ਸਿੰਘ ਦਾ)

ਸਿੱਖ ਧਰਮ ਵਿਚ ਕੇਵਲ ਵਾਹਿਗੁਰੂ ਹੀ ਇਸ਼ਟ ਹੈ ਔਰ ਉਸੇ ਦੀ ਉਪਾਸ਼ਨਾ ਦਾ ਉਪਦੇਸ਼ ਹੈ :

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਜਪੁਜੀ)

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਣ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥
(ਜਾਪੁ ਸਾਹਿਬ)

---

[1]ਮੇਰੇ ਗੁਰੂ ਸਤਿਗੁਰੂ ਤੇਗ ਬਹਾਦਰ ਜੀ ਨੇ ਮੈਨੂੰ ਦਸਿਆ ਹੈ ਕਿ ਅਕਾਲ ਹੀ ਸਭ ਦਾ ਗੁਰੂ ਹੈ।

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥
ਓਹੁ [1]ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ ॥
ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ
ਅਵਰੀ ਕਉ ਚਿਤੁ ਲਾਇ ॥
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ॥
(ਵਾਰ ਗੂਜਰੀ ਮ: ੩)

ਦੁਬਿਧਾ ਨਾ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ॥... (ਸੋਰਠਿ ਮ: ੧)
ਏਕੋ ਜਪਿ ਏਕੋ ਸਾਲਾਹਿ ॥
ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰਪ੍ਰਸਾਦਿ ਨਾਨਕ ਇਕੁ ਜਾਤਾ ॥ (ਸੁਖਮਨੀ ਮ: ੫)

ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥
ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ ॥੧॥
ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥
ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ ॥੧॥ਰਹਾਉ॥
ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ [2]ਖਰ ਤੇ ॥
ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥

---

[1]ਨਿਵਾਸੀ ।

[2]ਪੰਜ ਪੀਰੀਏ, ਨਹੀਂ-ਨਹੀਂ ਬੇਅੰਤ ਪੀਰੀਏ (ਆਤਮ-ਘਾਤੀ, ਮੂੜ, ਮੁਗਧ, ਖਲ ਔਰ ਖਰ) ਭੌਂਦੂ ਸਿੱਖਾਂ ਨੂੰ ਏਸ ਸ਼ਬਦ ਦਾ ਨਿਤਜ ਪੰਜ ਵਾਰ ਪਾਠ ਕਰਨਾ ਚਾਹੀਏ ।

ਸਿਵ ਬਿਰੰਚ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭੁ ਕਰਤੇ ॥
(ਮਲਾਰ ਮਹਲਾ ੫)

ਬ੍ਰਹਮਾਦਿਕ ਸਿਵ ਛੰਦ [1]ਮੁਨੀਸੁਰ
ਰਸਕਿ ਰਸਕਿ ਠਾਕੁਰ ਗੁਨ ਗਾਵਤ ॥
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ
ਧਰਣਿ ਗਗਨ ਆਵਤ ਫੁਨਿ ਧਾਵਤ ॥
ਸਿਧ ਮਨੁਖ ਦੇਵ ਅਰ ਦਾਨਵ
ਇਕੁ ਤਿਲੁ ਤਾਕੋ ਮਰਮੁ ਨ ਪਾਵਤ ॥
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿ ਜਨ ਤਾਕੈ ਦਰਸਿ ਸਮਾਵਤ ॥
ਤਿਸਹਿ ਤਿਆਗ ਆਨ ਕਉ ਜਾਚਹਿ
ਮੁਖ ਦੰਤ ਰਸਨ ਸਗਲ ਘਸਿ ਜਾਵਤ ॥
ਰੇ ਮਨ ਮੂੜ ਸਿਮਰਿ ਸੁਖਦਾਤਾ
ਨਾਨਕ ਦਾਸੁ ਤੁਝੈ ਸਮਝਾਵਤ ॥
(ਸਵੈਯੇ ਸ੍ਰੀ ਮੁਖਵਾਕ ਮ: ੫)

ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ ॥
(ਹਜ਼ਾਰੇ ਸ਼ਬਦ ਪਾਤਸ਼ਾਹੀ ੧੦)

ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ...
ਗੁਰਮੁਖਿ ਸੁਖਫਲੁ ਸਾਧ ਸੰਗੁ ਪਰਮਹੰਸ ਗੁਰ ਸਿੱਖ ਸੋਹੰਦੇ ॥
ਇਕ ਮਨਿ ਇਕੁ ਧਿਆਇੰਦੇ ਦੂਜੈ ਭਾਇ ਨ ਜਾਇ ਫਿਰੰਦੇ ॥
(ਭਾਈ ਗੁਰਦਾਸ ਜੀ)

ਭਾਈ ਨੰਦ ਲਾਲ ਸਾਹਿਬ ਲਿਖਦੇ ਹਨ :

ਦਰ ਮਜ਼ਹਬੇ ਮਾ ਗ਼ੈਰਪਰਸਤੀ ਨ ਕੁਨੰਦ ॥
ਸਰ ਤਾ ਬਕਦਮ ਬਹੋਸ਼ ਓ ਮਸਤੀ ਨ ਕੁਨੰਦ ॥ (ਰੁਬਾਈਆ ਗੋਯਾ)
ਜਲੂਸ ਆਰਾਯ ਤਵੱਹੁਦ ਦਰ ਕਸਰਤ ॥

---

[1]ਵੇਦ (ਛੰਦ) ਰਚਣ ਵਾਲੇ ਮੁਨੀ। ਵੇਦ ਅਨੇਕ ਰਿਸ਼ੀਆਂ ਕਰਕੇ ਬਹੁਤ ਸਮੇਂ ਵਿਚ ਰਚੇ ਗਏ ਹਨ।

ਨਿਜ਼ਾਮ ਇਕਤਰਾਯ ਤਅੱਲਾ ਦਰ ਵਹਿਦਤ ।[1] (ਤੌਸੀਫੋ ਸਨਾ)

ਭਾਈ ਗੁਰਦਾਸ ਜੀ ਗੁਰਸਿੱਖਾਂ ਨੂੰ ਅਨੰਤ ਦੀ ਉਪਾਸਨਾ ਦਾ ਉਪਦੇਸ਼ ਦਿੰਦੇ ਹੋਏ ਦੇਵੀ ਦੇਵਤਾ ਦੇ ਪੂਜਣ ਦਾ ਨਿਸ਼ੇਧ ਕਰਦੇ ਹਨ :

ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਜੋ ਚਾਹੈ
ਪੂਰਨ ਪਤਿਬ੍ਰਤਾ ਕੋ ਪਤਿ ਹੀ ਮੇਂ ਧਯਾਨ ਹੈ ।
ਸਰਿਤਾ ਸਮੁਦ੍ਰ ਸਰ ਚਾਤ੍ਰਿਕ ਨ ਚਾਹੇ ਕਾਹੂੰ
ਆਸ ਘਨ ਬੂੰਦ ਪ੍ਰਿਯਾ ਪ੍ਰਿਯਾ ਗੁਨ ਗਾਨ ਹੈ ।
ਦਿਨਕਰ ਓਰ[2] ਭੋਰ ਚਾਹਤ ਚਕੋਰ ਨਹੀਂ
ਮਨ ਬਚ ਕ੍ਰਮ[3] ਹਿਮਕਰ ਪ੍ਰਿਯਾ ਪ੍ਰਾਨ ਹੈ ।
ਤੈਸੇ ਗੁਰਸਿੱਖ ਆਨ ਦੇਵ ਸੇਵ ਰਹਿਤ
ਪੈ ਸਹਜ ਸੁਭਾਵ ਨ ਅਵੱਗਯਾ ਅਭਿਮਾਨ ਹੈ ।
ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ
ਦੋਇ ਨਾਂਵ ਪਾਂਵ ਧਰੈ ਪਹੁੰਚੇ ਨ ਪਾਰ ਹੈ ।
ਦੋਇ ਦਿਸਾ ਗਹੇ ਗਹਾਇ ਸੈਂ ਹਾਥ ਪਊਂ ਟੂਟੇ
ਦੁਰਾਹੇ ਦੁਚਿਤ ਹੋਇ ਭੂਲ ਪਗ ਧਾਰ ਹੈ ।
ਦੋਇ ਭੂਪ ਤਾਂਕੇ ਗਾਉ ਪਰਜਾ ਨ ਸੁਖੀ ਹੋਤਿ
ਦੋਇ ਪੁਰਖਨ ਕੀ ਨ ਕੁਲਾਬਧੂ ਨਾਰਿ ਹੈ ।
ਗੁਰਸਿੱਖ ਹੋਇ ਆਨ ਦੇਵ ਸੇਵ[4] ਟੇਵ ਗਹੈ
ਸਹੈ ਜਮਡੰਡੁ ਧ੍ਰਿਗ ਜੀਵਨ ਸੰਸਾਰ ਹੈ । (੪੬੭)

ਪਿਆਰੇ ਹਿੰਦੂ ਜੀ ! ਆਪ ਦੀ ਔਰ ਸਾਡੀ ਉਪਾਸ਼ਨਾ ਔਰ ਪੂਜਾ ਦਾ ਤਰੀਕਾ ਭੀ ਇਕ ਨਹੀਂ ਹੈ, ਆਪ ਪੂਜਦੇ ਹੋ ਚੰਦਨ, ਕੁੰਗੂ, ਆਰਤੀ ਆਦਿਕ ਸਾਮੱਗ੍ਰੀ ਨਾਲ, ਪਰ ਸਾਡੇ ਧਰਮ ਵਿਚ ਪੂਜਨ ਦਾ ਏਹ ਪ੍ਰਕਾਰ ਹੈ :

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੨॥ਰਹਾਉ॥

---

[1]ਇਸ ਦਾ ਅਰਥ ਇਹ ਹੈ ਕਿ ਗੁਰੂ ਸਾਹਿਬ ਅਨੇਕਤਾ ਵਿਚ ਏਕਤਾ ਦੇ ਪ੍ਰਕਾਸ਼ਕ ਔਰ ਅਦ੍ਵਿਤਿਯਤਾ ਵਿਚ ਸੰਬੰਧ ਜੋੜਨ ਦਾ ਪ੍ਰਬੰਧ ਕਰਨ ਵਾਲੇ ਹਨ ।

[2]ਥੋੜਾ ਜੇਹਾ ਭੀ । [3]ਚੰਦ੍ਰਮਾ । [4]ਆਸਰਾ ।

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਂਜੀਐ ਮੋਖ ਪਇਆਣਾ ਹੋਇ ॥ (ਗੂਜਰੀ ਮ: ੧)
ਦੂਜੇ ਭਾਇ ਅਗਿਆਨੀ ਪੂਜਦੇ ਦਰਗਹਿ ਮਿਲੈ ਸਜਾਇ ॥
ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥
(ਵਾਰ ਸ੍ਰੀ ਰਾਗ ਮ: ੩)

ਮਨ [1]ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥
(ਸੂਹੀ ਮ: ੧)

ਅਚੁਤ ਪੂਜਾ ਜੋਗ ਗੋਪਾਲ ॥
ਮਨੁ ਤਨੁ ਅਰਪਿ ਰਖਉ ਹਰਿ ਆਗੈ
ਸਰਬ ਜੀਆ ਕਾ ਹੈ ਪ੍ਰਤਿਪਾਲ ॥ (ਬਿਲਾਵਲ ਮ: ੫)
ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ ੧ ॥
ਸੰਤਹੁ ਗੁਰਮੁਖਿ ਪੂਰਾ ਪਾਈ ॥
ਨਾਮੋ ਪੂਜ ਕਰਾਈ ॥ ੧ ॥ ਰਹਾਉ ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ ੨ ॥
(ਰਾਮਕਲੀ ਮਹਲਾ ੩)

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥
(ਮਲਾਰ ਮਹਲਾ ੪)

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੨॥
ਕੈਸੀ [1]ਆਰਤੀ ਹੋਇ ਭਵ ਖੰਡਨਾ

---

[1]ਡੱਬਾ, ਠਾਕੁਰ ਦਾ ਸਿੰਘਾਸਣ ।

[2]ਸਾਡੇ ਸਿੱਖ ਭਾਈ ਇਸ ਸ਼ਬਦ ਦਾ ਪਾਠ ਕਰਦੇ ਹੋਏ ਹੱਥ ਵਿਚ ਦੀਵੇ ਲੈ ਕੇ ਘੁਮਾਉਂਦੇ ਹਨ । ਇਸ ਦੇ ਅਰਥ ਦਾ ਜ਼ਰਾ ਵਿਚਾਰ ਭੀ ਨਹੀਂ ਕਰਦੇ, ਦੂਸਰੇ ਲੋਕਾਂ ਵਾਸਤੇ ਏਹ ਕਿਤਨੇ ਹਾਸੇ ਦੀ ਗੱਲ ਹੈ ਕਿ ਸਿੱਖ ਮੂੰਹੋਂ ਆਰਤੀ ਦਾ ਖੰਡਨ ਪੜ੍ਹਦੇ ਹਨ ਔਰ ਹੱਥਾਂ ਨਾਲ ਉਸ ਦੇ ਵਿਰੁੱਧ ਦੀਵਿਆਂ ਦੀ ਆਰਤੀ ਕਰਦੇ ਹਨ । ਇਸ ਵਿਸ਼ੇ ਉਤੇ ਦੇਖੋ ਗੁਰਮਤ ਸੁਧਾਕਰ ਦੀ ਦੂਜੀ ਐਡੀਸ਼ਨ ਦਾ ਪੰਨਾ ੨੦੧ ।

ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ
ਸਹਸ ਮੂਰਤ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਮਲੁ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਮਿ ਵਾਸਾ ॥
(ਧਨਾਸਰੀ ਮ: ੧)

ਹਿੰਦੂ :—ਆਪ ਦੇਵੀ ਦੇਵਤਿਆਂ ਦੇ ਪੂਜਨ ਦਾ ਗੁਰਮਤ ਵਿਚ ਨਿਸ਼ੇਧ ਆਖਦੇ ਹੋ, ਪਰ ਦਸਵੇਂ ! ਗੁਰੂ ਜੀ ਨੇ ਖ਼ੁਦ ਦੇਵੀ ਪੂਜੀ ਹੈ, ਜੇਹਾ ਕਿ ਬਚਿਤ੍ਰ ਨਾਟਕ ਦੇ ਇਸ ਬਚਨ ਤੋਂ :—

"ਮਹਾਕਾਲ ਕਾਲਿਕਾ ਅਰਾਧੀ"

ਪ੍ਰਤੀਤ ਹੁੰਦਾ ਹੈ ਅਰ ਉਨ੍ਹਾਂ ਨੇ ਦੁਰਗਾ ਦੀ ਮਹਿਮਾ ਵਿਚ 'ਚੰਡੀ ਚਰਿਤ੍ਰ' ਲਿਖਿਆ ਹੈ ਔਰ ਉਸ ਦੇ ਪਾਠ ਦਾ ਮਹਾਤਮ ਦਸਿਆ ਹੈ, ਯਥਾ :—

"ਜਾਹਿ ਨਮਿਤ ਪੜ੍ਹੈ ਸੁਨਹੈ ਨਰ,
ਸੋ ਨਿਸਚੈ ਕਰਿ ਤਾਹਿ ਦਈ ਹੈ ॥...
ਫੇਰ ਨ ਜੂਨੀ ਆਇਆ ਜਿਨ ਏਹ ਗਾਇਆ ॥"

ਸਿੱਖ :—ਪਿਆਰੇ ਹਿੰਦੂ ਭਾਈ ! ਗੁਰੂ ਸਾਹਿਬ ਨੇ ਅਕਾਲ ਨੂੰ ਤ੍ਰਿਲਿੰਗ ਰੂਪ ਵਰਣਨ ਕੀਤਾ ਹੈ, ਯਥਾ :—

"ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ" ਆਦਿਕ ।

ਇਸ ਥਾਂ 'ਕਾਲਿਕਾ' ਪਦ ਦਾ ਅਰਥ ਅਕਾਲ ਤੋਂ ਭਿੰਨ ਕੋਈ ਦੇਵੀ ਨਹੀਂ ਹੈ। ਜੇ ਦੇਵੀ ਦੀ ਉਪਾਸਨਾ ਹੁੰਦੀ ਤਦ ਅਗੇ ਦ੍ਵੈ ਤੇ ਏਕ ਰੂਪ "ਹ੍ਵੈ ਗਯੋ" ਦੀ ਥਾਂ "ਤ੍ਵੈ ਤੇ ਏਕ ਰੂਪ ਹ੍ਵੈ ਗਯੋ" ਪਾਠ ਹੁੰਦਾ ਅਰ "ਅਕਾਲ ਪੁਰਖ ਬਾਚ ਇਸ

ਕੀਟ ਪ੍ਰਤਿ" ਦੀ ਥਾਂ :—"ਅਕਾਲ ਅਰ ਕਾਲਿਕਾ ਬਾਚ" ਹੁੰਦਾ। ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਪੰਜ ਯੁਕਤੀਆਂ ਨਾਲ ਦੇਵੀ ਦੇ ਪੂਜਨ ਦਾ ਖੰਡਨ ਦਿਖਾਉਂਦੇ ਹਾਂ :—

(ੳ) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿਤਾ ਹੈ, ਕਿ :

ਬਿਨੁ ਕਰਤਾਰ ਨ ਕਿਰਤਮ ਮਾਨੋ ॥

ਅਰਥਾਤ, ਕਰੀ ਹੋਈ ਵਸਤੂ ਨੂੰ ਨਾ ਪੂਜੋ, ਕਰਤਾਰ (ਕਰਣ ਵਾਲੇ) ਦੀ ਉਪਾਸਨਾ ਕਰੋ। ਔਰ ਚੰਡੀ ਦੀ ਵਾਰ ਵਿਚ ਜ਼ਿਕਰ ਹੈ :—

ਤੈਂ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ ॥

ਇਸ ਤੋਂ ਸਿੱਧ ਹੈ ਕਿ ਦੁਰਗਾ ਸਾਜਣ ਵਾਲਾ ਕਰਤਾਰ ਹੋਰ ਹੈ ਔਰ ਦੁਰਗਾ ਉਸ ਦੀ ਰਚੀ ਹੋਈ ਹੈ। ਕੀ ਇਹ ਹੋ ਸਕਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕੁਛ ਦੇਣ ਔਰ ਆਪ ਉਸ ਦੇ ਵਿਰੁੱਧ ਅਮਲ ਕੁਛ ਹੋਰ ਕਰਨ ? ਅਰਥਾਤ— ਸਿੱਖਾਂ ਨੂੰ ਕਰਤਾਰ ਪੂਜਣਾ ਦੱਸਣ ਤੇ ਆਪ ਕਰੀ ਹੋਈ ਵਸਤੂ ਦੇ ਉਪਾਸ਼ਕ ਬਣਨ ?

(ਅ) ਗੁਰੂ ਸਾਹਿਬ ਪ੍ਰਤਿੱਗਿਆ ਕਰਦੇ ਹਨ :

ਤੁਮਹਿ ਛਾਡ ਕੋਈ ਅਵਰ ਨ ਧਿਆਊਂ ॥
ਜੋ ਬਰ ਚਾਹੋਂ ਸੁ ਤੁਮ ਤੇ ਪਾਊਂ ॥......
ਇਕ ਬਿਨ ਦੂਸਰ ਸੋ ਨ ਚਿਨਾਰ ॥......
ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਧਯਾਨ ਆਨ ਕੋ ਧਰੋਂ ॥ ਨ ਨਾਮ ਆਨ ਉੱਚਰੋਂ ॥

ਕੀ ਐਸਾ ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੀ ਪ੍ਰਤੱਗਿਆ ਦੇ ਵਿਰੁਧ ਦੇਵੀ ਪੂਜਾ ਕਰਨ ?

(ੲ) ਗ੍ਰੰਥ ਕਰਤਾ ਜਿਸ ਦੇਵਤਾ ਨੂੰ ਪੂਜਦਾ ਹੈ, ਆਪਣੀ ਰਚਨਾ ਦੇ ਆਦਿ ਵਿਚ ਆਪਣੇ ਪੂਜ ਦੇਵਤਾ ਦਾ ਨਾਉਂ ਲੈ ਕੇ ਮੰਗਲ ਕਰਦਾ ਹੈ, ਬਲਕਿ ਵਿਦਵਾਨ ਲੋਕ ਗ੍ਰੰਥ ਦਾ ਮੰਗਲਾ ਚਰਣ ਦੇਖ ਕੇ ਹੀ ਕਵੀ ਦਾ ਇਸ਼ਟ ਸਮਝ ਲੈਂਦੇ ਹਨ। ⌒ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ⌒ ਨੇ—

੧ ਓ ਸਤਿਗੁਰ ਪ੍ਰਸਾਦਿ ॥ ੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਏਹੀ ਮੰਗਲਾ ਚਰਣ ਸ੍ਰੀ ਮੁਖਵਾਕ ਬਾਣੀ ਦੇ ਆਦਿ ਰੱਖਿਆ ਹੈ, ਫੇਰ ਕਿਸ ਤਰ੍ਹਾਂ

ਖਿਆਲ ਕੀਤਾ ਜਾ ਸਕਦਾ ਹੈ, ਕਿ ਦਸਮ ਗੁਰੂ ਜੀ ਦੇਵੀ ਭਗਤ ਸਨ ?

(ਸ) ਸਿੱਖਾਂ ਵਿਚ ਦਸ ਸਤਿਗੁਰੂ ਇਕ ਰੂਪ ਮੰਨੇ ਗਏ ਹਨ, ਜੋ ਆਸ਼ਾ ਗੁਰੂ ਨਾਨਕ ਦੇਵ ਦਾ ਹੈ, ਓਹੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਬਚਨ ਹਨ :

ਭਰਮੇ ਸੁਰਿਨਰ ਦੇਵੀ ਦੇਵਾ । (ਬਾਵਨ ਅਖਰੀ)

ਦੇਵੀਆ ਨਹੀ ਜਾਨੈ ਮਰਮ । (ਰਾਮਕਲੀ ਮਹਲਾ ੫)

ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥ (ਗੌਂਡ ਨਾਮਦੇਵ ਜੀ)

ਔਰ ਫੇਰ, ਖ਼ੁਦ ਕਲਗੀਧਰ ਅਕਾਲ ਉਤਸਤਿ ਵਿਚ ਲਿਖਦੇ ਹਨ :

ਚਰਨ ਸਰਨ ਜਿਹ ਬਸਤ ਭਵਾਨੀ ॥

ਅਰਥਾਤ, ਦੇਵੀ ਅਕਾਲ ਦੇ ਚਰਨਾਂ ਦੀ ਦਾਸੀ ਹੈ, ਔਰ ਇਸ ਪਰ ਸਤਿਗੁਰਾਂ ਦਾ ਬਚਨ ਹੈ, ਕਿ :

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
(ਭੈਰਉ ਮਹਲਾ ੫)

ਔਰ ਜਿਸ ਦੇਵੀ ਨੂੰ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀ ਝਾੜੂ ਬਰਦਾਰ ਮੰਨਿਆ, ਤਦ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਸੀ ਗੁਰਗੱਦੀ ਦੇ ਮਾਲਿਕ ਆਪਣੇ ਬਜ਼ੁਰਗਾਂ ਦੇ ਆਸ਼ੇ ਤੋਂ ਵਿਰੁਧ ਔਰ ਆਪਣੇ ਲੇਖ ਦੇ ਵਿਰੁੱਧ ਦੇਵੀ ਦੀ ਉਪਾਸ਼ਨਾ ਕਰਦੇ ?

(ਹ) ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹੇ, ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾ ਚਰਨ ਕਰਦੇ ਹਨ :

"ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵਾਂ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰ ਕੇ ਸਭ ਵਿਘਨ ਨਾਸ ਹੁੰਦੇ ਹਨ, ਤਾਂ ਤੇ ਸਤਿਨਾਮ ਦਾ ਮੰਗਲਾਚਾਰ ਆਦਿ ਰੱਖਿਆ ਹੈ।"

ਜੇ ਦਸਵੇਂ ਸਤਿਗੁਰੂ ਦਾ ਇਸ਼ਟ ਦੇਵੀ ਹੁੰਦੀ, ਤਾਂ ਕੀ ਭਾਈ ਮਨੀ ਸਿੰਘ ਜੀ ਆਪਣੇ ਗੁਰੂ ਦੀ ਪੂਜਾ ਦੇਵੀ ਬਾਬਤ ਐਸਾ ਲਿਖ ਸਕਦੇ ਸਨ ? ਔਰ ਪਿਆਰੇ ਹਿੰਦੂ ਜੀ ! ਆਪ ਨੇ ਜੋ ਦੇਵੀ ਦੇ ਮਹਾਤਮ ਬਾਬਤ ਆਖਿਆ ਹੈ ਸੋ ਉਹ ਦਸਵੇਂ ਸਤਿਗੁਰੂ ਦਾ ਉਪਦੇਸ਼ ਨਹੀਂ, ਉਹ ਮਾਰਕੰਡੇ ਪੁਰਾਣ ਵਿਚੋਂ "ਦੁਰਗਾ ਸਪਤਸ਼ਤੀ" ਦਾ ਤਰਜਮਾ ਹੈ, ਜੇਹਾ ਕਿ ਚੰਡੀ ਚਰਿਤ੍ਰ ਵਿਚੋਂ ਹੀ ਸਿੱਧ ਹੁੰਦਾ ਹੈ :

"ਸਤ ਸੈ ਕੀ ਕਥਾ ਯਹਿ ਪੂਰੀ ਭਈ ਹੈ"

ਬਲਕਿ ਅਸਲ ਸੰਸਕ੍ਰਿਤ ਪੁਸਤਕ ਵਿਚ ਬਹੁਤ ਹੀ ਵਿਸਥਾਰ ਨਾਲ ਮਹਾਤਮ ਲਿਖਿਆ ਹੈ, ਜਿਸ ਦਾ ਸੰਖੇਪ ਇਹ ਹੈ :

"ਦੇਵੀ ਕਹਿੰਦੀ ਹੈ—ਜੋ ਮੇਰੀ ਇਸ ਉਸਤਤਿ ਨੂੰ ਸੁਣਦਾ ਹੈ ਔਰ ਨਿਤ ਪੜ੍ਹਦਾ ਹੈ, ਉਸ ਦੇ ਸਭ ਦੁਖ ਪਾਪ ਦਰਿਦ੍ਰ ਆਦਿਕ ਨਾਸ ਹੋ ਜਾਂਦੇ ਹਨ, ਦੁਸ਼ਮਨ ਚੋਰ, ਰਾਜਾ, ਸ਼ਸਤ੍ਰ ਔਰ ਅਗਨੀ, ਇਨ੍ਹਾਂ ਸਭਨਾਂ ਦਾ ਡਰ ਜਾਂਦਾ ਰਹਿੰਦਾ ਹੈ, ਯੁੱਧ ਵਿਚ ਪੁਰਸ਼ਾਰਥ ਵਧਦਾ ਹੈ, ਵੈਰੀ ਮਰ ਜਾਂਦੇ ਹਨ, ਮੁਕਤੀ ਮਿਲਦੀ ਹੈ, ਕੁਲ ਦਾ ਵਾਧਾ ਹੁੰਦਾ ਹੈ, ਗ੍ਰਹਾਂ ਦੀ ਪੀੜਾ ਨਹੀਂ ਰਹਿੰਦੀ, ਰਾਖਸ਼, ਭੂਤ ਪ੍ਰੇਤ ਔਰ ਪਿਸ਼ਾਚਾਂ ਦਾ ਨਾਸ ਹੋ ਜਾਂਦਾ ਹੈ, ਅੱਗ, ਚੋਰ, ਵੈਰੀ, ਸ਼ੇਰ, ਜੰਗਲੀ ਹਾਥੀ ਇਨ੍ਹਾਂ ਤੋਂ ਘਿਰਿਆ ਹੋਇਆ ਛੁਟਕਾਰਾ ਪਾਉਂਦਾ ਹੈ, ਰਾਜੇ ਤੋਂ ਜੇ ਮਾਰਨ ਦਾ ਹੁਕਮ ਹੋ ਜਾਵੇ ਅਥਵਾ ਕੈਦ ਹੋਵੇ, ਸਮੁੰਦਰ ਵਿਚ ਤੂਫਾਨ ਆ ਜਾਵੇ—ਇਨ੍ਹਾਂ ਸਭ ਦੁੱਖਾਂ ਤੋਂ ਬਚ ਜਾਂਦਾ ਹੈ।" (ਇਤਆਦਿਕ)।

(ਦੇਖੋ ਦੁਰਗਾ ਸਪਤਸ਼ਤੀ ਦਾ ਅ: ੧੨, ਸਲੋਕ ੧ ਤੋਂ ੨੯)

ਇਸੇ ਦਾ ਸੰਖੇਪ ਹੈ :—

"ਜਾਹਿ ਨਮਿਤ ਪੜ੍ਹੈ ਸੁਨਹੈ ਨਰ।"

ਔਰ : "ਫੇਰ ਨ ਜੂਨੀ ਆਇਆ।"

ਹਿੰਦੂ :—ਸਿੱਖਾਂ ਦਾ ਨਿੱਤ ਅਰਦਾਸ ਵੇਲੇ ਇਹ ਪੜ੍ਹਨਾ ਕਿ :

"ਪ੍ਰਿਥਮ ਭਗੌਤੀ ਸਿਮਰ ਕੇ।"

ਸਾਫ ਸਿੱਧ ਕਰਦਾ ਹੈ ਕਿ ਖਾਲਸਾ ਧਰਮ ਵਿਚ ਦੇਵੀ ਉਪਾਸ਼ਨਾ ਹੈ। ਅਸਲ ਵਿਚ "ਭਗੌਤੀ" ਪਦ ਸੰਸਕ੍ਰਿਤ "ਭਗਵਤੀ" ਹੈ, ਜਿਸ ਦਾ ਅਰਥ ਦੇਵੀ ਹੈ। ਗੁਰੂ ਗੋਬਿੰਦ ਸਿੰਘ ਜੀ ਫ਼ਾਰਸੀ ਅੱਖਰਾਂ ਵਿਚ ਆਪਣੀ ਕਵਿਤਾ ਲਿਖਿਆ ਕਰਦੇ ਸੇ, ਜੋ ਭਗਵਤੀ ਔਰ ਭਗੌਤੀ ਇਕੋ ਪੜ੍ਹਿਆ ਜਾਂਦਾ ਹੈ। ਗੁਰਮੁਖੀ ਲਿਖਾਰੀਆਂ ਨੇ ਅਸਲ ਸ਼ੁੱਧ ਪਾਠ ਸਮਝੇ ਬਿਨਾਂ ਭਗਵਤੀ ਦੀ ਥਾਂ ਭਗੌਤੀ ਲਿਖ ਦਿਤਾ ਹੈ।

ਸਿੱਖ–ਭਗੌਤੀ ਪਦ ਪਰ [1]ਗੁਰਮਤਿ ਸੁਧਾਕਰ ਵਿਚ ਚਰਚਾ ਕੀਤੀ ਗਈ ਹੈ, ਆਪ ਉਸ ਨੂੰ ਦੇਖ ਕੇ ਸੰਸਾ ਮਿਟਾ ਸਕਦੇ ਹੋ, ਪਰ ਅਸੀਂ ਆਪ ਨੂੰ ਦੋ ਚਾਰ ਪ੍ਰਸ਼ਨ ਕਰਦੇ ਹਾਂ ਜਿਨ੍ਹਾਂ ਤੋਂ ਆਪ ਦੀ ਤਸੱਲੀ ਹੋ ਜਾਏਗੀ।

(ੳ) ਚੰਡੀ ਦੀ ਵਾਰ ਵਿਚ ਪਾਠ ਹੈ :

ਲਾਈ ਭਗੌਤੀ ਦੁਰਗ ਸ਼ਾਹ ਵਰਜਾਗਨ ਭਾਰੀ ॥
ਲਾਈ ਰਾਜੇ ਸੁੰਭ ਨੂੰ ਰਤ ਪੀਏ ਪਿਆਰੀ ॥

ਕੀ ਇਸ ਦਾ ਭਾਵ ਇਹ ਹੈ ਕਿ ਦੁਰਗਾ ਨੇ ਭਗਵਤੀ (ਦੇਵੀ) ਫੜ ਕੇ ਰਾਜੇ ਸੁੰਭ ਦੇ ਸਿਰ ਵਿਚ ਮਾਰੀ, ਜਿਸ ਨੇ ਉਸ ਦਾ ਲਹੂ ਚਖਿਆ।

(ਅ) ਕੀ ਗੁਰੂ ਅਰਜਨ ਸਾਹਿਬ ਭੀ ਫਾਰਸੀ ਅੱਖਰਾਂ ਵਿਚ ਸ਼ਬਦ ਲਿਖਿਆ ਕਰਦੇ ਸੇ, ਜਿਨ੍ਹਾਂ ਦੀ ਨਕਲ ਕਰਨ ਵੇਲੇ ਭਾਈ ਗੁਰਦਾਸ ਜੀ ਧੋਖਾ ਖਾ ਗਏ ? ਦੇਖੋ ! ਸੁਖਮਨੀ ਦਾ ਪਾਠ :

ਭਗਉਤੀ ਭਗਵੰਤ ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗੁ ॥...
ਸਾਧਸੰਗਿ ਪਾਪਾ ਮਲੁ ਖੋਵੈ ॥
ਤਿਸ ਭਗਉਤੀ ਕੀ ਮਤਿ ਊਤਮ ਹੋਵੈ ॥...
ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥

ਕਿਉਂ ਸਾਹਿਬ ! ਇਹ ਭਗੌਤੀ ਹੈ ਜਾਂ ਭਗਵਤੀ ? ਔਰ ਇਸਤ੍ਰੀ ਲਿੰਗ ਹੈ ਜਾਂ ਪੁਲਿੰਗ ?

(ੲ) ਭਗੌਤੀ ਸਤੋਤ੍ਰ ਔਰ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਲਿਖਿਆ ਹੈ :

ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ ॥ (ਭਗੌਤੀ ਸਤੋਤ੍ਰ)
ਨਾਉਂ ਭਗੌਤੀ ਲੋਹ ਘੜਾਯਾ ॥ (ਭਾ: ਗੁਰਦਾਸ ਜੀ)

ਕੀ ਭਗਵਤੀ (ਦੇਵੀ) ਨੂੰ ਸਾਣ ਪਰ ਬਾਢ ਚੜ੍ਹਾਇਆ ਜਾਂਦਾ ਹੈ ? ਔਰ ਕੀ ਉਹ ਲੋਹੇ ਦੀ ਘੜੀ ਹੋਈ ਹੈ ? ਮੇਰੇ ਪ੍ਰੇਮੀ ਹਿੰਦੂ ਜੀ ! 'ਦਬਿਸਤਾਨਿ ਮਜ਼ਾਹਬ' ਵਿਚ ਮੁਹਸਨਫਾਨੀ ਨੇ ਇਕ ਅੱਖੀਂ ਦੇਖਿਆ ਪ੍ਰਸੰਗ ਦੇਵੀ ਦਾ ਲਿਖਿਆ

[1]ਦੇਖੋ ਦੂਜੀ ਐਡੀਸ਼ਨ ਦਾ ਪੰਨਾ ੪੪ ਤੋਂ ੪੭।

ਹੈ, ਜਿਸ ਤੋਂ ਗੁਰਸਿੱਖਾਂ ਵਿਚ ਦੇਵੀ ਦੇ ਸਨਮਾਨ ਦੀ ਅਸਲੀਅਤ ਪ੍ਰਗਟ ਹੁੰਦੀ ਹੈ, ਧਿਆਨ ਦੇ ਕੇ ਸੁਣੀਏ :

"ਗੁਰੂ ਹਰਿਗੋਬਿੰਦ ਜੀ ਕੀਰਤਪੁਰ ਪਹੁੰਚੇ, ਜੋ ਰਾਜਾ ਤਾਰਾ ਚੰਦ ਦੀ ਰਾਜਧਾਨੀ ਵਿਚ ਸੀ, ਉਥੋਂ ਦੇ ਲੋਕ ਮੂਰਤੀ ਪੂਜਕ ਸਨ। ਪਹਾੜ ਦੇ ਸਿਰ ਪਰ ਇਕ ਨੈਣਾਂ ਦੇਵੀ ਦਾ ਮੰਦਰ ਸੀ, ਜਿਸ ਨੂੰ ਪੂਜਣ ਲਈ ਆਸ ਪਾਸ ਦੇ ਲੋਕ ਆਇਆ ਕਰਦੇ ਸਨ। ਇਕ ਭੈਰੋਂ ਨਾਮੀ ਗੁਰੂ ਦੇ ਸਿੱਖ ਨੇ [1]ਮੰਦਰ ਵਿਚ ਪਹੁੰਚ ਕੇ ਨੈਣਾਂ ਦੇਵੀ ਦਾ ਨੱਕ ਤੋੜ ਸੁੱਟਿਆ। ਇਸ ਗੱਲ ਦੀ ਚਰਚਾ ਸਾਰੇ ਫੈਲ ਗਈ, ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਪਾਸ ਪਹੁੰਚ ਕੇ ਸਿੱਖ ਦੀ ਸ਼ਕਾਇਤ ਕੀਤੀ। ਗੁਰੂ ਸਾਹਿਬ ਨੇ ਭੈਰੋਂ ਸਿੱਖ ਨੂੰ ਰਾਜਿਆਂ ਦੇ ਸਾਹਮਣੇ ਬੁਲਾ ਕੇ ਪੁਛਿਆ, ਤਾਂ ਉਸ ਨੇ ਆਖਿਆ ਕਿ ਦੇਵੀ ਤੋਂ ਪੁੱਛਣਾ ਚਾਹੀਦਾ ਹੈ ਕਿ ਉਸ ਦਾ ਨੱਕ ਕਿਸ ਨੇ ਤੋੜਿਆ ਹੈ ? ਇਸ ਪਰ ਰਾਜਿਆਂ ਨੇ ਭੈਰੋਂ ਨੂੰ ਆਖਿਆ ਕਿ ਹੇ ਮੂਰਖ ! ਕਦੇ ਦੇਵੀ ਭੀ ਗੱਲਾਂ ਕਰ ਸਕਦੀ ਹੈ ? ਭੈਰੋਂ ਨੇ ਹੱਸ ਕੇ ਜਵਾਬ ਦਿਤਾ ਕਿ ਜੋ ਦੇਵੀ ਬੋਲ ਨਹੀਂ ਸਕਦੀ ਔਰ ਆਪਣੇ ਅੰਗਾਂ ਨੂੰ ਨਹੀਂ ਬਚਾ ਸਕਦੀ, ਤੁਸੀਂ ਉਸ ਤੋਂ ਨੇਕੀ ਦੀ ਕੀ ਉਮੈਦ ਰਖਦੇ ਹੋ ? ਇਸ ਗੱਲ ਨੂੰ ਸੁਣ ਕੇ ਰਾਜੇ ਚੁਪ ਹੋ ਗਏ।"

ਇਸ ਚੱਲੇ ਹੋਏ ਦੇਵੀ ਦੇ ਪ੍ਰਸੰਗ ਵਿਚ ਮੁਨਾਸਬ ਮਲੂਮ ਹੁੰਦਾ ਹੈ ਕਿ ਅਸੀਂ ਆਪਣੇ ਸਿੱਖ ਭਾਈਆਂ ਨਾਲ ਭੀ ਦੋ ਗੱਲਾਂ ਦੇਵੀ ਬਾਬਤ ਕਰੀਏ :

ਪਿਆਰੇ ਗੁਰੂ ਨਾਨਕ ਪੰਥੀਓ ! ਸਭ ਤੋਂ ਪਹਿਲਾਂ ਆਪ ਇਹ ਵਿਚਾਰੋ ਕਿ ਦੇਵੀ ਕੌਣ ਹੋਈ ਹੈ ਔਰ ਉਸ ਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ ? ਪੁਰਾਣਾਂ ਤੋਂ ਤਾਂ ਏਹੀ ਪਤਾ ਲਗਦਾ ਹੈ ਕਿ ਉਹ ਹਿਮਾਲੀਆ ਦੀ ਬੇਟੀ ਸੀ ਅਰ ਸ਼ਿਵਜੀ ਨੂੰ ਵਿਆਹੀ ਗਈ ਸੀ, ਇਸੀ ਵਾਸਤੇ ਉਸ ਦੇ ਨਾਉਂ ਪਾਰਬਤੀ ਗਿਰਿਜਾ ਔਰ ਸ਼ਿਵਾਂ ਆਦੀ ਹਨ। ਉਸ ਨੇ ਦੇਵਤਿਆਂ ਦੀ ਹਿਮਾਇਤ ਵਿਚ ਦੈਂਤਾਂ ਨਾਲ ਯੁੱਧ ਕੀਤਾ ਔਰ ਇੰਦਰ ਨੂੰ ਕਈ ਵੇਰ ਰਾਜ-ਗੱਦੀ ਮੁੜ ਦਿਵਾ ਦਿਤੀ, ਔਰ ਇੰਦਰ ਉਹ ਦੇਵਤਾ ਹੈ ਜੋ ਸਾਰਾ ਦਿਨ ਅਪੱਸਰਾਂ ਦਾ ਨਾਚ ਔਰ ਤਮਾਸ਼ਾ ਦੇਖਦਾ ਹੋਇਆ ਐਸ਼ ਆਰਾਮ ਵਿਚ ਸਮਾਂ ਬਿਤਾਉਂਦਾ ਹੈ, ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ ਜਿਸ ਦੇ ਭਜਨ ਔਰ ਤਪ ਵਿਚ ਵਿਘਨ ਪਾਉਣ ਵਾਸਤੇ ਇੰਦਰ ਨੇ ਲੁੱਚੀਆਂ ਤੀਵੀਆਂ ਨਾ ਭੇਜੀਆਂ ਹੋਣ, ਔਰ ਉਹ ਖੁਦ

[1]ਗੁਰੂ ਸਾਹਿਬ ਨੇ ਸਿੱਖ ਦੇ ਇਸ ਕਰਮ ਨੂੰ ਸਭਿਅਤਾ ਦਾ ਨਹੀਂ ਸਮਝਿਆ। ਪਰ ਇਸ ਪ੍ਰਸੰਗ ਤੋਂ ਸਿੱਖਾਂ ਵਿਚ ਮੂਰਤੀ ਪੂਜਾ ਸੰਬੰਧੀ ਖਿਆਲ ਪ੍ਰਗਟ ਹੋ ਜਾਂਦਾ ਹੈ।

ਰਿਸ਼ੀਆਂ ਦੀਆਂ ਇਸਤ੍ਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ, ਜੇਹਾ ਕਿ ਅਹਿਲਿਆ ਦੀ ਕਥਾ ਹੈ। ਐਸੇ ਵਿਭਚਾਰੀ ਔਰ ਕੁਕਰਮੀ ਦੀ ਸਹਾਇਤਾ ਕਰਕੇ ਦੇਵੀ ਨੇ ਜਗਤ ਨੂੰ ਕੀ ਸੁਖ ਦਿਤਾ ? ਅਰ ਇੰਦਰ ਨੇ ਰਾਜ ਲੈ ਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ ?

ਨੈਣਾ ਦੇਵੀ ਜਵਾਲਾ ਮੁਖੀ ਆਦਿਕ ਜੋ ਅਸਥਾਨ ਹਨ, ਇਨ੍ਹਾਂ ਦਾ ਪ੍ਰਸੰਗ ਇਉਂ ਹੈ ਕਿ ਦਖਛ ਦੇ ਯੱਗ ਵਿਚ ਉਸ ਦੀ ਬੇਟੀ "ਸਤੀ" ਬਿਨਾ ਬੁਲਾਏ ਚਲੀ ਗਈ ਔਰ ਉਸ ਨੇ ਯੱਗ ਵਿਚ ਆਪਣੇ ਪਤੀ ਸ਼ਿਵ ਦਾ ਹਿੱਸਾ ਕੱਢਿਆ ਹੋਇਆ ਨਾ ਦੇਖ ਕੇ ਕ੍ਰੋਧ ਵਿਚ ਆ ਕੇ ਹਵਨ ਕੁੰਡ ਵਿਚ ਛਾਲ ਮਾਰੀ। ਖਬਰ ਹੋਣ ਤੋਂ ਬੀਰਭਦਰ ਅਥਵਾ ਸ਼ਿਵ ਜੀ ਨੇ ਆ ਕੇ ਦਗਧ ਹੁੰਦੀ ਸਤੀ ਨੂੰ ਤ੍ਰਿਸ਼ੂਲ ਪਰ ਜ਼ੋਰ ਨਾਲ ਝਟਕਾ ਮਾਰ ਕੇ ਚੱਕਿਆ, ਉਸ ਵੇਲੇ ਸਤੀ ਦੇ ਅੰਗ ਬਿਖਰ ਕੇ ਜਿਥੇ ਜਿਥੇ ਡਿੱਗੇ, ਓਹੀ ਓਹੀ ਪੂਜਯ ਅਸਥਾਨ ਬਣ ਗਏ। ਜਿਥੇ ਅੱਖਾਂ ਡਿੱਗੀਆਂ, ਓਥੇ ਨੈਣਾ ਦੇਵੀ, ਜਿਥੇ ਜੀਭ ਡਿੱਗੀ ਓਥੇ ਜਵਾਲਾ ਮੁਖੀ। ਏਸੇ ਤਰ੍ਹਾਂ ਹੋਰ ਅੰਗਾਂ ਤੋਂ ਅਨੇਕਾਂ ਹੀ ਅਸਥਾਨ ਬਣੇ।

ਇਨ੍ਹਾਂ ਪ੍ਰਸੰਗਾਂ ਤੋਂ ਜੇ ਇਹ ਉਪਦੇਸ਼ ਲਿਆ ਜਾਵੇ ਕਿ ਇਸਤ੍ਰੀਆਂ ਨੂੰ ਭੀ ਯੁੱਧ ਵਿਦਿਆ ਵਿਚ ਨਿਪੁੰਨ ਹੋਣਾ ਲੋੜੀਏ ਔਰ ਆਪਣੇ ਪਤੀ ਦਾ ਸਨਮਾਨ ਪ੍ਰਾਣਾਂ ਤੋਂ ਵੀ ਵਧ ਕੇ ਕਰਨਾ ਚਾਹੀਏ, ਤਾਂ ਬੇਸ਼ਕ ਚੰਗਾ ਹੈ, ਪਰ ਇਸ ਤੋਂ ਛੁੱਟ ਹੋਰ ਕੋਈ ਲਾਭਦਾਇਕ ਗੱਲ ਨਹੀਂ।

ਕਈ ਮੰਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਿਆ ਦੀ ਬੇਟੀ ਅਥਵਾ ਅਸ਼ਟਭੁਜੀ ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ-ਪੁਰਖ ਦੀ ਜੋ ਸ਼ਕਤੀ ਹੈ, ਉਸ ਨੂੰ ਮੰਨਦੇ ਹਾਂ। ਉਨ੍ਹਾਂ ਪ੍ਰਤੀ ਅਸੀਂ ਇਹ ਸ਼ੰਕਾ ਕਰਦੇ ਹਾਂ ਕਿ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਹੈ ਜਾਂ ਅਭਿੰਨ ? ਜੜ੍ਹ ਹੈ ਅਥਵਾ ਚੇਤੰਨ ? ਔਰ ਅਨਿੱਤ ਹੈ ਜਾਂ ਨਿੱਤ ? ਜੇ ਦੇਵੀ ਅਕਾਲ ਤੋਂ ਭਿੰਨ, ਚੇਤੰਨ ਔਰ ਨਿੱਤ ਤੁਸੀਂ ਮੰਨਦੇ ਹੋ ਔਰ ਉਸ ਨੂੰ ਪੂਜਦੇ ਹੋ, ਤਾਂ ਨਿਸਚਾ ਕਰੋ ਕਿ ਗੁਰੂ ਸਾਹਿਬ ਨੇ ਜੋ ਓਅੰਕਾਰ ਦੇ ਆਦਿ ਵਿਚ ਏਕਾ ਲਾਇਆ ਹੈ, ਤੁਸੀਂ ਉਸ ਉਪਰ ਹੜਤਾਲ ਫੇਰਨ ਦੇ ਫਿਕਰ ਵਿਚ ਹੋ, ਔਰ ਸਿੱਖੀ ਤੋਂ ਪਤਿਤ ਹੋ, ਔਰ ਜੇ ਦੇਵੀ ਅਕਾਲ ਪੁਰਸ਼ ਤੋਂ ਭਿੰਨ ਨਹੀਂ, ਕੇਵਲ ਉਸ ਦੀ ਸ਼ਕਤੀ ਮਾਤ੍ਰ ਦਾ ਨਾਉਂ ਹੈ, ਤਾਂ ਉਸ ਦਾ "ਦੇਵੀ" ਨਾਮ ਲੈ ਕੇ ਭਿੰਨ ਪੂਜਣਾ ਭੀ ਮਹਾਂ-ਅਗਿਆਨ ਔਰ ਮੂਰਖਤਾ ਹੈ।

ਜੇ ਦੇਵੀ ਕੋਈ ਜੜ੍ਹ ਔਰ ਅਨਿੱਤ ਪਦਾਰਥ ਹੈ, ਤਾਂ ਭੀ ਉਸ ਦੀ ਪੂਜਾ ਸਿੱਖ ਧਰਮ ਅਨੁਸਾਰ ਨਹੀਂ ਬਣਦੀ। ਸਿੱਧਾਂਤ ਇਹ ਹੈ ਕਿ ਕਿਸੀ ਤਰ੍ਹਾਂ ਭੀ ਦੇਵੀ ਦੀ ਪੂਜਾ ਸਿੱਖ ਧਰਮ ਵਿਚ ਯੋਗ ਸਿੱਧ ਨਹੀਂ ਹੋ ਸਕਦੀ।

ਪਿਆਰੇ ਸਿੱਖ ਭਾਈਓ! ਸਾਡੇ ਧਰਮ ਵਿਚ ਹੀ ਬੀਬੀ ਨਾਨਕੀ, ਬੀਬੀ ਅਮਰੋ, ਬੀਬੀ ਭਾਨੀ, ਬੀਬੀ ਵੀਰੋ, ਮਾਤਾ ਸਾਹਿਬ ਕੌਰ ਔਰ ਮਾਈ ਭਾਗੋ ਜੇਹੀਆਂ ਪਵਿਤ੍ਰ ਦੇਵੀਆਂ ਹਨ। ਆਪ ਉਨ੍ਹਾਂ ਦੇ ਜੀਵਨ ਚਰਿਤ੍ਰਾਂ ਨੂੰ ਪੜ੍ਹੋ ਔਰ ਉਨ੍ਹਾਂ ਦੇ ਉਪਕਾਰਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਪੂਰਨਿਆਂ ਪਰ ਤੁਰੋ ਔਰ ਆਪਣੀਆਂ ਪੁਤ੍ਰੀਆਂ ਨੂੰ ਉਨ੍ਹਾਂ ਜੇਹੇ ਗੁਣ ਧਾਰਨ ਕਰਨ ਦੀ ਸਿਖਿਆ ਦਿਓ, ਜਿਸ ਤੋਂ ਆਪ ਦਾ ਮਾਨੁਸ਼ ਜਨਮ ਸਫਲ ਹੋਵੇ ਔਰ ਆਪ ਕਲਗੀਧਰ ਪੂਜ ਪਿਤਾ ਦੇ ਸਪੁਤ੍ਰ ਕਹਾਉਣ ਦੇ ਅਧਿਕਾਰੀ ਬਣੋ, ਅਰ ਦੇਸ਼ ਸੁਧਾਰਕਾਂ ਵਿਚ ਗਿਣੇ ਜਾਓ।

ਇਨ੍ਹਾਂ ਦੇਵੀਆਂ ਤੋਂ ਭਿੰਨ ਇਕ ਹੋਰ ਦੇਵੀ ਹੈ ਜੋ ਕਲਗੀਧਰ ਸਵਾਮੀ ਨੇ ਆਪ ਨੂੰ ਬਖਸ਼ੀ ਹੈ। ਔਰ ਜਿਸ ਬਿਨਾਂ ਆਪ ਉਤਨੇ ਹੀ ਪਤਿਤ ਹੋ, ਜਿਤਨਾ ਜਨੇਊ ਬਿਨਾ ਹਿੰਦੂ ਦ੍ਵਿਜ ਹੈ। ਔਰ ਉਸੇ ਦੇਵੀ ਦੇ ਤੁਫੈਲ ਤੁਸੀਂ ਇਸ ਦੇਸ ਤੋਂ ਅਨਿਆਇ ਦੂਰ ਕੀਤਾ ਸੀ ਔਰ ਹੁਣ ਭੀ ਗਵਰਨਮੈਂਟ ਬਰਤਾਨੀਆਂ ਦੀਆਂ ਫੌਜਾਂ ਵਿਚ ਮਾਣ ਪਾ ਕੇ ਸਿੱਖ ਕੌਮ ਦਾ ਭੂਸ਼ਨ ਬਣ ਰਹੇ ਹੋ। ਉਹ ਦੇਵੀ ਇਹ ਹੈ:

ਨਮੋ ਸ੍ਰੀ ਭਗੌਤੀ ਬਢੇਲੀ ਸਰੋਹੀ॥
ਕਰੇ ਏਕ ਤੇ ਦਵੈ ਸੁਭਟ ਹਾਥ ਸੋਹੀ॥
ਜੋਊ ਮਜਾਨ ਤੇ ਬੀਰ ਤੋ ਕੋ ਸੜੱਕੈ॥
ਪਲੈ ਕਾਲ ਕੇ ਸਿੰਧੂ ਬੱਕੈ ਕੜੱਕੈ॥
ਧਸੈਂ ਖੇਤ ਮੈਂ ਹਾਥ ਲੈ ਤੋਹਿ ਸੂਰੇ॥
ਭਿਰੈ ਸਾਮੁਹੈ ਸਿਧ ਸਾਵੰਤ ਸੂਰੇ॥

ਪਿਆਰੇ ਭਾਈਓ! ਇਨ੍ਹਾਂ ਪਵਿਤ੍ਰ ਦੇਵੀਆਂ ਤੋਂ ਵਿਮੁਖ ਹੋ ਕੇ ਜਿਤਨਾ ਧਨ ਆਪ ਨੇ ਅੱਜ ਤੋੜੀ ਲਹੂ ਪੀਣੀਆਂ ਕਲਪਿਤ ਦੇਵੀਆਂ ਨੂੰ ਅਰਪਿਆ ਹੈ, ਜੇ ਕਿਤੇ ਉਤਨਾ ਆਪਣੀਆਂ ਸਪੁਤ੍ਰੀਆਂ ਦੇ ਸੁਧਾਰ ਵਾਸਤੇ ਖਰਚ ਕਰਦੇ ਤਾਂ ਅੱਜ ਘਰ ਘਰ ਦੇਵੀਆਂ ਨਜ਼ਰ ਪੈਂਦੀਆਂ, ਅਰ ਸਿੱਖ ਕੌਮ ਦਾ ਨਾਮ ਦੇਸ਼-ਦੇਸ਼ਾਂਤ੍ਰਾਂ ਵਿਚ ਸੂਰਜ ਦੀ ਤਰ੍ਹਾਂ ਪ੍ਰਕਾਸ਼ਤ ਹੁੰਦਾ ਅਤੇ ਆਉਣ ਵਾਲੀ ਸੰਤਾਨ ਆਪ ਦੇ ਗੁਣ ਗਾਉਂਦੀ ਹੋਈ ਕ੍ਰਿਤਗਜ ਅਰ ਕ੍ਰਿਤਾਰਥ ਹੁੰਦੀ।

ਅਜੇ ਭੀ ਸਮਾਂ ਹੈ ਜੇ ਆਪ ਆਪਣੀ ਕੌਮ ਤਥਾ ਦੇਸ਼ ਦੀ ਉੱਨਤੀ ਚਾਹੁੰਦੇ ਹੋ, ਤਦ ਉੱਤਮ ਵਿਦਿਆਲੇ ਖੋਲ੍ਹ ਕੇ (ਜਿਨ੍ਹਾਂ ਵਿਚ ਕੌਮੀ ਜੀਵਨ ਉਤਪੰਨ ਕੀਤਾ ਜਾਵੇ) ਧਰਮਵਾਨ, ਬਲਵਾਨ ਅਰ ਪ੍ਰਤਾਪਵਾਨ ਦੇਵੀਆਂ ਉਤਪੰਨ ਕਰੋ, ਜਿਸ ਤੋਂ ਆਪ ਦੀ ਦੈਵੀ ਸੰਤਾਨ, ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਆਸਰੇ ਘੋਰ ਕਲਿਕਾਲ ਨੂੰ ਸਤਿਜੁਗ ਵਿਚ ਬਦਲ ਦੇਵੇ।

## (੫) ਮੂਰਤੀ ਪੂਜਾ

ਪਿਆਰੇ ਹਿੰਦੂ ਭਾਈ! ਆਪ ਦੇ ਮੱਤ ਵਿਚ ਮੂਰਤੀ ਪੂਜਾ ਪ੍ਰਧਾਨ ਹੈ, ਪਰ ਸਿੱਖ ਧਰਮ ਵਿਚ ਇਸ ਦਾ ਨਿਸ਼ੇਧ ਕੀਤਾ ਗਿਆ ਹੈ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ ॥...
ਘਰ ਮਹਿ ਠਾਕੁਰੁ ਨਦਰਿ ਨ ਆਵੈ ॥
ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥
ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥
ਗੁਨਹਗਾਰ ਲੂਣ ਹਰਾਮੀ ॥
ਪਾਹਣ ਨਾਵ ਨ ਪਾਰਗਿਰਾਮੀ ॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥
(ਸੂਹੀ ਮਹਲਾ ੫)

ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥

ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥੧॥
ਠਾਕੁਰੁ ਹਮਰਾ ਸਦ ਬੋਲੰਤਾ ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ਰਹਾਉ॥...
ਨ ਪਾਥਰੁ ਬੋਲੈ ਨਾ ਕਿਛੁ ਦੇਇ ॥
ਫੋਕਟ ਕਰਮ ਨਿਹਫਲ ਹੈ ਸੇਵ ॥੨॥ (ਭੈਰਉ ਮ: ੫)

ਘਰਿ ਨਾਰਾਇਣੁ ਸਭਾ ਨਾਲਿ ॥
ਪੂਜ ਕਰੇ ਰਖੈ ਨਾਵਾਲਿ ॥
ਕੁੰਗੂ ਚੰਨਣੁ ਫੁਲ ਚੜਾਏ ॥
ਪੈਰੀ ਪੈ ਪੈ ਬਹੁਤੁ ਮਨਾਏ ॥
ਮਾਣੂਆ ਮੰਗਿ ਮੰਗਿ ਪੈਨੈ ਖਾਇ ॥
ਅੰਧੀ ਕੰਮੀ ਅੰਧ ਸਜਾਇ ॥ (ਵਾਰ ਸਾਰੰਗ, ਮ: ੧)

ਕਹਾਂ ਭਇਓ ਜੋ ਅਤਿ ਹਿਤ ਚਿਤ ਕਰ
ਬਹੁਬਿਧਿ ਸਿਲਾ ਪੁਜਾਈ ॥
ਪਾਨ ਥਕਯੋ ਪਾਹਨ ਕਹ ਪਰਸਤ
ਕਛੁ ਕਰ ਸਿੱਧਿ ਨ ਆਈ ॥
ਅੱਛਤ ਧੂਪ ਦੀਪ ਅਰਪਤ ਹੈ
ਪਾਹਨ ਕਛੂ ਨ ਖੈਹੈ ॥
ਤਾਮੈ ਕਹਾਂ ਸਿੱਧਿ ਹੈ, ਰੇ ਜੜ੍ਹ
ਤੋਹਿ ਕਛੂ ਬਰ ਦੈਹੈ ॥
ਜੋ ਜੀਅ ਹੋਤ ਦੇਤ ਕਛੁ ਤੁਹਿ
ਕਰ ਮਨ ਬਚ ਕਰਮ ਬਿਚਾਰਿ ॥
ਕੇਵਲ ਏਕ ਸਰਣਿ ਸੁਆਮੀ ਬਿਨ
ਯੌਂ ਨਹਿ ਕਤਹਿ ਉਧਾਰ ॥

(ਹਜ਼ਾਰੇ ਸ਼ਬਦ, ਪਾਤਸ਼ਾਹੀ ੧੦)

ਕਾਹੂੰ ਲੈ ਪਾਹਨ ਪੂਜ ਧਰਯੋ ਸਿਰ
ਕਾਹੂੰ ਲੈ ਲਿੰਗ ਯਰੇ ਲਟਾਇਓ ॥

ਕਾਹੂ ਲਖਿਓ ਹਰਿ [1]ਅਵਾਚੀ ਦਿਸਾ ਮਹਿ
ਕਾਹੂੰ[2] ਪਛਾਹ ਕੋ ਸੀਸ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੂ
ਕੋਊ ਮ੍ਰਿਤਾਨ ਕੋ ਪੂਜਤ ਧਾਇਓ ॥
ਕੂਰ ਕ੍ਰਿਆ ਉਰਝਾਇਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦ ਨ ਪਾਇਓ ॥

(ਅਕਾਲ ਉਸਤਤਿ ਪਾਤਿਸ਼ਾਹੀ ੧੦)

ਤਾਂਹਿ ਪਛਾਨਤ ਹੈ ਨ ਮਹਾਂ ਪਸੁ ॥
ਜਾਂ ਕੋ ਪ੍ਰਤਾਪ ਤਿਹੂੰ ਪੁਰ ਮਾਹੀਂ ॥
ਪੂਜਤ ਹੈਂ ਪ੍ਰਮੇਸ੍ਵਰ ਕੈ
ਜਿੰਹ ਕੇ ਪਰਸੇ ਪਰਲੋਕ [3]ਪਰਾਹੀਂ ॥
ਪਾਪ ਕਰੋ ਪਰਮਾਰਥ ਕੈ
ਜਿਹ ਪਾਪਨ ਤੇ ਅਤਿ [4]ਪਾਪ ਲਜਾਹੀਂ ॥
ਪਾਇ ਪਰੋ ਪਰਮੇਸੁਰ ਕੇ ਜੜ੍ਹ
ਪਾਹਨ ਮੈ ਪਰਮੇਸਰ ਨਾਹੀਂ ॥

(ਬਚਿਤ੍ਰ ਨਾਟਕ ਪਾਤਸ਼ਾਹੀ ੧੦)

ਕਾਹੇ ਕੋ ਪੂਜਤ ਪਾਹਨ ਕੋ
ਕਛੁ ਪਾਹਨ ਮੈਂ ਪਰਮੇਸਰ ਨਾਹੀ ॥
ਤਾਂਹੀ ਕੋ ਪੂਜ ਪ੍ਰਭੂ ਕਰਕੈ
ਜਿਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ
ਨਾਮ ਕੇ ਲੇਤ ਸਭੈ ਛੁਟ ਜਾਹੀ ॥
ਤਾਂਹੀ ਕੋ ਧਿਆਨ ਪ੍ਰਮਾਨ ਸਦਾ
ਇਨ ਫੋਕਟ ਧਰਮ ਕਰੇ ਫਲ ਨਾਹੀ ॥

---

[1]ਪੂਰਬ ।  [2]ਪੱਛਮ ।

[3]ਤੂੰ ਉਸ ਜੜ੍ਹ ਪੱਥਰ ਨੂੰ ਪ੍ਰਮੇਸ਼ਵਰ ਮੰਨ ਕੇ ਪੂਜਦਾ ਹੈਂ, ਜਿਸ ਦੇ ਪੂਜਣ ਕਰਕੇ ਤੇਰਾ ਪ੍ਰਲੋਕ ਵਿਗੜ ਜਾਂਦਾ ਹੈ ।

[4]ਧਰਮ ਰੂਪ ਸਮਝ ਕੇ ਪਾਪ ਕਰਦੇ ਹੋ, ਜਿਨ੍ਹਾਂ ਪਾਪਾਂ ਅੱਗੇ ਮਹਾਂ ਪਾਪ ਭੀ ਸ਼ਰਮਿੰਦੇ ਹੁੰਦੇ ਹਨ ।

ਫੋਕਟ ਧਰਮ ਭਯੋ ਫਲ ਹੀਨ
ਜੁ ਪੂਜ ਸਿਲਾ ਜੁਗ ਕੋਟ ਗਵਾਹੀ ॥
ਸਿੱਧਿ ਕਹਾਂ ਸਿਲ ਕੇ ਪਰਸੇ
ਬਲ਼ ਬ੍ਰਿਧ ਘਟੀ ਨਵ ਨਿੱਧਿ ਨ ਪਾਈ ॥
ਆਜ ਹੀ ਆਜ ਸਮੋ ਜੁ ਬਿਤਿਓ
ਨਹਿ ਕਾਜ ਸਰਯੋ ਕਛੁ ਲਾਜ ਨ ਆਈ ॥
ਸ੍ਰੀ ਭਗਵੰਤ ਭਜਿਓ ਨ ਅਰੇ ਜੜ
ਐਸੇ ਹੀ ਐਸ ਸੁ ਬੈਸ ਗਵਾਈ ॥

(੩੩ ਸਵੈਯੇ, ਪਾਤਸ਼ਾਹੀ ੧੦)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਹਾੜੀ ਰਾਜਿਆਂ ਨਾਲ ਵਿਰੋਧ ਦਾ ਕਾਰਨ ਜ਼ਫਰਨਾਮਹ ਵਿਚ ਦਸਦੇ ਹਨ :

ਮਨਮ ਕੁਸ਼ਤਨਿ ਕੋਹੀਆਂ ਪੁਰ-ਫ਼ਿਤਨ,
ਕਿ ਆਂ ਬੁੱਤ ਪਰਸਤੰਦ ਮਨ ਬੁਤ [1]ਸ਼ਿਕਨ ॥ (੯੫)

ਦਬਿਸਤਾਨਿ ਮਜ਼ਾਹਬ ਵਿਚ ਲਿਖਿਆ ਹੈ :

"ਨਾਨਕ ਪੰਥੀ ਜੋ ਗੁਰੂ ਦੇ ਸਿੱਖ ਹੈਨ, ਓਹ ਬੁੱਤ ਔਰ ਬੁੱਤਖਾਨਿਆਂ ਪਰ ਨਿਸ਼ਚਾ ਨਹੀਂ ਰਖਦੇ।"

ਸਭ ਤੋਂ ਵਧ ਕੇ ਸਿੱਖਾਂ ਪਾਸ ਬੁੱਤ-ਪ੍ਰਸਤ ਨਾ ਹੋਣ ਦਾ ਇਤਿਹਾਸਿਕ ਸਬੂਤ ਏਹ ਹੈ ਕਿ ਦਸਾਂ ਸਤਿਗੁਰਾਂ ਵਿਚੋਂ ਕਿਸੇ ਨੇ ਵੀ ਕੋਈ ਐਸ਼ਾ ਮੰਦਿਰ ਨਹੀਂ ਬਣਵਾਇਆ, ਜਿਸ ਵਿਚ ਮੂਰਤੀ ਸਥਾਪਨ ਕਰੀ ਗਈ ਹੋਵੇ।

ਹਿੰਦੂ :—ਆਪ ਨੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਸਿੱਧ ਕੀਤਾ ਹੈ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਨਹੀਂ। ਪਰ ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ, ਮੂਰਤੀ ਪੂਜਾ ਨਹੀਂ ? ਆਪ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਜਾਣਦੇ ਹੋ, ਅਰ ਕਟੋਰੇ ਵਿਚ ਕੜਾਹ-ਪ੍ਰਸ਼ਾਦਿ ਰਖ ਕੇ ਭੋਗ ਲਵਾਉਂਦੇ ਹੋ।

ਸਿੱਖ :—ਗੁਰੂ ਗ੍ਰੰਥ ਸਾਹਿਬ ਨੂੰ ਅਕਾਲੀ ਹੁਕਮ ਮੰਨ ਕੇ ਸਿੱਖ ਸਨਮਾਨ

---

[1]ਇਤਿਹਾਸ ਲਿਖਣ ਵਾਲਿਆਂ ਨੇ, ਹਾਥੀ, ਤੰਬੂ ਆਦਿਕ ਸਾਮਾਨ ਨਾ ਦੇਣ ਕਰਕੇ ਸਤਿਗੁਰਾਂ ਦਾ ਪਹਾੜੀ ਰਾਜਿਆਂ ਨਾਲ ਜੋ ਵਿਰੋਧ ਲਿਖਿਆ ਹੈ, ਸੋ ਗੌਣ ਕਾਰਣ ਹੈ। ਮੁੱਖ ਵਿਰੋਧ ਦਾ ਕਾਰਣ ਖਾਲਸਾ ਧਰਮ ਦੀ ਸਿਖਿਆ ਸੀ, ਜੋ ਮੂਰਤੀ ਪੂਜਕ ਮਤ ਦੇ ਵਿਰੁੱਧ ਸੀ।

ਕਰਦੇ ਹਨ, ਜਿਸ ਤੋਂ ਪ੍ਰਮਾਰਥਕ ਅਰ ਵਿਵਹਾਰਿਕ ਸੱਚੇ ਉਪਦੇਸ਼ ਮਿਲਦੇ ਹਨ, ਮੂਰਤੀ ਪੂਜਕਾਂ ਵਾਂਗ ਪੂਜਨ ਨਹੀਂ ਕਰਦੇ। ਕਟੋਰੇ ਵਿਚ ਕੜਾਹ ਪ੍ਰਸ਼ਾਦਿ ਗ੍ਰੰਥੀ ਵਾਸਤੇ ਰਖਿਆ ਜਾਂਦਾ ਹੈ, ਗੁਰੂ ਗ੍ਰੰਥ ਸਾਹਿਬ ਨੂੰ ਭੋਗ ਲਾਉਣ ਲਈ ਨਹੀਂ।

ਸੰਸਾਰ ਵਿਚ ਜਿਸ ਤਰ੍ਹਾਂ "ਸ਼ਾਹੀ ਫੁਰਮਾਨ" ਨੂੰ ਤਾਜ਼ੀਮ ਦਿਤੀ ਜਾਂਦੀ ਹੈ, ਸਿਰ ਮੱਥੇ ਤੇ ਰਖ ਕੇ ਸਿਰ ਝੁਕਾਇਆ ਜਾਂਦਾ ਹੈ, ਉਹੀ ਬਾਤ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਦੀ ਹੈ, ਕਿਉਂਕਿ ਉਹ ਪਰਮ ਪਿਤਾ ਸ਼ਹਿਨਸ਼ਾਹ ਦਾ ਫੁਰਮਾਨ ਹੈ। ਜੇ ਕਿਸੇ ਪ੍ਰੇਮੀ ਨੇ ਯਥਾਰਥ ਸਮਝੇ ਬਿਨਾਂ ਹਿੰਦੂ ਪੁਜਾਰੀਆਂ ਦੀ ਨਕਲ ਕੀਤੀ ਹੈ, ਤਦ ਉਸ ਦਾ ਦੋਸ਼ ਸਿਖ ਨਿਯਮਾਂ ਉਪਰ ਨਹੀਂ ਆ ਸਕਦਾ।

ਹਿੰਦੂ—ਗੁਰੂ ਗ੍ਰੰਥ ਸਾਹਿਬ ਵਿਚ ਧੰਨੇ ਨੂੰ ਪੱਥਰ ਵਿਚੋਂ ਪ੍ਰਮੇਸ਼ਵਰ ਮਿਲਣਾ ਲਿਖਿਆ ਹੈ, ਅਰ ਨਾਮਦੇਵ ਦਾ ਮੂਰਤੀ ਪੂਜਨ ਤੋਂ ਈਸ਼ਵਰ ਦਾ ਪਾਉਣਾ ਪ੍ਰਸਿੱਧ ਹੈ। ਭਾਈ ਗੁਰਦਾਸ ਜੀ ਨੇ ਭੀ ਧੰਨੇ ਅਰ ਨਾਮਦੇਵ ਦੀ ਕਥਾ ਵਾਰਾਂ ਵਿਚ ਲਿਖੀ ਹੈ, ਜਿਸ ਤੋਂ ਮੂਰਤੀ ਪੂਜਾ ਸਿੱਧ ਹੁੰਦੀ ਹੈ।

ਸਿੱਖ—ਗੁਰੂ ਗ੍ਰੰਥ ਸਾਹਿਬ ਵਿਚ :

ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥

ਤੋਂ ਛੁਟ ਹੋਰ ਕੋਈ ਧੰਨੇ ਦਾ ਪ੍ਰਸੰਗ ਨਹੀਂ, ਅਰ ਨਾ ਪੱਥਰ ਪੂਜਣ ਦਾ ਜ਼ਿਕਰ ਹੈ। ਭਗਤ ਮਾਲ ਵਿਚ (ਜੋ ਪ੍ਰੇਮੀ ਹਿੰਦੂਆਂ ਦੀ ਰਚਨਾ ਹੈ) ਜ਼ਰੂਰ ਮੂਰਤੀ ਪੂਜਾ ਦੇ ਪ੍ਰਸੰਗ ਹਨ, ਜਿਨ੍ਹਾਂ ਦਾ ਸੰਖੇਪ ਭਾਈ ਗੁਰਦਾਸ ਜੀ ਨੇ ਸਿੱਖਾਂ ਦੇ ਗਿਆਨ ਲਈ ਲਿਖਿਆ ਹੈ। ਪਰ ਇਹ ਪ੍ਰਸੰਗ ਨਾ ਸਿੱਖਾਂ ਨੇ ਰਚੇ ਹਨ ਅਰ ਨਾ ਉਹ ਅਨੁਵਾਦ ਕਰਨ ਨਾਲ ਇਨ੍ਹਾਂ ਦੇ ਜ਼ਿੰਮੇਵਾਰ ਹਨ।

ਇਸ ਵਿਚ ਸੰਸਾ ਨਹੀਂ ਕਿ ਨਾਮਦੇਵ ਆਦਿਕ ਕਈ ਭਗਤ ਪਹਿਲਾਂ ਮੂਰਤੀ ਪੂਜਕ ਸਨ, ਪਰ ਜਦ ਉਨ੍ਹਾਂ ਨੂੰ ਪੂਰਨ ਗੁਰੂ ਤੋਂ ਸੱਤ ਗਿਆਨ ਪ੍ਰਾਪਤ ਹੋਇਆ, ਤਦ ਪ੍ਰਮਾਤਮਾ ਨੂੰ ਸਰਵ-ਵਿਆਪੀ ਮੰਨ ਕੇ ਮੂਰਤੀ ਪੂਜਾ ਦੇ ਪੂਰਨ ਤਿਆਗੀ ਹੋ ਗਏ, ਜਿਹਾ ਕਿ ਉਨ੍ਹਾਂ ਦੇ ਬਚਨਾਂ ਤੋਂ ਪ੍ਰਗਟ ਹੈ, ਯਥਾ :

"ਸਤਿਗੁਰੁ ਮਿਲੈ ਤ ਸਹਸਾ ਜਾਈ ॥
ਕਿਸ ਹਉ ਪੂਜਉ ਦੂਜਾ ਨਦਰਿ ਨ ਆਈ ॥੩॥
ਏਕੈ ਪਾਥਰ ਕੀਜੈ ਭਾਉ ॥
ਦੂਜੈ ਪਾਥਰ ਧਰੀਐ ਪਾਉ ॥

ਜੇ ਓਹੁ ਦੇਉ ਤ ਓਹੁ ਭੀ ਦੇਵਾ ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥

(ਗੂਜਰੀ ਨਾਮਦੇਵ ਜੀ)

ਜਹਾ ਜਾਈਐ ਤਹ ਜਲ ਪਖਾਨ ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥...
ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥

(ਬਸੰਤੁ, ਰਾਮਾਨੰਦ ਜੀ)

ਜੇ ਕੋਈ ਚਾਲਾਕ ਆਦਮੀ, ਸੱਤ ਦਾ ਵਿਰੋਧੀ, ਗੁਰੂ ਸ਼ਰਨ ਆਉਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਦਾ ਦੇਵੀ ਪੂਜਨ ਅਰ ਗੁਰੂ ਅਮਰਦਾਸ ਸਾਹਿਬ ਦਾ ਗੰਗਾ ਪੂਜਨ ਦੱਸ ਕੇ, ਇਹ ਸਿੱਧ ਕਰੇ ਕਿ ਸਿੱਖ ਧਰਮ ਵਿਚ ਦੁਰਗਾ ਅਤੇ ਗੰਗਾ ਪੂਜਨ ਵਿਧਾਨ, ਤਦ ਕਿਤਨਾ ਅਨਿਆਂ ਅਰ ਅਯੋਗ ਹੈ !

ਇਸੇ ਤਰ੍ਹਾਂ ਪ੍ਰੇਮੀ ਹਿੰਦੂ ਜੀ ! ਆਪ ਨਾਮਦੇਵ ਆਦਿਕ ਭਗਤਾਂ ਦੀ ਕਥਾ ਦਾ ਸਿਧਾਂਤ ਸਮਝ ਲਓ ।

## ਸੰਧਿਆ–ਤਰਪਣ

ਆਪ [1]ਗਾਯਤ੍ਰੀ ਆਦਿਕ ਦੇਵਤਿਆਂ ਦੀ ਮਹਿਮਾ ਔਰ ਉਸਤਤਿ ਦਾ ਮੰਤ੍ਰ

---

[1]"ਤਤ ਸਵਿਤ੍ਰ੍ਹ ਵਰੇਣਯੰ ਭਰਗੋ ਦੇਵਸਜ ਧੀ ਮਹਿ, ਧਿਯੋ ਯੋਨ: ਪ੍ਰਚੋਦਯਾਤ ।" ਹਿੰਦੂਆਂ ਦੇ ਧਰਮ ਦਾ ਮੂਲ ਆਧਾਰ ਏਹ ਗਾਇਤ੍ਰੀ ਮੰਤ੍ਰ ਹੈ । ਏਸ ਮੰਤ੍ਰ ਦੇ ਆਦਿ ਵਿਚ ਹਿੰਦੂ ਰਿਸ਼ੀਆਂ ਨੇ "ਓਅੰ: ਭੂ: ਭੁਵ: ਸ੍ਵ:" ਏਨਾ ਵਾਧੂ ਪਾਠ ਪਿਛੋਂ ਹੋਰ ਲਾ ਦਿੱਤਾ ਹੈ ।

ਏਸ ਸਾਰੇ ਦਾ ਅਰਥ ਏਹ ਹੈ :

"ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ ।"

ਅੱਜ ਕੱਲ੍ਹ ਦੇ ਕਈ ਵਿਦਵਾਨ ਹਿੰਦੂਆਂ ਨੇ ਗਾਇਤ੍ਰੀ ਦੇ ਅਰਥ ਪ੍ਰਮੇਸ਼ੁਰ ਵਲ ਭੀ ਲਾਏ ਹਨ, ਪਰ ਅਸਲ ਅਰਥ ਸੂਰਜ ਦੀ ਮਹਿਮਾ ਵਿਚ ਹਨ । ਏਹ ਗਾਇਤ੍ਰੀ ਮੰਤ੍ਰ ਵਿਸ੍ਵਾਮਿਤ੍ਰ ਦਾ ਬਣਾਇਆ ਹੋਇਆ ਹੈ ।

ਪੜ੍ਹ ਕੇ ਔਰ [1]ਅੰਗਨਯਾਸ ਕਰਕੇ ਸੰਧਯਾ ਕਰਦੇ ਹੋ ਔਰ ਤਰਪਣ ਕਰਕੇ ਦੇਵਤਾ ਪਿਤਰ ਆਦਿਕਾਂ ਨੂੰ ਪਾਣੀ ਦੇਂਦੇ ਹੋ, ਪਰ ਸਿੱਖ ਧਰਮ ਵਿਚ ਅਜੇਹੀ ਸੰਧਿਆ ਵਰਜਿਤ ਹੈ, ਕੇਵਲ ਵਾਹਿਗੁਰੂ ਦਾ ਆਰਾਧਨ ਔਰ ਗੁਰਬਾਣੀ ਦਵਾਰਾ ਉਸ ਸ਼ਰਬ ਸ਼ਕਤੀਮਾਨ ਦਾ ਸਿਮਰਨ ਕਰਨਾ ਵਿਧਾਨ ਹੈ, ਯਥਾ :

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥
ਗੁਰਪਰਸਾਦੀ ਦੁਬਿਧਾ ਮਰੈ,
ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ
ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥

(ਵਾਰ ਬਿਹਾਗੜਾ ਮਹਲਾ ੩)

ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ[2] ਦੁਖੁ ਪਾਇਆ ॥

(ਸੋਰਠਿ ਮ: ੩)

ਗੁਰੂ ਸਿੱਖਾਂ ਲਈ ਜੋ ਨਿਤ ਕਰਮ ਹੈ ਸੋ ਭਾਈ ਗੁਰਦਾਸ ਜੀ ਕਥਨ ਕਰਦੇ ਹਨ :

ਅੰਮ੍ਰਿਤ ਵੇਲੇ ਨਾਵਣਾ, ਗੁਰਮੁਖ 'ਜਪੁ' ਗੁਰ ਮੰਤੁ ਜਪਾਇਆ ॥
ਰਾਤਿ ਆਰਤੀ ਸੋਹਿਲਾ, ਮਾਇਆ ਵਿਚ ਉਦਾਸ ਰਹਾਇਆ ॥

ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ :

ਗੁਰੂ ਕਾ ਸਿੱਖ ਤਰਪਣ ਗਾਯਤ੍ਰੀ ਵਲ ਚਿਤ ਨ ਦੇਵੇ ।

---

[1]ਰਿਦਾ, ਸਿਰ, ਬਾਹਾਂ, ਨੇਤ੍ਰ ਆਦਿਕ ਅੰਗਾਂ ਨੂੰ ਹੱਥ ਲਾ ਕੇ ਮੰਤ੍ਰ ਪੜ੍ਹਨਾ, ਚੁਟਕੀਆਂ ਔਰ ਤਾੜੀਆਂ ਵਜਾਉਣੀਆਂ ।

[2]ਇਸ ਬਾਤ ਦੇ ਸਮਝੇ ਬਿਨਾਂ ਕਿ ਜੋ ਸਭ ਦਾ ਆਧਾਰ ਔਰ ਮੂਲ ਰੂਪ ਵਾਹਿਗੁਰੂ ਹੈ, ਉਸ ਨੂੰ ਛੱਡ ਕੇ ਅਸੀਂ ਕਿਉਂ ਉਸ ਦੇ ਕੀਤੇ ਹੋਏ ਸੂਰਜ ਔਰ ਚੰਦ੍ਰਮਾ ਆਦਿਕ ਦੇ ਪਿਛੇ ਭਟਕਦੇ ਹਾਂ, ਔਰ ਜੀਉਂਦੇ ਬਜ਼ੁਰਗਾਂ ਦੀ ਸੇਵਾ ਤਿਆਗ ਕੇ ਕਿਉਂ ਬ੍ਰਿਥਾ ਤਰਪਣ ਦਾ ਪਾਣੀ ਦੇਵਤਿਆਂ ਅਤੇ ਪਿਤਰਾਂ ਨੂੰ ਪੁਚਾਉਣ ਦਾ ਯਤਨ ਕਰਦੇ ਹਾਂ ।

## (੭) ਸੂਤਕ ਪਾਤਕ

ਆਪ ਸੂਤਕ ਪਾਤਕ ਦੇ ਵਡੇ ਵਿਸ਼ਵਾਸੀ ਹੋ, ਏਥੋਂ ਤਾਈਂ ਕਿ ਪਰਦੇਸ ਵਿਚ ਭੀ ਸੂਤਕ ਜਾ ਚਿਮੜਦਾ ਹੈ, ਯਥਾ :

ਜਿਥੇ ਆਪਣੇ ਸੰਬੰਧੀ ਦਾ ਮਰਨਾ ਅਥਵਾ ਪੁਤ੍ਰ ਦਾ ਜਨਮ ਸੁਣੇ, ਉਸੇ ਵੇਲੇ ਕਪੜਿਆਂ ਸਮੇਤ ਪਾਣੀ ਵਿਚ ਗੋਤਾ ਮਾਰੇ ।[1]

(ਲਘੂ ਅਤ੍ਰਿ ਸੰਹਿਤਾ, ਅ. ੫)

ਪਰ ਸਤਿਗੁਰਾਂ ਨੇ ਏਸ ਭਰਮ ਰੂਪੀ ਭੂਤ ਨੂੰ ਸਿੱਖਾਂ ਵਿਚੋਂ ਕੱਢ ਦਿੱਤਾ ਹੈ, ਦੇਖੋ ! ਪ੍ਰਮਾਣ ਲਈ ਗੁਰਵਾਕ :

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੈ ਧੋਇ ॥
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ [1]ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥

---

[1]ਅੱਜ ਕੱਲ੍ਹ ਦੇ ਪੜ੍ਹੇ ਲਿਖੇ ਹਿੰਦੂ ਭਾਈ ਆਖਿਆ ਕਰਦੇ ਹਨ ਕਿ ਸੂਤਕ ਪਾਤਕ ਦਾ ਮਸਲਾ ਸਿਹਤ ਦੇ ਕਾਇਦੇ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ, ਪਰ ਉਨ੍ਹਾਂ ਦਾ ਇਹ ਕਹਿਣਾ ਸਹੀ ਨਹੀਂ । ਸੂਤਕ ਦੇ ਮੰਨਣ ਵਿਚ ਖਾਸ ਧਰਮ ਔਰ ਅਵਿਦਿਆ ਦਾ ਸੰਬੰਧ ਹੈ, ਕਿਉਂਕਿ ਜਿਸ ਆਦਮੀ ਨੂੰ ਪ੍ਰਸੂਤਾ ਇਸਤ੍ਰੀ ਦੀ ਮੈਲ ਨਹੀਂ ਲੱਗੀ ਔਰ ਮੁਰਦੇ ਨੂੰ ਨਹੀਂ ਛੁਹਿਆ, ਉਹ ਕੇਵਲ ਕੰਨਾਂ ਤੋਂ ਸੁਣਨ ਕਰਕੇ ਹੀ ਪ੍ਰਦੇਸ ਬੈਠਾ ਇਤਨਾ ਅਸ਼ੁੱਧ ਹੋ ਗਿਆ ਕਿ ਕਪੜਿਆਂ ਸਣੇ ਪਾਣੀ ਵਿਚ ਗੋਤੇ ਮਾਰਦਾ ਹੈ, ਇਸ ਨੂੰ ਵਹਿਮ ਤੋਂ ਛੁੱਟ ਅਸੀਂ ਹੋਰ ਕੀ ਆਖ ਸਕਦੇ ਹਾਂ ?

[2]ਚੁਗਲੀ ।

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥
(ਵਾਰ ਆਸਾ ਮ: ੧)

ਮਨ ਕਾ ਸੂਤਕੁ ਦੂਜਾ ਭਾਉ ॥
ਭਰਮੇ ਭੂਲੇ ਆਵਉ ਜਾਉ ॥ ੧ ॥
ਮਨਮੁਖਿ ਸੂਤਕੁ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥ ੧ ॥ ਰਹਾਉ ॥
ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥ ੨ ॥
ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥
ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥ ੩ ॥
ਸੂਤਕਿ ਕਰਮ ਨ ਪੂਜਾ ਹੋਇ ॥
ਨਾਮਿ ਰਤੇ ਮਨੁ ਨਿਰਮਲੁ ਹੋਇ ॥ ੪ ॥
ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ (ਗਉੜੀ ਮ: ੫)

ਜਲਿ ਹੈ ਸੂਤਕੁ ਥਲਿ ਹੈ ਸੂਤਕੁ, ਸੂਤਕਿ ਓਪਤਿ ਹੋਈ ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ [1]ਪਰਜ ਬਿਗੋਈ ॥੫॥
ਕਹੁ ਰੇ ਪੰਡੀਆ ਕਉਨ ਪਵੀਤਾ ॥
ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥
ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥
ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥੨॥
ਫਾਸਨ ਕੀ ਬਿਧਿ ਸਭੁ ਕੋਊ ਜਾਨੈ, ਛੂਟਨ ਕੀ ਇਕੁ ਕੋਈ ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ
ਸੂਤਕੁ ਤਿਨੈ ਨ ਹੋਈ ॥ ੩ ॥ ੪੧ ॥
(ਗਉੜੀ ਕਬੀਰ ਜੀ)

[1]ਪਰਜਾ । ਦੁਨੀਆ ।

## (੮) ਚੌਂਕਾ ਕਾਰ

ਆਪ ਚੌਂਕਾ ਕਾਰ ਆਦਿਕ ਦੀ ਬੜੀ ਪਾਬੰਧੀ ਰਖਦੇ ਹੋ, [1]ਵਸਤ੍ਰਾਂ ਸਣੇ ਭੋਜਨ ਖਾਣਾ, ਬੁਰਾ ਸਮਝਦੇ ਹੋ, ਛੂਤ ਛਾਤ ਦਾ ਹੱਦੋਂ ਵਧ ਕੇ ਭਰਮ ਕਰਦੇ ਹੋ, ਜੇਹਾ ਕਿ ਆਪ ਦੇ ਧਰਮ ਪੁਸਤਕਾਂ ਤੋਂ ਸਿੱਧ ਹੈ :

ਦੇਵਤੇ ਚੌਂਕੇ ਅਤੇ ਕਾਰ ਦੇ ਹੀ ਆਸਰੇ ਜੀਊਂਦੇ ਹਨ, ਜੇ ਗੋਹੇ ਦਾ ਚੌਂਕਾ ਪਾ ਕੇ ਕਾਰ ਨਾ ਕੱਢੀ ਜਾਵੇ ਤਾਂ ਰਾਖਸ਼ ਅੰਨ ਦਾ ਰਸ ਲੈ ਜਾਂਦੇ ਹਨ ।[2]
(ਲੰਘੁ ਅਤ੍ਰਿ ਸੰਹਿਤਾ, ਅ: ੫)

ਉਮਰ ਵਧਾਉਣੀ ਹੋਵੇ ਤਾਂ ਪੂਰਬ ਵਲ ਮੂੰਹ ਕਰ ਕੇ, ਯਸ ਵਾਸਤੇ ਦੱਖਣ, ਧਨ ਦੀ ਪ੍ਰਾਪਤੀ ਵਾਸਤੇ ਪੱਛਮ, ਔਰ ਸੱਚ ਦੀ ਪ੍ਰਾਪਤੀ ਵਾਸਤੇ ਉੱਤਰ ਵਲ ਮੂੰਹ ਕਰ ਕੇ ਭੋਜਨ ਕਰਨਾ [3]ਚਾਹੀਏ । (ਮਨੂ ਅ: ੨, ਸ: ੫੨)

ਜੋ ਕਪੜੇ ਨਾਲ ਸਿਰ ਢਕ ਕੇ, ਦੱਖਣ ਵਲ ਮੂੰਹ ਕਰ ਕੇ ਔਰ ਜੁੱਤੀ ਪਹਿਰਕੇ ਰੋਟੀ ਖਾਂਦਾ ਹੈ, ਓਸ ਦੇ ਭੋਜਨ ਨੂੰ ਰਾਖਸ਼ ਖਾ ਜਾਂਦੇ ਹਨ ।
(ਮਨੂ, ਅ: ੩, ਸ: ੨੩੧)

ਭੋਜਨ ਕਰਨ ਵੇਲੇ ਪੈਰ ਗਿੱਲੇ ਹੋਣੇ ਲੋੜੀਏ, ਵਸਤ੍ਰ ਨਾਲ ਪੂੰਝ ਕੇ ਖੁਸ਼ਕ ਕਰ ਲੈਣੇ ਮਹਾਂ ਪਾਪ ਹੈ । (ਲਘੁ ਅਤ੍ਰਿ ਸੰਹਿਤਾ, ਅ: ੫)

---

[1]ਸਿੱਖਾਂ ਵਿਚ ਭੀ ਪਵਿੱਤ੍ਰਤਾ ਦਾ ਖਿਆਲ ਪੂਰਾ ਹੈ, ਸਗੋਂ ਸੂਛਤਾ ਸਿੱਖ ਮਤ ਵਿਚ ਸਭ ਤੋਂ ਵਿਸ਼ੇਸ਼ ਹੈ, ਪਰ ਵਹਿਮੀ ਖਿਆਲਾਤ ਨਹੀਂ ਹਨ ।

[2]ਜੇ ਇਹ ਗੱਲ ਸੱਚ ਹੋਵੇ ਤਾਂ ਹਿੰਦੂਆਂ ਤੋਂ ਬਿਨਾਂ ਹੋਰ ਸਾਰੀਆਂ ਕੌਮਾਂ ਦੇ ਲੋਕ ਥੋੜੇ ਦਿਨਾਂ ਵਿਚ ਭੁੱਖ ਦੇ ਮਾਰੇ ਮਰ ਜਾਣ, ਔਰ ਖਾਧੇ ਹੋਏ ਅੰਨ ਦਾ ਕੁਝ ਭੀ ਆਧਾਰ ਨਾ ਹੋਵੇ, ਕਿਉਂਕਿ ਚੌਂਕੇ ਨਾ ਦੇਣ ਕਰਕੇ ਅੰਨ ਦਾ ਰਸ ਰਾਖਸ਼ ਲੈ ਜਾਂਦੇ ਹਨ, ਔਰ ਪਿਛੇ ਕੇਵਲ ਫੋਗ ਰਹਿ ਜਾਂਦਾ ਹੈ ।

[3]ਇਸ ਗੁਪਤ ਭੇਦ ਦੇ ਜਾਣੂ ਹੋਣ ਪਰ ਭੀ ਹਿੰਦੂ ਥੋੜੀ ਉਮਰ ਵਾਲੇ ਅਰ ਨਿਰਧਨ ਦੇਖੇ ਜਾਂਦੇ ਹਨ ।

ਖੱਬੇ ਹੱਥ ਨਾਲ ਖਾਣਾ ਸ਼ਰਾਬ ਪੀਣੇ ਤੁਲ ਹੈ।

(ਬ੍ਰਿਧ ਅਤ੍ਰਿ ਸੰਹਿਤਾ, ਅ: ੫)

ਜੇ [1]ਲੋਹੇ ਦੇ ਭਾਂਡੇ ਵਿਚ ਅੰਨ ਦਿਤਾ ਜਾਵੇ, ਤਾਂ ਅੰਨ ਵਿਸ਼ਟਾ ਤੁੱਲ ਹੁੰਦਾ ਹੈ ਔਰ ਖਾਣਾ ਨਰਕ ਨੂੰ ਜਾਂਦਾ ਹੈ। (ਅਤ੍ਰਿ ਸੰਹਿਤਾ)

ਜੇ ਬ੍ਰਾਹਮਣ ਦਰਖਤ ਪਰ ਕੜ੍ਹਿਆ ਹੋਇਆ ਫਲ ਖਾਂਦਾ ਹੋਵੇ ਔਰ ਦਰਖਤ ਦੀ ਜੜ੍ਹ ਨੂੰ ਚੰਡਾਲ ਛੁਹ ਦੇਵੇ, ਤਾਂ ਬ੍ਰਾਹਮਣ ਨੂੰ ਸ਼ੁੱਧੀ ਲਈ ਪ੍ਰਾਸ਼ਚਿਤ ਕਰਨਾ ਚਾਹੀਏ। (ਲਘੁ ਅਤ੍ਰਿ ਸੰਹਿਤਾ, ਅ: ੫)

ਲਸਨ, ਗਾਜਰ, ਗੱਠਾ, ਖੁੰਬ ਔਰ ਰੇਹ (ਖਾਦ) ਪਾ ਕੇ ਪੈਦਾ ਕੀਤਾ ਸਾਗ ਨਾ ਖਾਵੇ, ਦੇਵਤਾ ਨੂੰ ਚੜ੍ਹਾਏ ਬਿਨਾਂ ਮਾਸ ਨਾ ਖਾਵੇ, ਜੇ ਮਾਸ ਖਾਣਾ ਹੋਵੇ ਤਾਂ ਪਾਠੀਨ ਔਰ ਰੋਹੂ ਮੱਛੀ ਦਾ ਖਾਵੇ, ਹੋਰ ਮੱਛੀ ਨਾ ਖਾਵੇ। ਸੇਹ, ਗੋਹ, ਕੱਛੂ, ਸਹਾ ਔਰ ਊਂਟ ਬਿਨਾ ਸੰਕਾ ਖਾਵੇ। (ਇਤਿਆਦੀ)

(ਮਨੂ ਅ: ੫, ਸ: ੫ ਤੋਂ ੪੧)

ਗੁਰਮਤਿ ਵਿਚ ਚੌਂਕੇ ਔਰ ਕਾਰ ਸੰਬੰਧੀ ਇਹ ਬਚਨ ਹਨ :

ਦੇਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ, ਫੇੜ ਕਰੇਨਿ ॥
ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥[2] (ਵਾਰ ਆਸਾ ਮ. ੧)

[3]ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥ (ਮਾਰੂ ਵਾਰ ਮਹਲਾ ੩)

---

[1]ਸਾਡੇ ਮਤ ਵਿਚ ਸਰਬ ਲੋਹ ਸਭ ਧਾਤਾਂ ਤੋਂ ਉੱਤਮ ਧਾਤ ਹੈ, ਜਿਸ ਵਿਚ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ।

[2]ਜੇ ਮਨ ਵਿਚ ਸੱਚ ਹੋਵੇ, ਤਦ ਪਵਿੱਤ੍ਰਤਾ ਪ੍ਰਾਪਤ ਹੁੰਦੀ ਹੈ। ਇਸ ਬਿਨਾਂ ਸਭ ਜੂਠ ਹੈ।

[3]ਜੂਠੇ। [4]ਸੱਚਾ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
*ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ ॥*
ਨਾਨਕ ਅਗੈ [1]ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥
(ਵਾਰ ਸ੍ਰੀ ਰਾਗ ਮ: ੩)

ਬਿਨੁ ਨਾਵੈ ਸੂਤਕੁ ਜਗਿ ਛੋਤਿ ॥[2] (ਆਸਾ ਮਹਲਾ ੧)

ਕਹੁ ਪੰਡਿਤ ਸੂਚਾ ਕਵਨੁ ਠਾਉ ॥
ਜਹਾਂ ਬੈਸਿ ਹਉ ਭੋਜਨ ਖਾਉ ॥...
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥
(ਬਸੰਤੁ ਕਬੀਰ)

ਲੰਗਰ ਮੇਂ ਨਾ ਗੋਹਾ ਬਾਲੇ ਨ ਗੋਹੇ ਕਾ ਚੌਂਕਾ ਦੇਵੇ ॥[3]
(ਰਹਿਤਨਾਮਾ ਭਾਈ ਚੌਪਾ ਸਿੰਘ)

ਚਤੁਰ ਵਰਣ ਇਕ ਦੇਗ ਅਹਾਰਾ ।
ਇਕ ਸਮ ਸੇਵਹਿੰ ਧਰ ਉਰ ਪਯਾਰਾ ।
(ਗੁਰ ਪਰਤਾਪ ਸੂਰਯ, ਰਾਸਿ ੧, ਅ: ੪੩)

ਪ੍ਰਸਾਦਿ ਜਬ ਤਯਾਰ ਹੋਇ, ਏਕ ਜਗਹ ਅੱਛੀ ਬਨਾਇਕੈ ਸ਼ਤਰੰਜੀ ਕੰਬਲ, ਲਈ ਕਿਛ ਹੋਰ ਕਪੜਾ ਹੋਵੈ, ਬਿਛਾਏ, ਤਿਸ ਪਰ ਬੈਠ ਕੇ ਕਪੜਿਆਂ ਨਾਲ ਛਕੈ, ਚਉਂਕੇ ਕਾ ਭਰਮ ਨਾ ਕਰੇ, 'ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ

---

[1]ਉੱਤਮ (ਪਵਿੱਤ੍ਰ) ਉਹ ਆਦਮੀ ਹਨ, ਲੋਕਾਂ ਨੂੰ ਪਾਪਾਂ ਦਾ ਉਪਦੇਸ਼ ਨਹੀਂ ਦਿੰਦੇ। ਜੋ ਠੱਗੀ ਦਾ ਉਪਦੇਸ਼ ਦੇ ਕੇ ਲੁੱਟਣ ਦੀ ਕਰਦੇ ਹਨ, ਉਹ ਮਹਾਂ ਅਪਵਿਤ ਹਨ।

[2]ਛੂਤ ਛਾਤ। ਸਿੱਖਾਂ ਵਿਚ ਅਪਵਿੱਤ੍ਰਤਾ ਦੀ ਛੂਤ ਹੈ, ਕਿਸੇ ਜਾਤੀ ਦੀ ਛੂਤ ਨਹੀਂ।

[3]ਇਸ ਤੋਂ ਇਹ ਨਹੀਂ ਸਮਝਣਾ ਕਿ ਗ੍ਰਹਿਸਥੀ ਲੋਕ ਪਾਥੀਆਂ ਦਾ ਭੀ ਤਿਆਗ ਕਰ ਦੇਣ, ਸਿਧਾਂਤ ਇਹ ਹੈ ਕਿ ਧਾਰਮਿਕ ਰੀਤੀਆਂ ਲਈ ਜੋ ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਤਿਆਰ ਕੀਤਾ ਜਾਵੇ, ਉਸ ਸਮੇਂ ਲੰਗਰ ਵਿਚ ਗੋਬਰ ਦਾ ਪੂਰਨ ਤਿਆਗ ਚਾਹੀਏ।

ਰਿਜਕੁ ਸੰਬਾਹਿ" ਉਸ ਵਖਤ ਧਯਾਨ ਪਰਮ [1]ਗੁਰੂ ਕਾ ਕਰੈ। ਜੋ ਕੋਈ ਉਸ ਵੇਲੇ [2]ਤਲਬਦਾਰ ਆਵੈ ਤਾਂ ਉਸ ਨੂੰ ਆਦਰ ਨਾਲ ਖੁਲਾਵੈ, ਖੁਸ਼ੀ ਲੇਵੈ। ਖਟਕਰਮੀ ਜੋ ਕਹਿਤੇ ਹੈਂ ਕਿ ਅਮਕਾ ਅੰਨ ਖਾਈਏ, ਅਮਕਾ ਨਾ ਖਾਈਏ, ਸੋ ਸਭ ਭਰਮ ਹੈ। ਅੰਨ ਸਭ ਪਵਿਤ੍ਰ ਹੈ, ਇਕ ਇਹ ਖਾਣੇ ਵਾਲਾ ਅਪਵਿਤ੍ਰ ਹੈਂ। ਜੋ ਆਪਣੀ ਦੇਹੀ ਮਾਫਕ ਹੋਵੇ ਸੋ ਖਾਏ, ਪਰ ਗੁਰੂ ਤੋਂ ਵਿਮੁਖ ਔਰ ਹੰਕਾਰੀ ਦਾ ਅੰਨ ਨਾ ਖਾਏ।

(ਪ੍ਰੇਮ ਸੁਮਾਰਗ)

ਦਬਿਸਤਾਨਿ ਮਜ਼ਾਹਬ ਵਿਚ ਲਿਖਿਆ ਹੈ :

ਸਿੱਖਾਂ ਵਿਚ ਹਿੰਦੂਆਂ ਜੇਹਾ ਖਾਣ ਪੀਣ ਦਾ ਬੰਧਨ ਨਹੀਂ, ਇਕ ਵਾਰ ਪ੍ਰਤਾਪ ਮਲ [3]ਗਿਆਨੀ ਨੇ ਇਕ ਹਿੰਦੂ ਮੁੰਡੇ ਨੂੰ ਮੁਸਲਮਾਨ ਹੁੰਦਾ ਵੇਖ ਕੇ ਆਖਿਆ ਸੀ ਕਿ ਜੇ ਤੂੰ ਖਾਣ ਪੀਣ ਦੇ ਬੰਧਨ ਤੋਂ ਦੁਖੀ ਹੋ ਕੇ ਮੁਸਲਮਾਨ ਬਣਦਾ ਹੈਂ ਤਾਂ ਗੁਰੂ ਦਾ ਸਿੱਖ ਕਿਉਂ ਨਹੀਂ ਬਣ ਜਾਂਦਾ ?

ਗੁਰੂ ਸਾਹਿਬ ਨੇ ਇਕ ਸੂਤ੍ਰ ਵਿਚ ਹੀ ਖਾਣ ਪੀਣ ਦਾ ਝਗੜਾ ਮੁਕਾ ਦਿਤਾ ਹੈ, ਯਥਾ :

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥[4]

ਅਰਥਾਤ–ਉਹ ਖਾਣਾ ਨਾ ਖਾਓ ਜਿਸ ਨਾਲ ਸਰੀਰ ਨੂੰ ਪੀੜਾ ਹੋਵੇ ਅਤੇ ਮਨ ਵਿਕਾਰਾਂ ਵਿਚ ਪ੍ਰਵਿਰਤੇ।

---

[1]ਵਾਹਿਗੁਰੂ। [2]ਪ੍ਰਸ਼ਾਦ ਦੀ ਲੋੜ ਵਾਲਾ।

[3]ਇਹ ਵਾਸਤਵ ਵਿਚ ਗਿਆਨੀ ਨਹੀਂ ਸੀ, ਅੱਜ ਕਲ ਦੇ ਗੁਲਾਬਦਾਸੀਆਂ ਜੇਹੇ ਖਿਆਲਾਤ ਰੱਖਣ ਵਾਲਾ ਸੀ। ਅਸੀਂ ਉਸ ਦੇ ਕਥਨ ਦਾ ਕੇਵਲ ਸਿਧਾਂਤ ਗ੍ਰਹਿਣ ਕੀਤਾ ਹੈ ਕਿ ਉਸ ਵੇਲੇ ਸਿੱਖਾਂ ਦੇ ਖਾਨ ਪਾਨ ਬਾਬਤ ਪਬਲਿਕ ਦਾ ਕੀ ਖਿਆਲ ਸੀ।

[4]ਸਿਰੀ ਰਾਗ ਮਹਲਾ ੧।

## (੯) ਬ੍ਰਤ

ਆਪ ਦੇ ਮਤ ਵਿਚ ਏਕਾਦਸ਼ੀ, ਜਨਮ ਅਸ਼ਟਮੀ ਆਦਿਕ ਅਨੇਕ ਬ੍ਰਤ ਰੱਖਣੇ ਵਿਧਾਨ ਹਨ, ਪਰ ਸਿੱਖ ਧਰਮ ਦੀ ਇਨ੍ਹਾਂ ਕਰਮਾਂ ਬਾਬਤ ਇਹ *ਆਗਿਆ ਹੈ :*

ਅੰਨ ਨ ਖਾਹਿ ਦੇਹੀ ਦੁਖੁ ਦੀਜੈ ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥
(ਰਾਮਕਲੀ ਮਹਲਾ ੧)

ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨੁ ਭਇਆ ॥
(ਗਉੜੀ ਥਿਤੀ ਮਹਲਾ ੫)

ਵਰਤ ਨ ਰਹਉ ਨ ਮਹ [1]ਰਮਦਾਨਾ ॥
ਜਿਸੁ ਸੇਵੀ ਜੋ ਰਖੈ ਨਿਦਾਨਾ ॥ (ਭੈਰਉ ਮ: ੫)

ਨਉਮੀ ਨੇਮੁ ਸਚੁ ਜੇ ਕਰੈ ॥
ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ
ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ
ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ
ਹੋਰ ਬਹੁਤੁ ਸਿਖ ਕਿਆ ਦੀਜੈ ॥ (ਵਾਰ ਸਾਰੰਗ ਮ: ੩)

ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾਧਾਰੀ ॥
ਗੁਪਤੀ ਖਾਵਹਿ ਵਟਿਕਾ ਸਾਰੀ ॥੩॥
ਅੰਨੈ ਬਿਨਾ ਨ ਹੋਇ ਸੁਕਾਲੁ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥ (ਗੋਂਡ ਕਬੀਰ)

---

[1]ਨਾ ਰਮਜ਼ਾਨ ਦਾ ਮਹੀਨਾ (ਰੋਜ਼ੇ)।

ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਵਿੰਦ ਜਨ੍ਮਾਸੀ ॥ ੧ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥
ਕਰਿ ਪੰਜੀਰੁ ਖਵਾਇਓ ਚੋਰ ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥
ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥ (ਭੈਰਉ ਮ: ੫)

ਆਦਿਤ ਔ ਸੋਮ ਭੌਮ ਬੁਧਿਹੂ ਬ੍ਰਹਸਪਤੀ
ਸੁਕਰ ਸਨੀਚਰ ਸਾਤੋ ਬਾਰ ਬਾਂਟ ਲੀਨ ਹੈ ।
ਥਿਤ ਪੱਖ ਮਾਸ ਰੁੱਤ ਲੋਗਨ ਮੇਂ ਲੋਗਾਚਾਰ
ਏਕ ਏਕੰਕਾਰ ਕੋ ਨ ਕੋਊ ਦਿਨ ਦੀਨ ਹੈ ।
ਜਣਮ ਅਸ਼ਟਮੀ ਰਾਮਨੌਮੀ ਏਕਾਦਸੀ ਭਈ
ਦ੍ਵਦਸੀ ਚਤੁਰਦਸੀ ਜਨਮ ਏ ਕੀਨ ਹੈ ।
ਪਰਜਾ [1]ਉਪਾਰਜਨ ਕੋ ਨ ਕੋਊ ਪਾਵੈ ਦਿਨ
ਅਜੋਨੀ ਜਨਮ ਦਿਨ ਕੈਸੇ ਕਹੋਂ ਚੀਨ ਹੈ ।
ਜਾਂ ਕੋ ਨਾਮ ਹੈ ਅਜੋਨੀ ਕੈਸੇ ਕੈ ਜਨਮ ਲੇਤ
ਕਹਾ ਜਾਨ ਬ੍ਰਤ ਜਨਮਾ ਅਸ਼ਟਮੀ ਕੋ ਕੀਨੋ ਹੈ ।
ਜਾਂ ਕੋ ਜਗਜੀਵਨ ਅਕਾਲ ਅਬਿਨਾਸੀ ਨਾਮ
ਕੈਸੇ ਕੈ ਬਧਕ ਮਾਰਯੋ ਅਪਯਸ ਲੀਨੋ ਹੈ ।
ਨਿਰਮਲ ਨ੍ਰਿਦੋਖ ਮੋਖ ਪਦ ਜਾਂਕੈ ਨਾਮ ਹੋਤ
ਗੋਪੀਨਾਥ ਕੈਸੇ ਹ੍ਵੈ ਬਿਰਹੁ ਦੁਖ ਦੀਨੋ ਹੈ ।
ਪਾਹਨ ਕੀ ਪ੍ਰਤਮਾ ਕੋ ਅੰਧ ਕੰਧ ਹੈ ਪੁਜਾਰੀ
ਅੰਤਰ ਅਗਯਾਨ ਮਤਿ ਗਜਾਨ ਗੁਰ ਹੀਨੋ ਹੈ ।
(ਕ: ੪੮੫, ਭਾਈ ਗੁਰਦਾਸ)

ਪੂਜਾ ਵਰਤ ਉਪਾਰਣੇ ਵਰ ਸਰਾਪ ਸ਼ਿਵ ਸ਼ਕਤਿ ਲਵੇਰੇ ।

---

[1]ਪਰਜਾ ਉਤਪੰਨ ਕਰਨ ਵਾਲਾ (ਕਰਤਾਰ) ।

ਸਾਧ ਸੰਗਤਿ ਗੁਰ ਸਬਦ ਵਿਣੁ ਥਾਂਉ ਨ ਪ੍ਰਾਇਨਿ ਭਲੇ ਭਲੇਰੇ।
(ਭਾਈ ਗੁਰਦਾਸ ਵਾਰ ੫)

ਗੁਰੂ ਕਾ ਸਿੱਖ ਏਕਾਦਸ਼ੀ ਆਦਿਕ ਬਰਤ ਨਾ ਰੱਖੇ।
(ਰਹਿਤਨਾਮਾ ਭਾਈ ਦਯਾ ਸਿੰਘ ਦਾ)

ਸਿੱਖ ਇਹ ਬਰਤ ਰੱਖੇ—ਅੱਖੀਆਂ ਕਰ ਪਰਇਸਤ੍ਰੀ ਨਾ ਦੇਖੇ, ਜਿਹਵਾ ਕਰ ਮਿਥਯਾ ਨਾ ਬੋਲੇ, ਪੈਰਾ ਕਰ ਬੁਰੇ ਕਰਮ ਨੂੰ ਧਾਏ। (ਪ੍ਰੇਮ ਸੁਮਾਰਗ)

ਬ੍ਰਤ ਦੇ ਸੰਬੰਧ ਵਿਚ ਇਕ ਸਿੱਖ ਦੀ ਕਥਾ :

[1]ਜਨਮ ਅਸ਼ਟਮੀ ਕੋ ਦਿਨ ਆਵਾ।
ਸਗਲ ਨਗਰ ਨਰ ਬਰਤ ਰਖਾਵਾ।
ਨ੍ਰਿਪ ਕੀ ਆਗਯਾ ਪੁਰਿ ਮਹਿ ਹੋਈ।
"ਠਾਕਰ ਬਰਤ ਰਖੋ ਸਭ ਕੋਈ।
ਪ੍ਰਾਤ ਭਈ ਤੇ ਸਭ ਚਲਿ ਆਵਹੁ।
ਸਾਲਗ੍ਰਾਮ ਕੋ ਦਰਸ਼ਨ ਪਾਵਹੁ।
ਚਰਨਾਮ੍ਰਿਤ ਲੇ ਬਰਤ ਉਪਾਰਹੁ।
ਕ੍ਰਿਸ਼ਨ ਕ੍ਰਿਸ਼ਨ ਮੁਖ ਨਾਮ ਉਚਾਰਹੁ ॥"
ਯਥਾ ਯੋਗ ਕੀਨਸ ਨਰ ਸਭਹੂੰ।
ਗੁਰ ਕੇ ਸਿੱਖ ਨ ਮਾਨੀ ਤਬਹੂੰ।
ਨਹਿ ਬ੍ਰਤ ਕੀਨ, ਨ ਮੰਦਰ ਗਯੋ।
ਨਹਿ ਚਰਨਾਮ੍ਰਿਤ ਧਾਰਨ ਕਯੋ।
ਨਿਕਟਿ ਜਿ ਨਰ ਪਿਖਿ ਕਰ ਤਿਸ ਚਾਲੀ।
ਪੂਛਯੋ, "ਬਰਤ ਨ ਕੀਨਸ ਕਾਲੀ ?
ਆਜ ਨ ਗਮਨਯੋ ਠਾਕਰਦੁਾਰੇ ?
ਨਹਿ ਚਰਨਾਮ੍ਰਿਤ ਲੀਨ ਸਕਾਰੇ ?"
ਸੁਨ ਸਭ ਤੇ ਭਾਈ ਕਲਯਾਨਾ।
ਮਧੁਰ ਵਾਕ ਤਿਨ ਸੰਗ ਬਖਾਨਾ।

---

[1]ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਿੱਖ ਭਾਈ ਕਲਿਆਨਾ ਇਕ ਵਾਰ ਰਿਆਸਤ ਮੰਡੀ ਵਿਚ ਗਿਆ ਹੋਇਆ ਸੀ, ਓਥੇ ਉਸ ਨੂੰ ਕ੍ਰਿਸ਼ਨ ਜਨਮ ਅਸ਼ਟਮੀ (ਭਾਦੋਂ ਵਦੀ ੮) ਦਾ ਦਿਨ ਆ ਗਿਆ।

"ਪੁਰਖ ਜਾਗਤੋ [1]ਠਾਕੁਰ ਮੇਰੋ ।
ਜੋ ਬੋਲੈ ਸੁਖ ਦੇਤ ਘਨੇਰੋ ।
ਪਾਹਨ ਜੜ੍ਹ ਕੀ ਸੇਵਾ ਬਾਦ ।
ਖਾਇ ਨ ਬੋਲੈ, ਨਹਿ ਅਹਿਲਾਦ ।
ਤੁਮ ਕਬਿ ਕਬਿ ਬ੍ਰਤ ਧਾਰਨ ਕਰੋਂ ।
ਮਹਾਂ ਵਿਕਾਰਨ ਨਹਿੰ ਪਰਹਰੋਂ ।
ਹਮਰੇ ਗੁਰੁ ਕੇ ਸਿੱਖ ਹੈਂ ਜੇਈ ।
ਅਲਪ ਅਹਾਰ ਬ੍ਰਤੀ ਨਿਤ ਸੇਈ ।
ਕਾਮ ਕ੍ਰੋਧ ਕੋ ਸੰਜਮ ਸਦਾ ।
ਪ੍ਰਭੁ ਸਿਮਰਣ ਮੇਂ ਲਾਗਜੋ ਰਿਦਾ ।"
ਇਤਜਾਦਿਕ ਸੁਨ ਕੈ ਨਰ ਸਾਰੇ ।
ਹਸਹਿੰ ਪਰਸਪਰ ਤਰਕ ਉਚਾਰੇ ।
ਵਿਦਿਤ ਬਾਤ ਪੁਰ ਮੇਂ ਭੀ ਸਾਰੇ ।
ਮਹਿਪਾਲਕ ਢਿਗ ਜਾਇ ਉਚਾਰੇ :
"ਏਕ ਵਿਦੇਸੀ ਨਰ ਪੁਰ ਆਯੋ ।
ਹਿੰਦੂ [2]ਜਨਮ ਉਰ ਧਰਮ ਨ ਭਾਜੋ ।
ਸਾਲਗ੍ਰਾਮ ਕੋ ਤਰਕ ਕਰੰਤਾ ।
ਕਹਿ 'ਪਾਥਰ' ਬ੍ਰਤ ਨਹੀਂ ਧਰਤਾ ।"
ਇਤਜਾਦਿਕ ਨ੍ਰਿਪ ਸੁਨ ਕੇ ਕ੍ਰੋਧਾ ।
ਕਹਜੋ, "ਬੁਲਾਵਹੁ, ਕਜਾ ਤਿਸ ਬੋਧਾ ?"
ਇਕ ਨਰ ਆਇ ਹਕਾਰਯੋ ਤਾਂਹੀਂ ।
ਲੇਕਰ ਸੰਗ ਗਯੋ ਨ੍ਰਿਪ ਪਾਹੀਂ ।
ਸਿਖ ਮਹਿਪਾਲਕ ਰਿਸ ਕਰ ਕਹੈ :
"ਭੋ ਨਰ ! ਕੌਨ ਦੇਸ ਤੂੰ ਰਹੈਂ ?
ਕਿਸ ਗੁਰ ਕੇ ਤੁਹਿ ਕੋ ਉਪਦੇਸਾ ?
ਕੌਨ ਧਰਮ ਕੋ ਧਾਰਜੋ ਵੇਸਾ ?"

---

[1]ਸਤਿਗੁਰੁ ਜਾਗਤਾ ਹੈ ਦੇਵ ।।

[2]ਉਸ ਦਾ ਜਨਮ ਹਿੰਦੂ ਦੇ ਘਰ ਜਾਪਦਾ ਹੈ, ਪਰ ਉਸ ਨੂੰ ਹਿੰਦੂ ਧਰਮ ਨਹੀਂ ਭਾਉਂਦਾ ।

ਸੁਨ ਕੈ ਤਬ ਕਲਜਾਨਾ ਭਾਈ।
ਕਹੀ ਗਾਥ ਨ੍ਰਿਪ ਕੇ ਅਗਵਾਈ :
"ਸ੍ਰੀ ਨਾਨਕ ਜਗ ਵਿਦਿਤ ਵਿਸਾਲਾ।
ਤਿਨ ਗਾਦੀ ਊਪਰ ਇਸ ਕਾਲਾ।
ਸ੍ਰੀ ਗੁਰੁ ਅਰਜਨ ਪੂਰਨ ਅਹੈਂ।
ਤਿਨ ਕੇ ਸਿਖ ਹਮ ਵਾਂਛਿਤ ਲਹੈਂ।
ਦੂੰਹ ਲੋਕਨ ਸੁਖ ਦੈਂ ਉਪਦੇਸ਼।
ਤਿਨ ਕੀ ਬਾਨੀ ਪਾੜ੍ਹੈਂ ਹਮੇਸ਼।
ਯਾਂਤੇ ਹਮ ਪਾਹਨ ਨਹਿ ਮਾਨਹਿ।
ਦੇਖੈ ਸੁਨੇ ਨ ਖਾਇ ਬਖਾਨਹਿ।
ਕਜਾ ਪ੍ਰਸੰਨ ਹ੍ਵੈ ਤਿਸ ਦੇਨਾ ?
ਤਾਂਕੀ ਸੇਵ ਕਰੇ ਕਜਾ ਲੇਨਾ ?
ਜੋ ਸਭ ਜੀਵਨ ਕੋ ਹੈ ਜੀਵਾ।
ਜਿਸ ਅਲੰਬ ਚੇਤਨਤਾ ਥੀਵਾ।
ਸਗਰੇ ਜਗ ਕੋ ਜੋ ਨਿਤ ਦਾਤਾ।
ਸੋ ਤੁਮਨੇ ਪਾਹਨ ਕਰ ਜਾਤਾ।
ਜਿਮ ਅਵਨੀ ਸਭ ਕੋ ਸੁਲਤਾਨ।
ਤਿਸ ਕੋ ਮੂੜ੍ਹ ਕਰੈ ਸਨਮਾਨ।
ਘਾਸ ਡਸਾਇ ਬਸਾਵਨ ਕੀਆਂ।
'ਆਵੋ, ਇਹਾਂ ਬੈਠੀਏ [3]ਮੀਆਂ!'
ਤਿਮ ਤੁਮਰੋ ਮਤ ਕਰਹਿਂ ਵਿਚਾਰਨ।
ਪ੍ਰਭੁ ਕੋ ਪਾਹਨ ਕਰਹੁ ਉਚਾਰਨ।
ਰਹਜੋ ਜੁ ਰਮਿ ਜਲ ਥਲ ਮਹਿ ਰਾਮ।
ਇਤ ਉਤ ਦੂੰਹੁ ਲੋਕਨ ਬਿਸ੍ਰਾਮ।
ਸਰਬ ਚਰਾਚਰ ਮੇਂ ਰਹਿ ਬਜਾਪੇ।
ਤੀਨਹੂੰ ਕਾਲ ਵਿਖੇ ਥਿਰ ਆਪੇ।
ਤੀਨ ਲੋਕ ਪਤਿ ਮਹਿਦ ਮਹਾਨਾ।
ਅਪਰ ਨ ਪਈਅਤ ਜਾਸ ਸਮਾਨਾ।
ਲਘੁ ਪਾਹਨ ਮਹਿਂ ਕਲਪੋਂ ਸੋਈ।

---

[3]ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥

ਪ੍ਰਭੁ ਪ੍ਰਸੰਨ ਤੁਮ ਪਰ ਕਿਮ ਹੋਈ ?
ਜਾਗਤ ਪੁਰਖ ਸੁ ਗੁਰੂ ਹਮਾਰੋ ।
ਸਦਾ ਸਹਾਯਕ ਤਾਂਹਿ ਵਿਚਾਰੋ ।"

(ਗੁ: ਪ੍ਰ: ਸੂਰਯ ਰਾਸਿ ੨, ਅ: ੩੦)

## (੧੦) ਮਹੂਰਤ ਤਿਥਿ ਵਾਰ ਸਗਨ

ਆਪ ਮਹੂਰਤ ਸਗਨ ਤਿਥਿ ਔਰ ਵਾਰ ਆਦਿਕਾਂ ਦੇ ਵਿਸ੍ਵਾਸੀ ਹੋ ਕੇ ਕਈ ਪ੍ਰਕਾਰ ਦਾ ਚੰਗਾ ਮੰਦਾ ਫਲ ਮੰਨਦੇ ਹੋ, [1]ਪਰ ਸਿੱਖ ਧਰਮ ਵਿਚ ਇਨ੍ਹਾਂ ਭਰਮਾਂ ਦਾ ਤਿਆਗ ਹੈ :

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥

(ਸਿਰੀ ਰਾਗ ਮਹਲਾ ੫)

ਸਗਨ ਅਪਸਗਨ ਤਿਸ ਕਉ ਲਗਹਿ ਜਿਸ ਚੀਤ ਨ ਆਵੈ ॥

(ਆਸਾ ਮ: ੫)

ਪ੍ਰਭੂ ਹਮਾਰੈ ਸਾਸਤ੍ਰ ਸਉਣ ॥[2]
ਸੂਖ ਸਹਜ ਆਨਦ ਗ੍ਰਿਹ ਭਉਣ ॥[3] (ਭੈਰਉ ਮ: ੫)
ਨਾਮੁ ਹਮਾਰੈ ਸਉਣ ਸੰਜੋਗ ॥[4] (ਭੈਰਉ ਮ: ੫)

ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥
ਹਉਮੈ ਮੇਰਾ ਭਰਮੈ ਸੰਸਾਰ ॥
ਮਨਮੁਖੁ ਅੰਧਾ ਦੂਜੈ ਭਾਇ ॥
ਜਮ ਦਰਿ ਬਾਧਾ ਚੋਟਾ ਖਾਇ ॥
ਗੁਰਪਰਸਾਦੀ ਸਦਾ ਸੁਖੁ ਪਾਏ ॥

---

[1]ਜੋਤਿਸ਼ ਦੇ ਗ੍ਰੰਥ ਇਨ੍ਹਾਂ ਵਹਿਮਾਂ ਨਾਲ ਭਰੇ ਪਏ ਹਨ, ਜੇ ਕੋਈ ਉਨ੍ਹਾਂ ਅਨੁਸਾਰ ਆਪਣੇ ਵਿਵਹਾਰ ਕਰਨਾ ਚਾਹੇ ਤਾਂ ਇਕ ਦਿਨ ਭੀ ਸੁਖ ਨਾਲ ਸੰਸਾਰ ਪਰ ਜੀਵਨ ਨਹੀਂ ਬਿਤਾ ਸਕਦਾ । ਇਤਿਹਾਸ ਦੱਸ ਰਹੇ ਹਨ ਕਿ ਕਈ ਅਜੇਹੇ ਜੰਗ ਜੋ ਹਿੰਦੂ ਅਰ ਮੁਸਲਮਾਨਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਲੇ ਸਨ, ਇਨ੍ਹਾਂ ਮਹੂਰਤਾਂ ਨੇ ਹੀ ਮੁਸਲਮਾਨਾਂ ਨੂੰ ਜਿਤਾਏ, ਔਰ ਮਹੂਰਤੀਏ ਹੱਥ ਮਲਦੇ ਰਹਿ ਗਏ ।

[2]ਸ਼ਕੁਨ ਸ਼ਾਸਤ੍ਰ । [3]ਗ੍ਰਹਿ ਚੱਕਰ । [4]ਲਗਨ ।

ਸਚੁ ਕਰਣੀ ਸਾਚਿ ਲਿਵ ਲਾਏ ॥੮॥...
ਥਿਤੀ ਵਾਰ ਸਭਿ ਸਬਦਿ ਸੁਹਾਏ ॥
ਸਤਿਗੁਰੁ ਸੇਵੇ ਤਾ ਫਲੁ ਪਾਏ ॥
ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥
ਥਿਤੀ ਵਾਰ ਤਾ ਜਾ ਸਚਿ ਰਾਤੇ ॥
ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥
ਮਨਮੁਖਿ ਮਰਹਿ ਮਰਿ [1]ਬਿਗਤੀ ਜਾਹਿ ॥
ਏਕੁ ਨ ਚੇਤਹਿ ਦੂਜੈ ਲੋਭਾਹਿ ॥...
ਐਥੇ ਸੁਖੁ ਨ ਆਗੈ ਹੋਇ ॥
ਮਨਮੁਖ ਮੁਏ ਅਪਣਾ ਜਨਮੁ ਖੋਇ ॥
ਸਤਿਗੁਰੁ ਸੇਵੇ ਭਰਮੁ ਚੁਕਾਏ ॥
ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥
ਆਪੇ ਪੂਰਾ ਕਰੇ ਸੁ ਹੋਇ ॥
ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥
ਥਿਤੀ ਵਾਰ ਸੇਵਹਿ ਮੁਗਧਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥
ਇਕਤੁ ਨਾਮਿ ਸਦਾ ਰਹਿਆ ਸਮਾਇ ॥...
ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ ॥
ਕਾਮਣ ਟੂਣੇ ਆਉਸੀਆ ਕਣਸੋਈ ਪਾਸਾਰ ਪਾਸਾਰਾ ॥

---

[1]ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੋ ਲੋਕ ਕਹਿੰਦੇ ਹਨ ਕਿ ਇਸ ਤਿਥੀ ਵਿਚ ਮਰੇ ਤੋਂ ਮੁਕਤੀ ਹੁੰਦੀ ਹੈ ਔਰ ਇਸ ਤਿਥੀ ਵਿਚ ਅਪਗਤੀ, ਉਹ ਅਗਿਆਨੀ ਹਨ। ਜੋ ਵਾਹਿਗੁਰੂ ਤੋਂ ਵਿਮੁਖ ਹਨ, ਉਹੀ ਅਪਗਤੀ ਨੂੰ ਪ੍ਰਾਪਤ ਹੁੰਦੇ ਹਨ।

[2]ਅੰਨਮਤੀਆਂ ਨੇ ਏਥੋਂ ਤਾਈਂ ਦਲੇਰੀ ਕੀਤੀ ਹੈ ਕਿ ਤਿਥਿ ਵਾਰ ਦੇ ਫਲ ਨੂੰ ਖੰਡਨ ਕਰਨ ਵਾਲੇ ਗੁਰੂ ਅਮਰ ਦਾਸ ਜੀ ਦਾ ਹੀ ਨਾਉਂ ਲੈ ਕੇ "ਗੁਰੂ ਅਮਰ ਦਾਸ ਭਲੇ ਕਾ ਬੋਲਣਾ" ਪੋਥੀ ਲਿਖ ਮਾਰੀ ਹੈ, ਔਰ ਗੁਰਸਿੱਖਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਪੂਰਾ ਯਤਨ ਕੀਤਾ ਹੈ। ਉਨ੍ਹਾਂ ਸਿੱਖਾਂ ਨੂੰ ਭੀ ਬੁਧਿ ਦੇ ਵੈਰੀ ਆਖਣਾ ਲੋੜੀਏ ਜੋ ਗੁਰੂ ਗ੍ਰੰਥ ਸਾਹਿਬ ਵਿਚ ਤੀਜੇ ਸਤਿਗੁਰੂ ਦੇ ਇਹ ਬਚਨ ਪੜ੍ਹ ਕੇ ਫੇਰ ਪ੍ਰਪੰਚੀਆਂ ਦੀ ਬਣਾਈ ਹੋਈ ਪੋਥੀ ਪਰ ਭਰੋਸਾ ਕਰਦੇ ਹਨ।

ਗਦਹੁ ਕੁਤੇ, ਬਿਲੀਆਂ, ਇਲ ਮਲਾਲੀ ਗਿਦੜ ਛਾਰਾ ।
ਨਾਰਿ ਪੁਰਖੁ ਪਾਣੀ ਅਗਨਿ, ਛਿਕ ਪਦ ਹਿਡਕੀ ਵਰਤਾਰਾ ।
ਥਿਤਿ ਵਾਰ ਭਦ੍ਰਾ ਭਰਨ, ਦਿਸਾ ਸੂਲ ਸਹਸਾ ਸੰਸਾਰਾ ।
ਵਲ ਛਲ ਕਰਿ ਵਿਸਵਾਸ ਲੱਖ, ਬਹੁ ਚੁਖੀ ਕਿਉਂ ਰਵੈ ਭਤਾਰਾ ।
ਗੁਰਮੁਖਿ ਸੁਖ ਫਲ ਪਾਰ ਉਤਾਰਾ ॥੮॥

(ਭਾਈ ਗੁਰਦਾਸ, ਵਾਰ ੫)

ਸਜਾ ਖਬਾ ਸਉਣੁ ਨ ਮੰਨਿ ਵਸਾਇਆ ।
ਨਾਰਿ ਪੁਰਖ ਨੋ ਵੇਖਿ, ਨਾ ਪੈਰੁ ਹਟਾਇਆ ।
ਭਾਖ ਸੁਭਾਖ ਵੀਚਾਰਿ, ਨ ਛਿਕ ਮਨਾਇਆ ।
ਦੇਵੀ ਦੇਵ ਨ ਸੇਵ, ਨ ਪੂਜ ਕਰਾਇਆ ।
ਭੰਭਲਭੂਸੇ ਖਾਇ, ਨ ਮਨੁ ਭਰਮਾਇਆ ।
ਗੁਰਸਿਖ ਸਚਾ ਖੇਤੁ, ਬੀਜ ਫਲਾਇਆ ॥੮॥

(ਭਾਈ ਗੁਰਦਾਸ, ਵਾਰ ੨੦)

ਬੈਸਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ
ਗੀਤਾ ਭਗਵਤ ਸੰਤਾ [1]ਏਕਾਕੀ ਕਹਾਵਈ ॥
ਤੀਰਥ ਧਰਮ ਦੇਵਜਾਤ੍ਰਾ ਕੋ ਪੰਡਿਤ ਪੂਛ
ਕਰਤ ਗਵਨ ਸੋ ਮਹੂਰਤ ਸੋਧਾਵਈ ।
ਬਾਹਰ ਨਿਕਸ ਗਰਧਬ ਸ੍ਵਾਨ ਸਗਨ ਕੈ
ਸੰਕਾ ਉਪਰਾਜਤ ਬਹੁਰ ਘਰ ਆਵਈ ।
ਪਤਿਬ੍ਰਤ ਗਹਿ ਰਹਿ ਸਕਤ ਨ ਏਕ ਟੇਕ
ਦੁਬਿਧਾ ਅਛਤ ਨ ਪਰਮਪਦ ਪਾਵਈ ।
ਗੁਰਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ।
ਪੂਛਤ ਨ ਜੋਤਕ ਔ ਵੇਦ ਥਿਤ ਵਾਰ ਕਛੂ
ਗ੍ਰਿਹ ਔ ਨਛਤ੍ਰ ਕੀ ਨ ਸ਼ੰਕਾ ਉਰਿ ਧਾਰੀ ਹੈ ।
ਜਾਨਤ ਨ ਲਗਨ ਸਗਨ ਆਨ ਦੇਵ ਸੇਵ
ਸ਼ਬਦ ਸੁਰਤ ਲਿਵ ਨੇਹੁ ਨਿਰੰਕਾਰੀ ਹੈ ।

---

[1]ਅਨੰਨਜ । ਇਕ ਤੋਂ ਬਿਨਾਂ ਦੂਜੇ ਨੂੰ ਨਾ ਜਾਣਨ ਵਾਲਾ ।

ਸਿਖ ਸੰਤ ਬਾਲਕ ਸ੍ਰੀ ਗੁਰੂ ਪ੍ਰਿਤਿਪਾਲਕ ਹੈ
ਜੀਵਨ ਮੁਕਤਿ ਗਤ ਬ੍ਰਹਮ ਬੀਚਾਰੀ ਹੈ।
ਗੁਰਮੁਖ ਮਾਰਗ ਮੈਂ ਮਨਮੁਖ ਥਕਤ ਹੈ
ਲਗਨ ਸਗਨ ਮਾਨੈ, ਕੈਸੇ ਮਨ ਮਾਨੀਐ ॥

(ਕ: ਭਾਈ ਗੁਰਦਾਸ ਜੀ)

ਸਿਖ ਅਨੰਨਯ ਪੰਡਿਤ ! ਦਿਖ ਐਸੇ[1] ।
ਗ੍ਰਹਿ ਤਿਥਿ ਵਾਰ ਨ ਮਾਨਹਿ ਕੈਸੇ ।
ਏਕ ਭਰੋਸਾ ਪ੍ਰਭੁ ਕਾ ਪਾਏ,
ਤਯਾਗ ਲਗਨ[2] ਅਰਦਾਸ ਕਰਾਏ ।

(ਗੁਰ ਬਿਲਾਸ)

ਭਾਈ ਨੰਦ ਲਾਲ ਸਾਹਿਬ ਤੌਸੀਫ਼ਸਨਾ ਵਿਚ ਲਿਖਦੇ ਹਨ ਕਿ ਜਗਤ ਸੁਧਾਰਕ ਗੁਰੂ ਨਾਨਕ ਦੇਵ ਅਵਿਦਿਆ ਭਰਮ ਔਰ ਵਹਿਮਾ ਦੇ ਵਿਰੋਧੀ ਹਨ, ਯਥਾ :

ਜ਼ਿੱਦੁਲ ਗ਼ਰੀਕਨੁਲ ਬਹਾਰਿਲ ਰਸੂਮਾਤ ਵਲ ਆਦਾਤ ।
ਮੁਅੱਫ਼ਿਖਲ ਸ਼ਿਨਾਵਰੂਨੁਲ ਸ਼ਿਵਾਤਿਲ ਖਯੂਲ ਵਲ ਵਾਹਿਮਾਤ ।

ਅਰਥਾਤ—ਜੋ ਲੋਕ ਭਰਮ ਸੰਬੰਧੀ ਰਿਵਾਜ ਔਰ ਰਸਮਾਂ ਦੇ ਸਮੁੰਦਰ ਵਿਚ ਡੁਬੇ ਹੋਏ ਹਨ, ਗੁਰੂ ਸਾਹਿਬ ਉਹਨਾਂ ਦੇ ਵਿਰੁਧ ਹਨ ਔਰ ਜੋ ਵਹਿਮੀ ਖਿਆਲਾਂ ਦੇ ਸਮੁੰਦਰ ਤੋਂ ਤਰ ਕੇ ਪਾਰ ਹੋਣ ਵਾਲੇ ਹਨ, ਉਨ੍ਹਾਂ ਦੇ ਅਨੁਸਾਰੀ ਹਨ ।

---

[1]ਗੁਰੂ ਸਾਹਿਬ ਨੇ ਫੁਰਮਾਇਆ ਕਿ, ਹੇ ਪੰਡਿਤ ਦੇਖ ! ਗੁਰੂ ਦੇ ਸਿੱਖ ਕੇਹੇ ਅਨੰਨਯ ਹਨ ।

[2]ਆਪੇ ਜਾਣੈ ਕਰੈ ਆਪ ਆਪੈ ਆਣੈ ਰਾਸ ॥
ਤਿਸੈ ਆਗੈ ਨਾਨਕਾ ਖਲਿਇ ਕੀਚੈ ਅਰਦਾਸ ॥

(ਮਾਰੂ ਵਾਰ ਮਹਲਾ ੨)

ਸਿੱਖ ਧਰਮ ਵਿਚ ਸਭ ਕਾਰਜਾਂ ਦੇ ਅਰੰਭ ਵਿਚ ਵਾਹਿਗੁਰੂ ਅੱਗੇ ਅਰਦਾਸ (ਬੇਨਤੀ) ਕਰਨੀ ਹੀ ਵਿਧਾਨ ਹੈ, ਹੋਰ ਕੋਈ ਮਹੂਰਤ ਔਰ ਲਗਨ ਸ਼ਗਨ ਦਾ ਵਿਚਾਰ ਨਹੀਂ ਹੈ ।

## (੧੧) ਪ੍ਰੇਤਕ੍ਰਿਯਾ ਸ਼੍ਰਾਧ ਤੀਰਥ

ਆਪ ਪ੍ਰੇਤਕ੍ਰਿਯਾ[1] ਦ੍ਵਾਰਾ ਗਯਾ ਆਦਿਕ ਤੀਰਥਾਂ ਪਰ ਪਿੰਡ ਦਾਨ ਦੇਣ ਕਰ ਕੇ ਜੀਵ ਦੀ ਗਤੀ ਮੰਨਦੇ ਹੋ, ਔਰ ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਸ਼੍ਰਾਧ ਕਰਾਉਂਦੇ ਹੋ, ਔਰ ਇਸ ਵਿਸ਼ਯ ਆਪ ਦੇ ਧਰਮ ਪੁਸਤਕ ਦਾ ਏਹ ਕਥਨ ਹੈ :

ਸ਼੍ਰਾਧਾਂ ਦੇ ਦਿਨਾਂ ਵਿਚ ਪਿਤਰਪੁਰੀ ਖਾਲੀ ਹੋ ਜਾਂਦੀ ਹੈ, ਸਾਰੇ ਪਿਤਰ ਸ਼੍ਰਾਧ ਦਾ ਅੰਨ ਖਾਣ ਲਈ ਮਾਤ ਲੋਕ ਵਿਚ ਭੱਜ ਕੇ ਆ ਜਾਂਦੇ ਹਨ, ਜੇ ਉਹਨਾਂ ਨੂੰ ਨਾ ਖਵਾਇਆ ਜਾਵੇ ਤਾਂ ਸਰਾਪ ਦੇ ਕੇ ਚਲੇ ਜਾਂਦੇ ਹਨ। ਸ਼੍ਰਾਧ ਕਰਾਉਣ ਜੇਹਾ ਹੋਰ ਕੋਈ ਪੁੰਨ ਨਹੀਂ। ਸੁਮੇਰੁ ਪਰਬਤ ਜਿੰਨੇ ਭਾਰੀ ਪਾਪ ਕੀਤੇ ਹੋਏ ਸ਼੍ਰਾਧ ਕਰਨ ਕਰ ਕੇ ਤੁਰਤ ਨਾਸ ਹੋ ਜਾਂਦੇ ਹਨ। ਸ਼੍ਰਾਧ ਕਰ ਕੇ ਹੀ ਆਦਮੀ ਸ੍ਵਰਗ ਨੂੰ ਪ੍ਰਾਪਤ ਹੁੰਦਾ ਹੈ। (ਅਤ੍ਰਿ ਸੰਹਿਤਾ)

ਸ਼੍ਰਾਧ ਕਰਨ ਤੋਂ ਪਹਿਲਾਂ ਅੱਗ ਵਿਚ ਹੋਮ ਕਰੇ, ਜੇ ਅੱਗ ਨਾ ਹੋਵੇ ਤਾਂ

---

[1]ਹਿੰਦੂ ਮਤ ਵਿਚ ਇਹ ਮੰਨਿਆ ਗਿਆ ਹੈ ਕਿ ਪ੍ਰੇਤ ਕ੍ਰਿਆ ਕਰਵਾਏ ਬਿਨਾਂ ਪ੍ਰਾਣੀ ਦੀ ਗਤੀ ਨਹੀਂ ਹੁੰਦੀ, ਚਾਹੇ ਆਪਣੀ ਜ਼ਿੰਦਗੀ ਵਿਚ ਜੀਵ ਅਨੇਕ ਸ਼ੁਭ ਕਰਮ ਕਰੇ ਪਰ ਉਸ ਦੇ ਮਰੇ ਪਿਛੋਂ ਜੇ ਸੰਬੰਧੀਆਂ ਦਵਾਰਾ ਪ੍ਰੇਤ ਕਿਰਿਆ ਨਾ ਹੋਵੇ ਤਾਂ ਪ੍ਰਾਣੀ ਦੀ ਦੁਰਗਤ ਹੁੰਦੀ ਹੈ।

(ਦੇਖੋ ! ਗਰੜ ਪੁਰਾਣ, ਅ: ੭, ਸ: ੧੧ ਤੋਂ ੪੧)

ਏਸੇ ਬਾਤ ਨੂੰ ਮੁਖ ਰਖ ਕੇ ਮਨੂ, ਪੁਤ੍ਰ ਦਾ ਅਰਥ ਇਸ ਤਰ੍ਹਾਂ ਕਰਦਾ ਹੈ :
'ਪੁੰ' ਨਾਮ ਨਰਕ ਤੋਂ ਜੋ ਪਿਤਾ ਨੂੰ ਬਚਾਵੇ, ਉਸ ਨੂੰ ਪੁਤ੍ਰ ਕਹੀਦਾ ਹੈ।
(ਦੇਖੋ ! ਮਨੂ, ਅ: ੯, ਸ: ੧੩੮)

ਮਨੂ ਜੀ ਹੋਰ ਉਚਰਦੇ ਹਨ :

"ਪੁਤ੍ਰ ਹੋਣ ਕਰਕੇ ਪਿਤਾ ਸਵਰਗ ਨੂੰ ਪ੍ਰਾਪਤ ਹੁੰਦਾ ਹੈ, ਪੋਤਾ ਹੋਣ ਕਰਕੇ ਦੇਰ ਤਾਈਂ ਸਵਰਗ ਵਿਚ ਰਹਿੰਦਾ ਹੈ, ਔਰ ਪੜੋਤਾ ਜੰਮੇ ਤੋਂ ਸੂਰਯ ਲੋਕ ਵਿਚ ਜਾ ਪਹੁੰਚਦਾ ਹੈ।" (ਦੇਖੋ ! ਮਨੂ, ਅ: ੯, ਸ: ੧੩੭)

ਬ੍ਰਾਹਮਣ ਦੇ ਹੱਥ ਪਰ ਹੋਮ ਕਰੇ, ਕਿਉਂਕਿ ਬ੍ਰਾਹਮਣ ਅਤੇ ਅਗਨੀ ਇਕੋ ਰੂਪ ਹਨ।[1]

(ਮਨੂ ਅ: ੪, ਸ: ੨੧੨)

ਸ੍ਰਾਧ ਵਿਚ ਜੋ ਪਿਤਰਾਂ ਵਾਸਤੇ ਤਿਲ, ਚਾਉਲ, ਜੌਂ, ਮਾਂਹ ਔਰ ਸਾਗ ਤਰਕਾਰੀ ਦਿੱਤੀ ਜਾਵੇ, ਤਾਂ ਪਿਤਰ ਇਕ ਮਹੀਨਾ ਰੱਜੇ ਰਹਿੰਦੇ ਹਨ, ਮੱਛੀ ਦੇ ਮਾਸ ਨਾਲ ਦੋ ਮਹੀਨੇ, ਹਰਣ ਦੇ ਮਾਸ ਨਾਲ ਤਿੰਨ ਮਹੀਨੇ, ਮੀਢੇ ਦੇ ਮਾਸ ਨਾਲ ਚਾਰ ਮਹੀਨੇ, ਪੰਛੀਆਂ ਦੇ ਮਾਸ ਕਰ ਕੇ ਪੰਜ ਮਹੀਨੇ, ਬੱਕਰੇ ਦੇ ਮਾਸ ਨਾਲ ਛੀ ਮਹੀਨੇ, ਚਿੱਤਲ ਦੇ ਮਾਸ ਕਰ ਕੇ ਸੱਤ ਮਹੀਨੇ, ਚਿੰਕਾਰੇ ਦੇ ਮਾਸ ਨਾਲ ਅੱਠ ਮਹੀਨੇ, ਲਾਲ ਮ੍ਰਿਗ ਦੇ ਮਾਸ ਕਰ ਕੇ ਨੌਂ ਮਹੀਨੇ, ਝੋਟੇ ਅਤੇ ਸੂਰ ਦੇ ਮਾਸ ਨਾਲ ਦਸ ਮਹੀਨੇ, ਕੱਛੂ ਔਰ ਸਹੇ ਦਾ ਮਾਸ ਦੇਣ ਕਰ ਕੇ ਪਿਤਰ ਗਿਆਰਾਂ ਮਹੀਨੇ ਰੱਜੇ ਰਹਿੰਦੇ ਹਨ। (ਇਤਿਆਦਿ)

(ਮਨੂ, ਅ. ੩, ਸ: ੨੬੭-੨੭੦ ਔਰ ਵਿਸ਼ਨੂ ਸਿਮ੍ਰਤੀ, ਅ: ੮੦)

ਜਿਸ ਬ੍ਰਾਹਮਣ ਦੇ ਵੈਸ਼ਨਵ ਮਤ ਦਾ ਤਿਲਕ ਨਾ ਹੋਵੇ, ਜੇ ਉਸ ਨੂੰ ਸ੍ਰਾਧ ਵਿਚ ਭੋਜਨ ਦਿਤਾ ਜਾਵੇ, ਤਾਂ ਸ੍ਰਾਧ ਕਰਾਉਣ ਵਾਲੇ ਦੇ ਪਿਤਰ ਨਿਰਸੰਦੇਹ ਵਿਸ਼ਟਾ ਔਰ ਮੂਤ ਖਾਂਦੇ ਪੀਂਦੇ ਹਨ।

(ਵ੍ਰਿਧ ਹਾਰੀਤ ਸੰਹਿਤਾ, ਅ: ੨)

ਗੁਰਮਤਿ ਵਿਚ ਉੱਪਰ ਲਿਖੇ ਭਰਮਾਂ ਤੋਂ ਵਿਰੁਧ ਗੁਰੂ ਸਾਹਿਬ ਨੇ ਸਤ ਉਪਦੇਸ਼ ਇਸ ਪ੍ਰਕਾਰ ਕਥਨ ਕੀਤਾ :

[2]ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥

---

[1]ਮਨੂ ਜੀ ਨੇ ਇਹ ਗੱਲ ਨਹੀਂ ਦੱਸੀ ਕਿ ਜੇ ਅੱਗ ਨਾ ਹੋਵੇ ਤਾਂ ਬ੍ਰਾਹਮਣ ਦੇ ਹੱਥ ਪਰ ਤਵਾ ਰੱਖ ਕੇ ਰੋਟੀ ਪਕਾ ਲਵੇ।

ਇਕ ਵਿਦਵਾਨ ਮਨੂ ਦੇ ਇਸ ਲੇਖ ਦਾ ਇਹ ਭਾਵ ਕੱਢਦਾ ਹੈ ਕਿ ਭਾਰਤਵਰਸ਼ ਰਾਜ ਪ੍ਰਤਾਪ ਔਰ ਵਿਦਿਆ ਬਲ ਆਦਿਕ ਸ੍ਵਾਹਾ ਸ੍ਵਾਹਾ ਕਹਿ ਕੇ ਸੁਆਹ ਕਰਨ ਲਈ ਜ਼ਰੂਰ ਜਾਤੀ ਅਭਿਮਾਨੀ ਬ੍ਰਾਹਮਣ ਅਤੇ ਅੱਗ ਇਕ ਰੂਪ ਹਨ।

[2]ਸ੍ਰੀ ਗੁਰੂ ਨਾਨਕ ਸਾਹਿਬ ਲੋਕਾਂ ਦਾ ਉਧਾਰ ਕਰਦੇ ਹੋਏ ਜਦੋਂ ਗਯਾ ਤੀਰਥ ਪਰ ਗਏ ਹਨ, ਉਸ ਵੇਲੇ ਇਹ ਸ਼ਬਦ ਉਚਾਰਨ ਕੀਤਾ ਹੈ। ਇਹ ਪ੍ਰਸੰਗ ਜਨਮ ਸਾਖੀ ਵਿਚ ਇਸ ਤਰ੍ਹਾਂ ਹੈ :

"ਗਯਾ ਦੇ ਪੰਡਤਾਂ ਕਹਿਆ, ਤੁਸੀਂ ਭੀ ਆਪਣੇ ਪਿਤਰਾਂ ਦਾ ਉਧਾਰ ਕਰੋ,—

ਉਨਿ ਚਾਨਣਿ ਓਹੁ ਸੋਧਿਆ ਚੂਕਾ ਜਮ ਸਿਉ ਮੇਲੁ ॥੨॥
ਲੋਕਾ ਮਤ ਕੋ [1]ਫਕੜਿ ਪਾਇ ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥
ਇਕ [2]ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ[3] ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ (ਆਸਾ ਮਃ ੧)

ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ । (ਵਾਰ ਮਾਝ, ਮਹਲਾ ੧)

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥
(ਵਾਰ ਆਸਾ, ਮਹਲਾ ੧)

ਗਿਆਨੀ ਏਥੈ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥
ਨਾਨਕ ਐਥੇ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥
(ਰਾਗ ਬਿਹਾਗੜਾ, ਮਹਲਾ ੪)

---

←ਤਾਂ ਬਾਬੇ ਨੇ ਕਹਿਆ, ਅਸਾਂ ਆਪਣੇ ਪਿਤਰਾਂ ਦਾ ਤੇ ਆਪਣਾ ਤੇ ਆਪਣੇ ਜਗਿਆਸੂਆਂ ਦਾ ਤੇ ਉਨ੍ਹਾਂ ਦੇ ਪਿੱਤਰਾਂ ਦਾ ਉਧਾਰ ਕਰ ਛਡਿਆ ਹੈ, ਐਸੀ ਕਿਰਿਆ ਕਰਮ, ਦੀਵਾ, ਪਿੰਡ, ਪਤਲ ਕੀਤੀ ਹੈ ਜੋ ਅਗਿਆਨ ਦਾ ਅੰਧੇਰਾ ਦੂਰ ਕਰ ਛਡਿਆ ਹੈ, ਤਾਂ ਗੁਰੂ ਬਾਬਾ ਜੀ ਨੇ ਰਾਗ ਆਸਾ ਵਿਚ ਸ਼ਬਦ ਕਹਿਆ।"

[1]ਹੇ ਲੋਕੋ ਅਗਿਆਨ ਦੇ ਕਰਮ ਜੋ ਪਖੰਡ ਜਾਲ ਹਨ, ਉਨ੍ਹਾਂ ਵਿਚ ਪੈ ਕੇ ਭੰਡੀ ਨਾ ਪਾਓ।

[2]ਇਕ ਪਿੰਡ ਦੇਵਤਿਆਂ ਵਾਸਤੇ ਦੇਣਾ ਆਖਿਆ ਜਾਂਦਾ ਹੈ, ਦੂਜਾ ਪਿਤਰਾਂ ਨੂੰ ਦਿੱਤਾ ਜਾਂਦਾ ਹੈ, ਪਰ ਮਿਲਦਾ ਦੋਹਾਂ ਨੂੰ ਨਹੀਂ, ਬ੍ਰਾਹਮਣ ਆਪ ਹੀ ਵੱਟ ਕੇ ਸਭ ਸਾਮਗ੍ਰੀ ਖਾ ਪੀ ਜਾਂਦਾ ਹੈ।

[3]ਜੌਂ ਦੇ ਆਟੇ ਆਦਿ ਦਾ ਪਿੰਨਾ ਜੋ ਪਿਤਰਾਂ ਨਮਿਤ ਦਿਤਾ ਜਾਂਦਾ ਹੈ।

[1]ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥
ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥
(ਗਉੜੀ ਕਬੀਰ)

ਇਹੁ ਮਨੁ ਮੈਲਾ ਇਕੁ ਨ ਧਿਆਏ ॥
ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ॥
ਹੋਰੁ ਵਧੇਰੇ ਹਉਮੈ ਮਲੁ ਲਾਵਣਿਆ ॥ (ਮਾਝ ਮ: ੩)

ਤੀਰਥ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
(ਵਾਰ ਮਾਝ, ਮਹਲਾ ੪)

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ [2]ਫੈਲੁ ॥ (ਰਾਮਕਲੀ ਮਹਲਾ ੫)

ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟ ॥
ਬਿਨੁ ਹਰਿਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ ॥
(ਮਾਲੀ ਗਉੜੀ, ਮਹਲਾ ੪)

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥... (ਧਨਾਸਰੀ, ਮ: ੧)
[3]ਗੁਰੁ ਦਰੀਆਉ ਸਦਾ ਜਲੁ ਨਿਰਮਲੁ

---

[1]ਮਾਤਾ ਪਿਤਾ ਔਰ ਬਜ਼ੁਰਗਾਂ ਦਾ ਸੇਵਨ ਔਰ ਸਨਮਾਨ ਕਰਨਾ ਸਿੱਖ ਧਰਮ ਵਿਚ ਸ੍ਰਾਧ ਹੈ—ਮਰਿਆਂ ਨੂੰ ਪਹੁੰਚਾਉਣਾ ਅਗਿਆਨ ਹੈ ।

ਜੋ ਸਿੱਖ ਹਿੰਦੂਆਂ ਦੀ ਨਕਲ ਕਰਕੇ ਸ੍ਰਾਧ ਕਰਦੇ ਹਨ ਔਰ ਉਸ ਨੂੰ ਗੁਰਰੀਤੀ ਅਨੁਸਾਰ ਸ੍ਰਾਧ ਕਰਨਾ ਦਸਦੇ ਹਨ, ਉਹ ਅਗਿਆਨੀ ਹਨ ।

[2]ਹਉਮੈ ਦੇ ਕਰਮ (ਫੇਅਲ) ਹਨ ।

[3]ਗੁਰ ਦਰੀਆਓ ਦਾ ਅਰਥ ਸਮਝੇ ਬਿਨਾਂ ਕਈ ਸਿੱਖ ਖੂਹ ਵਿਚ ਕਿਰਮ ਪੈਦਾ ਕਰਨ ਲਈ ਔਰ ਥੰਧਿਆਈ ਨਾਲ ਲੋਕਾਂ ਨੂੰ ਖੰਘ ਦਾ ਰੋਗ ਚਿਮੇੜਨ ਵਾਸਤੇ ਕੜਾਹ ਪ੍ਰਸ਼ਾਦ ਲੈ ਕੇ ਨੱਠਦੇ ਹਨ । ਹੇ ਵਾਹਿਗੁਰੂ ! ਸੁਮਤਿ ਬਖਸ਼ੋ ਕਿ ਇਨ੍ਹਾਂ ਦੀਆਂ ਅਜੇਹੀਆਂ ਭੈੜੀਆਂ ਵਾਦੀਆਂ ਹਟ ਜਾਣ, ਅਰ ਗੁਰ ਸ਼ਬਦਾਂ ਦਾ ਯਥਾਰਥ ਅਰਥ ਸਮਝ ਕੇ ਅਵਿਦਿਆ ਬੰਧਨਾਂ ਤੋਂ ਛੁਟਕਾਰਾ ਪਾਉਣ ।

ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥
(ਪ੍ਰਭਾਤੀ ਮਹਲਾ ੧)

ਅਨੇਕ ਤੀਰਥ ਜੇ ਜਤਨ ਕਰੈ
ਤਾਂ ਅੰਤਰ ਕੀ ਹਉਮੈ ਕਦੇ ਨ ਜਾਇ ॥ (ਗੂਜਰੀ ਮਹਲਾ ੩)

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥
(ਵਡਹੰਸ ਮਹਲਾ ੩)

ਸਚਾ ਤੀਰਥੁ ਜਿਤੁ ਸਤਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
(ਸੂਹੀ ਮਹਲਾ ੩)

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥
(ਆਸਾ ਕਬੀਰ)

ਗੰਗ ਬਨਾਰਸ ਹਿੰਦੂਆਂ ਮੁਸਲਮਾਣਾ ਮਕਾ ਕਾਬਾ ।
ਘਰਿ ਘਰਿ ਬਾਬਾ [1]ਗਾਵੀਐ ਵਜਨਿ ਤਾਲੁ ਮ੍ਰਿਦੰਗ ਰਬਾਬਾ ।
(ਭਾਈ ਗੁਰਦਾਸ ਜੀ)

ਸੁਰਸਰੀ ਸੁਰਸਤੀ ਜਮਨਾ ਔ ਗੋਦਾਵਰੀ
ਗਯਾ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ ।
ਕਾਸ਼ੀ ਕਾਂਤੀ ਦ੍ਵਾਰਾਵੰਤੀ ਮਾਯਾ ਮਥੁਰਾ ਅਜੁਧਯਾ
ਗੋਮਤੀ ਅੰਵਤਕਾ ਕਿਦਾਰ ਹਿਮਧਰ ਹੈ ।
ਨਰਬਦਾ ਬਿਧਿ ਬਨ ਦੇਵਸਥਲ ਕਵੀਲਸ
ਨੀਲ ਮੰਦ੍ਰਾਚਲ ਸੁਮੇਰ ਗਿਰਵਰ ਹੈ ।
ਤੀਰਥ ਅਰਥ ਸਤ ਧਰਮ ਦਯਾ ਸੰਤੋਖ
ਸ੍ਰੀ ਗੁਰੁ ਚਰਨ ਰਜ ਤੁਲ ਨ ਸਗਰ ਹੈ ।
(ਭਾਈ ਗੁਰਦਾਸ ਜੀ)

ਭਾਈ ਨੰਦ ਲਾਲ ਸਾਹਿਬ ਕਥਨ ਕਰਦੇ ਹਨ :

---

[1]ਗੁਰ ਸਿੱਖਾਂ ਲਈ "ਹਰਿ ਕੀਰਤਨ" ਐਸਾ ਹੈ ਜੈਸਾ ਹਿੰਦੂਆਂ ਔਰ ਮੁਸਲਮਾਨਾਂ ਨੂੰ ਗੰਗਾ ਔਰ ਕਾਬਾ ਹੈ ।

ਤਹਿਰੇ ਗੰਗ ਅਜ਼ ਗੁਬਾਰੇ ਪਾਏ ਸ਼ਾਂ ।
ਸ਼ਸਤੋ ਹਸ਼ਤ ਅਜ਼ ਨਮੇ ਹਵਾਏ ਸ਼ਾਂ ।

ਅਰਥਾਤ—ਗੰਗਾ ਦੀ ਪਵਿੱਤ੍ਰਤਾ ਉਨ੍ਹਾਂ ਦੇ ਚਰਨਾਂ ਦੀ ਬਰਕਤ ਕਰਕੇ ਹੈ, ਔਰ ਅਠਾਹਠ ਤੀਰਥ ਉਨ੍ਹਾਂ ਦੇ ਬੱਦਲ ਦੀ ਇਕ ਬੂੰਦ ਹਨ ।

ਹਿੰਦੂ—ਜੇ ਆਪ ਦੇ ਮਤ ਵਿਚ ਸ਼੍ਰਾਧ ਨਹੀਂ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਿਤਾ ਦਾ ਅੱਠੇਂ ਨੂੰ ਸ਼੍ਰਾਧ ਕਰਕੇ ਅੱਸੂ ਵਦੀ ੧੦ ਨੂੰ ਕਿਉਂ ਸਰੀਰ ਛਡਿਆ ?

ਔਰ ਜੇ ਆਪ ਦੇ ਮਤ ਵਿਚ ਕਿਰਿਆ ਕਰਮ ਪਿੰਡ ਦਾਨ ਆਦਿਕ ਵਿਧਾਨ ਨਹੀਂ ਤਾਂ ਗੁਰੂ ਅਮਰ ਦਾਸ ਜੀ ਨੇ ਸੱਦ ਵਿਚ ਇਹ ਕਿਉਂ ਆਖਿਆ ਹੈ :

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ
ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿਨਾਮੁ ਸੁਣੀਐ
ਬੇਬਾਣੁ ਹਰਿ ਰੰਗੁ ਗੁਰ ਭਾਵਏ ॥

(ਰਾਮਕਲੀ ਸਦੁ)

ਪਿੰਡ ਪਤਲਿ ਕਿਰਿਆ ਦੀਵਾ ਫੁਲ ਹਰਿਸਰਿ ਪਾਵਏ ॥
ਔਰ ਗੁਰੂ ਸਾਹਿਬਾਨ ਤੀਰਥਾਂ ਉਤੇ ਆਪ ਕਿਉਂ ਜਾਂਦੇ ਰਹੇ ਹਨ ?

ਸਿੱਖ—ਖਿਆਰੇ ਹਿੰਦੂ ਭਾਈ ! ਗੁਰੂ ਨਾਨਕ ਦੇਵ ਅੱਸੂ ਸੁਦੀ ੧੦ ਨੂੰ ਜੋਤੀ-ਜੋਤ ਸਮਾਏ ਹਨ, ਜੇਹਾ ਕਿ ਪ੍ਰਾਚੀਨ ਸਾਖੀਆਂ ਵਿਚ ਲਿਖਿਆ ਹੈ, ਔਰ ਭਾਈ ਮਨੀ ਸਿੰਘ ਜੀ ਭੀ ਗਿਆਨ ਰਤਨਾਵਲੀ ਵਿਚ ਅੱਸੂ ਸੁਦੀ ਦਸ ਨੂੰ ਲਿਖਦੇ ਹਨ । ਔਰ ਸਾਰੇ ਗੁਰਦੁਆਰਿਆਂ ਵਿਚ ਚਾਨਣੀ ਦਸਮੀ ਦਾ ਹੀ ਗੁਰਪੁਰਬ ਮਨਾਇਆ ਜਾਂਦਾ ਹੈ । ਸ਼੍ਰਾਧ ਮਹਾਤਮ ਪ੍ਰਗਟ ਕਰਨ ਵਾਲੇ ਪ੍ਰਪੰਚੀਆਂ ਨੇ ਕਈ ਸਾਖੀਆਂ ਵਿਚ ਸ਼੍ਰਾਧਾਂ ਦੀ ਦਸਮੀ ਲਿਖ ਦਿਤੀ ਹੈ ।

ਆਪ ਇਤਨਾ ਹੀ ਵਿਚਾਰੋ ਕਿ ਜੇ ਗੁਰੂ ਨਾਨਕ ਦੇਵ ਆਪਣੇ ਪਵਿੱਤ੍ਰ ਸ਼ਬਦਾਂ ਵਿਚ ਸ਼੍ਰਾਧ ਆਦਿਕ ਕਰਮਾਂ ਦਾ ਖੰਡਨ ਕਰਦੇ ਰਹੇ ਹਨ, ਜੇਹਾ ਕਿ ਆਪ ਨੂੰ ਹੁਣੇ ਹੀ ਸੁਣਾਇਆ ਗਿਆ ਹੈ, ਔਰ ਗਯਾ ਪਰ ਪਿੰਡ ਦਾਨ ਆਦਿਕ

ਦੇਣ ਤੋਂ ਇਨਕਾਰੀ ਹਨ, ਕੀ ਉਹ ਕਦੇ ਸ਼੍ਰਾਧ ਕਰ ਸਕਦੇ ਹਨ ?[1]

ਦੂਜੀ ਸ਼ੰਕਾ ਜੋ ਆਪ ਨੇ 'ਸੱਦ' ਬਾਬਤ ਕਹੀ ਹੈ, ਸੋ ਉਸ ਦਾ ਉੱਤਰ ਇਹ ਹੈ ਕਿ ਆਪ "ਸੱਦ ਪ੍ਰਮਾਰਥ" ਪੜ੍ਹੋ ਉਸ ਤੋਂ ਸਾਰਾ ਭਰਮ ਦੂਰ ਹੋ ਜਾਊਗਾ, ਪਰ ਏਥੇ ਭੀ ਅਸੀਂ ਆਪ ਨੂੰ ਸੰਖੇਪ ਨਾਲ ਉੱਤਰ ਦਿੰਦੇ ਹਾਂ :

ਗੁਰੂ ਅਮਰਦਾਸ ਸਾਹਿਬ ਨੇ ਕਿਸੇ ਖਾਸ ਕੇਸ਼ੋ ਪੰਡਿਤ ਦੇ ਬੁਲਾਉਣ ਦੀ ਆਗਿਆ ਨਹੀਂ ਦਿਤੀ, ਇਹ ਪਦ ਗੁਰੂ ਨਾਨਕ ਸਾਹਿਬ ਦੇ ਕਥਨ ਕੀਤੇ ਹੋਏ ਸ਼ਬਦ ਦੀ ਹੀ ਵਿਆਖਿਆ ਔਰ ਉਸੀ ਦੇ ਅਨੁਸਾਰ ਹੈ, ਯਥਾ :

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥

ਦੋਹਾਂ ਅਸਥਾਨਾਂ ਵਿਚ ਕੇਸ਼ੋ ਪਦ ਪ੍ਰਮਾਤਮਾਂ ਦਾ ਬੋਧਕ ਹੈ ।

ਪਦ ਦਾ ਅਰਥ ਇਸ ਤਰ੍ਹਾਂ ਹੈ :

ਅੰਤ ਸਮੇਂ ਗੁਰੂ ਸਾਹਿਬ ਨੇ ਹੁਕਮ ਦਿਤਾ ਕਿ ਮੇਰੇ ਚਲਾਣੇ ਪਰ ਨਿਰਬਾਣ (ਨਿੱਤ, ਇਕ ਰਸ, ਅਚਲ) ਕਰਤੇ ਦਾ ਕੀਰਤਨ ਕਰਨਾ ।

ਭਾਵ ਇਹ ਹੈ ਕਿ[2] ਦੇਹਧਾਰੀ ਦੇਵਤਿਆਂ ਦੇ ਕਹਾਣੀਆਂ ਕਿੱਸੇ ਔਰ ਗਰੁੜ ਪੁਰਾਣ ਦੇ ਭੇਦਾਇਕ ਪ੍ਰਸੰਗ ਨਾ ਸੁਣਨੇ ਸੁਣਾਉਣੇ ।

ਔਰ ਮੇਰੇ ਵਾਸਤੇ ਪ੍ਰਮਾਤਮਾ ਦਾ ਆਰਾਧਨ ਹੀ ਪੰਡ੍ਹਿਤ ਬੁਲਾਉਣਾ, ਭਾਵ ਇਹ ਕਿ ਬਜਾਏ ਕਿਸੀ ਪੰਡਿਤ ਬੁਲਾਉਣ ਦੇ ਸ੍ਰਿਸ਼ਟੀ ਪਾਲਕ (ਗੋਪਾਲ) ਦਾ ਕੀਰਤਨ ਕਰਾਣਾ, ਔਰ "ਹਰਿ ਹਰਿ" ਹੀ ਮੇਰੇ ਵਾਸਤੇ ਪੁਰਾਣ ਪੜ੍ਹਨਾ ।

---

[1]ਸਭ ਤੋਂ ਪੁਰਾਣੀ ਸਾਖੀ, ਜੋ ਸਿੰਘ ਸਭਾ ਲਾਹੌਰ ਦੀ ਦਰਖ਼੍ਵਾਸਤ ਪਰ ਗਵਰਨਮੈਂਟ ਪੰਜਾਬ ਨੇ ਵਲਾਇਤ ਦੇ ਪੁਸਤਕਾਲਯ ਵਿਚੋਂ ਮੰਗਵਾ ਕੇ ਛਪਵਾਈ ਹੈ, ਔਰ ਜੋ ਮੈਕਾਲਿਫ ਸਾਹਿਬ ਨੇ ਇਕ ਪ੍ਰਾਚੀਨ ਸਾਖੀ ਹਾਫਜ਼ਾਬਾਦ ਤੋਂ ਲੈ ਕੇ ਛਾਪੀ ਹੈ, ਔਰ ਭਾਈ ਮਨੀ ਸਿੰਘ ਜੀ ਦੀ ਸਾਖੀ, ਇਨ੍ਹਾਂ ਵਿਚ ਇਹ ਸ਼੍ਰਾਧ ਵਾਲਾ ਪ੍ਰਸੰਗ ਹੀ ਨਹੀਂ ਹੈ । ਐਸੇ ਪ੍ਰਸੰਗ ਸਾਖੀਆਂ ਵਿਚ ਓਦੋਂ ਦਰਜ ਹੋਏ ਹਨ ਜਦ ਸਿੱਖ ਬਾਰਾਂ ਮਿਸਲਾਂ ਬਣਾ ਕੇ ਆਪਣੇ ਨਿਯਮਾਂ ਤੋਂ ਭੁੱਲ ਕੇ ਰਾਜ ਦੇ ਅਨੰਦ ਵਿਚ ਪੈ ਗਏ ਔਰ ਅੰਨਯਮਤੀਆਂ ਨੇ ਸਿੱਖਾਂ ਦੇ ਧਾਰਮਕ ਔਰ ਵਿਵਹਾਰਕ ਸਾਰੇ ਕੰਮ ਆਪਣੇ ਹੱਥ ਲੈ ਲਏ, ਅਰ ਮਨ ਭਾਉਂਦੇ ਪੁਸਤਕ ਰਚ ਕੇ ਨਿਯਮਾਂ ਵਿਚ ਗੜਬੜ ਕਰ ਦਿਤੀ ।

[2]ਗਰੁੜ ਆਦਿਕ ਪੁਰਾਣਾਂ ਵਿਚ ਕੇਵਲ ਦੇਵਤੇ ਔਰ ਯਮਪੁਰੀ ਆਦਿਕ ਦਾ ਵਰਨਣ ਹੈ ।

ਵਾਹਿਗੁਰੂ ਦੀ ਕਥਾ ਹੀ ਪੜ੍ਹਨੀ ਸੁਣਨੀ[1] ਔਰ ਮੈਨੂੰ (ਗੁਰੂ ਨੂੰ) ਬਿਬਾਨ ਕੱਢਣਾ, ਪਿੰਡ ਪਤਲ ਕਿਰਿਆ ਦੀਵਾ ਕਰਨਾ ਔਰ ਗੰਗਾ ਵਿਚ ਅਸਥੀਆਂ ਦਾ ਪ੍ਰਵਾਹੁਣਾ, ਇਨ੍ਹਾਂ ਸਭ ਕਰਮਾਂ ਦੀ ਥਾਂ ਵਾਹਿਗੁਰੂ ਦਾ ਪ੍ਰੇਮ (ਹਰਿ ਰੰਗ) ਹੀ ਭਾਉਂਦਾ ਹੈ, ਭਾਵ ਇਹ ਹੈ ਕਿ ਪ੍ਰਮਾਤਮਾਂ ਦਾ ਪ੍ਰੇਮ ਹੀ ਪ੍ਰਾਣੀ ਦੀ ਸਦਗਤੀ ਕਰਨ ਦਾ ਸਾਧਨ ਹੈ, ਬਾਕੀ ਹੋਰ ਪਾਖੰਡ ਕਰਮ ਕੇਵਲ ਇੰਦ੍ਰ ਜਾਲ ਹੈ।

ਜੇ ਇਸ ਸੱਦ ਦੇ ਪਦ ਦਾ ਅਰਥ ਹਿੰਦੂਆਂ ਦੀ ਇਛਾ ਅਨੁਸਾਰ ਮੰਨ ਲਈਏ ਤਾਂ ਇਹ ਸ਼ੰਕਾਂ ਹੁੰਦੀਆਂ ਹਨ :

(ੳ) ਗੁਰੂ ਅਮਰ ਦਾਸ ਸਾਹਿਬ ਆਪਣੀ ਪਵਿੱਤ੍ਰ ਬਾਣੀ ਵਿਚ ਕਥਨ ਕਰਦੇ ਹਨ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥...
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ (ਅਨੰਦੁ)

ਔਰ ਏਸੇ ਸੱਦ ਵਿਚ ਲਿਖਿਆ ਹੈ :

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥

ਫਿਰ ਕਿਸ ਤਰ੍ਹਾਂ ਕਿਸੇ ਪੁਰਾਣ ਦੇ ਪੜ੍ਹਨ ਦੀ (ਜੋ ਗੁਰਬਾਣੀ ਨਹੀਂ) ਗੁਰੂ ਸਾਹਿਬ ਆਗਿਆ ਦਿੰਦੇ ?

(ਅ) ਦੇਹ ਅਭਿਮਾਨੀ ਪੰਡਤਾਂ ਔਰ ਭਰਮ ਰੂਪ ਕਰਮਾਂ ਬਾਬਤ ਗੁਰੂ ਅਮਰਦਾਸ ਜੀ ਦੀ ਇਹ ਰਾਏ ਹੈ :

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹੁ ਪਿਆਰੁ ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥
(ਵਾਰ ਸਿਰੀ ਰਾਗ, ਮਹਲਾ ੩)

---

[1]ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥
(ਆਸਾ ਮ: ੩ ਪਟੀ)

ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥
ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ (ਗਉੜੀ ਮ: ੩)

''ਮਨਮੁਖ ਪੜਹਿ ਪੰਡਿਤ ਕਹਾਵਹਿ ॥
ਦੂਜੈ ਭਾਇ ਮਹਾ ਦੁਖੁ ਪਾਵਹਿ ॥''
''ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥
ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥'' (ਗਉੜੀ ਮ: ੩)
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਰਹਿ ਕਿਸੁ ਭਾਈ ॥
(ਰਾਮਕਲੀ ਮਹਲਾ ੩)

ਨਾਨਕ ਨਾਮੁ ਨ ਚੇਤਨੀ ਅਗਿਆਨੀ
ਅੰਧੁਲੇ ਅਵਰੇ ਕਰਮ ਕਮਾਹਿ ॥
ਜਮ ਦਰਿ ਬਧੇ ਮਾਰੀਅਹਿ, ਫਿਰਿ ਵਿਸਟਾ ਮਾਹਿ ਪਚਾਹਿ ॥
ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਖਰਵਾਣੁ ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥
(ਵਾਰ ਸੋਰਠਿ, ਮਹਲਾ ੩)

ਕਲਿਜੁਗ ਮਹਿ ਬਹੁ ਕਰਮ ਕਮਾਹਿ ॥
ਨਾ ਰੁਤਿ ਨ ਕਰਮ ਥਾਇ ਪਾਹਿ ॥ (ਭੈਰਉ ਮ: ੩)
ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥
(ਵਾਰ ਸਾਰੰਗ ਮ: ੩)

ਇਨ੍ਹਾਂ ਬਚਨਾਂ ਦੇ ਉਚਾਰਣ ਵਾਲੇ ਗੁਰੂ ਅਮਰ ਦਾਸ ਜੀ ਕਿਸ ਤਰ੍ਹਾਂ ਕਿਸੇ ਜਾਤੀ ਅਭਿਮਾਨੀ ਪੰਡਿਤ ਨੂੰ ਬੁਲਾਉਣ ਲਈ ਹੁਕਮ ਦਿੰਦੇ ?

(ੲ) ਸੱਦ ਵਿਚ ਲਿਖਿਆ ਹੈ :
ਹਰਿ ਭਾਣਾ ਗੁਰ ਭਾਇਆ ॥
ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ
ਧਨੁ ਧਨੁ ਕਹੈ ਸਾਬਾਸਿ ਜੀਉ ॥

ਕਿਆ ਹਰਿ ਪ੍ਰਭੂ ਪਾਸ ਅੰਨ੍ਹੇਰਾ ਰਹਿੰਦਾ ਹੈ, ਜਿਥੇ ਦੀਵੇ ਦੀ ਲੋੜ ਪਈ ?

ਔਰ ਕਿਆ ਓਥੇ ਲੰਗਰ ਭੀ ਮਸਤ ਹੈ ਜੋ ਜੌਂ ਦੇ ਆਟੇ ਦੇ ਪਿੰਨਾਂ ਪਰ ਗੁਜ਼ਾਰਾ ਕਰਨ ਦੀ ਜ਼ਰੂਰਤ ਮਲੂਮ ਹੋਈ ?

ਜੇ ਕੋਈ ਇਹ ਆਖੇ ਕਿ ਮਹਾਤਮਾ ਲੋਕ ਸੰਸਾਰ ਦੀ ਮਰਯਾਦਾ ਕਾਇਮ ਰਖਣ ਵਾਸਤੇ ਕਰਮ ਕਰਦੇ ਹਨ, ਤਾਂ ਇਹ ਗੱਲ ਭੀ ਏਥੇ ਨਹੀਂ ਬਣਦੀ, ਕਿਉਂਕਿ ਗੁਰੂ ਨਾਨਕ ਦੇਵ ਦੇ ਸਿੰਘਾਸਣ ਪਰ ਬਿਰਾਜਣ ਵਾਲੇ; ਉਸੀ ਸਤਿਗੁਰੂ ਦੀ ਜੋਤ ਗੁਰੂ ਅਮਰਦਾਸ ਜੀ ਗੁਰਸਿੱਖੀ ਦੀ ਮਰਯਾਦਾ ਪ੍ਰਚੱਲਤ ਕਰਨ ਵਾਲੇ ਸਨ, ਨਾ ਕਿ ਪਾਖੰਡ ਜਾਲ ਨੂੰ ਆਪਣੇ ਮਤ ਵਿਚ ਤਰੱਕੀ ਦੇਣ ਵਾਲੇ ਸਨ। ਇਸ ਦੇ ਸਬੂਤ ਲਈ ਦੇਖੋ ਉਹ ਪ੍ਰਸੰਗ ਜੋ ਅਸੀਂ ਪਿਛੇ ਲਿਖ ਆਏ ਹਾਂ ਕਿ ਹਿੰਦੂ ਰੀਤੀਆਂ ਦੂਰ ਕਰਕੇ ਗੁਰੂ ਅਮਰਦਾਸ ਸਾਹਿਬ ਪਰ ਬਾਦਸ਼ਾਹ ਅਕਬਰ ਪਾਸ ਹਿੰਦੂ ਫਰਿਆਦੀ ਗਏ ਸਨ।

ਔਰ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਪਰ ਹਿੰਦੂ ਰੀਤੀ ਨਹੀਂ ਹੋਈ। ਇਸ ਦਾ ਪ੍ਰਤੱਖ ਸਬੂਤ ਹੁਣ ਦੇਖ ਲਓ ਕਿ ਭੱਲੇ ਸਾਹਿਬਜ਼ਾਦੇ ਪ੍ਰਾਣੀ ਦੇ ਮਰਨ ਪਰ ਮ੍ਰਿਤਕ ਕਿਰਿਆ ਦਾ ਮੂਲ ਰੂਪ ਦੀਵਾ ਨਹੀਂ ਕਰਦੇ, ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਆਪਣੀ ਸੰਤਾਨ ਨੂੰ ਖਾਸ ਹੁਕਮ ਦੇ ਗਏ ਕਿ ਕੋਈ ਹਿੰਦੂ ਰੀਤੀ ਸਾਡੇ ਪਿਛੋਂ ਨਹੀਂ ਕਰਨੀ; ਜੇਹਾ ਕਿ ਸੱਦ ਤੋਂ ਸਾਬਤ ਹੈ।

(ਸ) ਜੋ ਇਹ ਸਿੱਧ ਕਰਦੇ ਹਨ ਕਿ ਗੁਰੂ ਅਮਰ ਦਾਸ ਜੀ ਨੇ ਗਰੁੜ ਪੁਰਾਣ ਸੁਣਨੇ ਔਰ ਪ੍ਰੇਤ ਕਿਰਿਆ ਕਰਨ ਦੀ ਆਗਿਆ ਦਿਤੀ ਹੈ, ਕਿਆ ਉਹ ਦੂਜੇ ਢੰਗ ਨਾਲ ਇਹ ਸਾਬਤ ਨਹੀਂ ਕਰਦੇ ਕਿ ਗੁਰੂ ਸਾਹਿਬ ਕਹਿੰਦੇ ਕੁਛ ਸਨ ਤੇ ਕਮਾਉਂਦੇ ਕੁਛ ਹੋਰ ਸਨ ਔਰ ਗੁਰੂ ਜੀ ਪ੍ਰੇਤ ਬਣ ਕੇ ਧਰਮ ਰਾਜ ਦੀ ਪੁਰੀ ਯਮਦੂਤਾਂ ਦੇ ਬੱਧੇ ਹੋਏ ਗਏ? ਕਿਉਂਕਿ ਪਿੰਡ ਪਤਲ ਕਿਰਿਆ ਦੀਵਾ ਆਦਿਕ ਸਾਮਾਨ ਦਾ ਬ੍ਰਾਹਮਣਾਂ ਦੀ ਮਾਰਫਤ ਯਮ-ਮਾਰਗ ਵਿਚ ਹੀ ਪਹੁੰਚਣਾ ਦਸਿਆ ਗਿਆ ਹੈ, 'ਸੱਚ ਖੰਡ' ਦੀ ਏਜੰਸੀ ਇਨ੍ਹਾਂ ਦੇ ਸਪੁਰਦ ਨਹੀਂ।

ਔਰ ਸਤਿਗੁਰਾਂ ਦੇ ਤੀਰਥਾਂ ਪਰ ਜਾਣ ਬਾਬਤ ਜੋ ਆਪ ਨੇ ਪ੍ਰਸ਼ਨ ਕੀਤਾ ਹੈ, ਉਸ ਦਾ ਇਹ ਉੱਤਰ ਹੈ ਕਿ ਸਤਿਗੁਰੂ ਤੀਰਥਾਂ ਤੋਂ ਗਤੀ ਹਾਸਲ ਕਰਨ ਨਹੀਂ ਗਏ, ਓਥੇ ਜਾ ਕੇ ਅਗਿਆਨੀਆਂ ਦੇ ਭਰਮ ਦੂਰ ਕੀਤੇ ਹਨ। ਉਹ ਸੰਸਾਰ ਦੇ ਸੱਚੇ ਹਿਤੂ ਇਸੇ ਯਤਨ ਵਿਚ ਲਗੇ ਹੋਏ ਸਨ ਕਿ ਕਿਸੀ ਤਰ੍ਹਾਂ ਲੋਕਾਂ ਦਾ ਅਗਿਆਨ ਦੂਰ ਹੋਵੇ, ਜੇਹਾ ਕਿ ਭਾਈ ਗੁਰਦਾਸ ਜੀ ਕਥਨ ਕਰਦੇ ਹਨ:

ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭੇ ਫਿਰਿ ਦੇਖੈ ॥
ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ ॥

ਔਰ

ਜਲਤੀ ਸਭ ਪ੍ਰਿਥਵੀ ਦਿਸਿ ਆਈ।
ਚੜਿਆ ਸੋਧਨਿ ਧਰਤਿ ਲੁਕਾਈ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਤੀਰਥਾਂ ਪਰ ਜਾਣ ਦਾ ਕਾਰਣ ਗੁਰੂ ਗ੍ਰੰਥ ਸਾਹਿਬ ਵਿਚ ਇਹ ਲਿਖਿਆ ਹੈ :

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥
(ਤੁਖਾਰੀ ਮਹਲਾ ੪)

ਔਰ ਆਪ ਇਸ ਪਰ ਭੀ ਵਿਚਾਰ ਕਰੋ ਕਿ ਤੀਰਥਾਂ ਪਰ ਜਾ ਕੇ ਸਤਿਗੁਰਾਂ ਨੇ ਵੀ ਕਰਮ ਕੀਤਾ, ਕੀ ਓਥੇ ਹਿੰਦੂ ਰੀਤੀ ਅਨੁਸਾਰ ਯਾਤ੍ਰਾ ਕੀਤੀ, ਜਾਂ ਆਪਣਾ ਪਵਿਤ੍ਰ ਉਪਦੇਸ਼ ਦੇ ਕੇ ਯਾਤ੍ਰੀਆਂ ਦੇ ਭਰਮ ਕੱਢਣ ਦਾ ਉਪਾਉ ਕੀਤਾ। ਦੇਖੋ, ਗੰਗਾ ਉੱਪਰ ਗੁਰੂ ਸਾਹਿਬ ਹਿੰਦੂਆਂ ਨੂੰ ਪੂਰਬ ਦੀ ਤਰਫ ਸੂਰਜ ਔਰ ਪਿੱਤਰਾਂ ਨੂੰ ਪਾਣੀ ਦੇਂਦੇ ਦੇਖ ਕੇ ਪੱਛਮ ਦੀ ਤਰਫ ਪਾਣੀ ਦੇਣ ਲੱਗੇ; ਪੁਛਣ ਤੇ ਉੱਤਰ ਦਿਤਾ ਕਿ ਮੈਂ ਆਪਣੀ ਖੇਤੀ ਨੂੰ ਪਾਣੀ ਦਿੰਨਾ ਹਾਂ। ਜਦੋਂ ਹਿੰਦੂਆਂ ਨੇ ਆਖਿਆ ਕਿ ਇਤਨੀ ਦੂਰ ਆਪ ਦੇ ਖੇਤਾਂ ਨੂੰ ਪਾਣੀ ਕਿਸ ਤਰ੍ਹਾਂ ਪਹੁੰਚੂਗਾ ? ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕਿ ਤੁਹਾਡਾ ਪਾਣੀ ਸੂਰਜ ਔਰ ਪਿਤਰਾਂ ਨੂੰ ਅਕਾਸ਼ ਵਿਚ ਕਿਸ ਤਰ੍ਹਾਂ ਬਹੁਤ ਦੂਰ ਪਹੁੰਚੇਗਾ ?

ਔਰ--ਕੁਰੁਛੇਤ੍ਰ ਪਰ ਗ੍ਰਹਿਣ ਵਿਚ ਪ੍ਰਸ਼ਾਦਿ ਪਕਾਉਣ ਲਗ ਪਏ, ਜਿਸ ਤੋਂ ਗ੍ਰਹਿਣ ਵਿਚ ਖਾਣ ਪੀਣ ਦਾ ਭਰਮ ਹਟਾਇਆ।

ਜਗੰਨਾਥ ਜਾ ਕੇ ਆਰਤੀ ਵੇਲੇ ਖੜੇ ਨਹੀਂ ਹੋਏ ਔਰ ਦੀਵਿਆਂ ਦੀ ਆਰਤੀ ਦਾ ਖੰਡਨ ਕਰ ਕੇ ਸੱਚੀ ਆਰਤੀ ਦਾ ਉਪਦੇਸ਼ ਦਿਤਾ।

ਮੱਕੇ ਪਹੁੰਚ ਕੇ ਕਾਬੇ ਦੀ ਤਰਫ ਪੈਰ ਕਰ ਕੇ ਸੌਂ ਗਏ, ਮੁਜਾਵਰਾਂ ਦੇ ਇਤਰਾਜ਼ ਪਰ ਉੱਤਰ ਦਿੱਤਾ ਕਿ ਜਿਸ ਪਾਸੇ ਤੁਹਾਨੂੰ ਖੁਦਾ ਦਾ ਘਰ ਨਜ਼ਰ ਨਹੀਂ ਆਉਂਦਾ, ਓਸ ਪਾਸੇ ਮੇਰੇ ਪੈਰ ਕਰ ਦਿਓ, ਔਰ ਮੈਂ ਕੋਈ ਦਿਸ਼ਾ ਨਹੀਂ ਦੇਖਦਾ ਜਿੱਧਰ ਮੇਰੇ ਮਾਲਿਕ ਦਾ ਘਰ ਨਹੀਂ। ਇਸ ਤੋਂ ਕਰਤਾਰ ਨੂੰ ਇੱਕ ਦੇਸ਼ੀ ਮੰਨਣਾ ਅਰ ਇਕ ਤਰਫ ਹੀ ਮੂੰਹ ਕਰ ਕੇ, ਨਮਾਜ਼ ਪੜ੍ਹਨੀ ਅਗਿਆਨ ਦਸਿਆ। ਇਤਿ-ਆਦਿਕ ਹੋਰ ਪ੍ਰਸੰਗ ਬਹੁਤ ਹਨ। ਭਾਵ ਸਭ ਦਾ ਇਹ ਹੈ ਕਿ ਗੁਰੂ ਸਾਹਿਬ ਦੇਸ਼-ਦੇਸ਼ਾਂਤਰ ਦੇ ਤੀਰਥਾਂ ਪਰ ਜਗਤ ਦੇ ਸੁਧਾਰ ਵਾਸਤੇ ਵਿਚਰੇ ਹਨ।

## (੧੨) ਮੰਤ੍ਰ ਯੰਤ੍ਰ ਗ੍ਰਹਿ

ਹਿੰਦੂ ਮਤ ਵਿਚ ਮੰਤ੍ਰ ਯੰਤ੍ਰ [1]ਗ੍ਰਹਿ ਪੂਜਾ ਆਦਿਕ ਕਰਮਾਂ ਤੋਂ ਅਨੇਕ ਪ੍ਰਕਾਰ ਦੀ ਕਾਰਯ ਸਿਧੀ ਮੰਨੀ ਹੈ, ਯਥਾ :

ਮੰਤ੍ਰਾਂ ਦੇ ਬਲ ਕਰਕੇ ਰਿਧੀ ਸਿਧੀ ਮਿਲ ਸਕਦੀ ਹੈ, ਸ਼ਤਰੂਆਂ ਦਾ ਨਾਸ਼ ਹੋ ਜਾਂਦਾ ਹੈ, ਦੇਵਤੇ ਵਸ ਹੁੰਦੇ ਹਨ, ਮੰਤ੍ਰ ਜੰਤ੍ਰ ਤੰਤ੍ਰ ਦ੍ਵਾਰਾ ਮਨ ਬਾਂਛਿਤ ਫਲ ਮਿਲ ਸਕਦੇ ਹਨ। (ਦੇਖੋ ! ਮੰਤ ਮਹੋਦਧਿ ਔਰ ਮਹਾਂ ਨਿਰਬਾਣ ਤੰਤ੍ਰ)

ਜੋ ਗ੍ਰਹਾਂ ਦੀ ਰੋਜ਼ ਪੂਜਾ ਕਰਦਾ ਹੈ ਉਸ ਨੂੰ ਕੋਈ ਰੋਗ ਨਹੀਂ ਹੁੰਦਾ, ਧਨ ਬਹੁਤ ਮਿਲਦਾ ਹੈ, ਸੌ ਇਸਤ੍ਰੀਆਂ [2]ਭੋਗਣ ਵਾਲਾ ਹੁੰਦਾ ਹੈ, ਔਰ ਉਮਰ ਬਹੁਤ ਲੰਮੀ ਹੋ ਜਾਂਦੀ ਹੈ। (ਦੇਖੋ ! ਬ੍ਰਿਹਤ ਪਰਾਸ਼ਿਰ ਸੰਹਿਤਾ, ਅ: ੯)

ਗੁਰਮਤਿ ਵਿਚ ਇਹ ਪਾਖੰਡ ਜਾਲ ਨਿਸਫਲ ਕਥਨ ਕੀਤਾ ਗਿਆ ਹੈ, ਯਥਾ :

ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮ ਰਿਦੈ ਮਨ ਮਾਨਿਆ ॥
(ਸੂਹੀ ਮਹਲਾ ੧)

ਮਨਮੁਖਿ ਭਰਮਿ ਭਵੈ ਬੇਬਾਣਿ ॥
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥
ਨਾਨਕ ਸਾਚਿ ਰਤੇ ਸੁਖੁ ਜਾਣਿ ॥
(ਰਾਮਕਲੀ, ਸਿਧ ਗੋਸਟਿ)

---

[1]ਸਤਿਗੁਰੂ ਦੇ ਸੱਚੇ ਸਿੱਖ, ਮੰਤ੍ਰ (ਮਸ਼ਵਰਾ, ਸਲਾਹ) ਯੰਤ੍ਰ (ਕਲ ਮਸ਼ੀਨ) ਤੰਤ੍ਰ (ਪਦਾਰਥਾਂ ਦੇ ਮਿਲਾਪ ਨਾਲ ਇਕ ਸ਼ਕਤੀ ਉਤਪੰਨ ਕਰਨੀ) ਇਨ੍ਹਾਂ ਅਰਥਾਂ ਵਿਚ ਵਰਤਦੇ ਹਨ। ਮੰਤ੍ਰ-ਸ਼ਾਸਤ੍ਰਾਂ ਦੇ ਮੰਨੇ ਹੋਏ ਇੰਦਰ ਜਾਲ ਵਿਚ ਫਸ ਕੇ ਸੁਖ ਸੰਪਦਾ ਦਾ ਨਾਸ ਨਹੀਂ ਕਰਦੇ।

[2]ਇਖ਼ਲਾਕ ਦੇ ਵਿਗਾੜਨ ਵਾਸਤੇ ਇਨ੍ਹਾਂ ਉਪਦੇਸ਼ਾਂ ਤੋਂ ਵਧ ਕੇ ਹੋਰ ਕੋਈ ਨਹੀਂ ਹੋ ਸਕਦਾ।

ਨੋਾਨਕ ਉਧਰੇ ਨਾਮ [1]ਪੁਨਹਚਾਰ ॥
ਅਵਰਿ ਕਰਮ ਲੋਕਹ ਪਤੀਆਰ ॥ (ਭੈਰਉ ਮਹਲਾ ੫)

ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ ਇਹੁ ਮੰਤੁ ਲਈ ॥
(ਬਿਲਾਵਲ ਮ: ੫)

ਜੰਤ੍ਰ ਮੰਤ੍ਰ ਆਦਿਕ ਵਹਿਮਾਂ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ :

ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ ।
ਵੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ ।
ਸਾਧ ਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ ।
ਕੂੜ ਇਕ ਗੰਢੀ ਸਉ ਫੇਰੇ । (ਵਾਰ ੫)

ਦੇਵੀ ਦੇਵ ਨ ਸੇਵਕਾਂ ਤੰਤ ਨ ਮੰਤ ਨ [2]ਫੁਰਨਿ ਵਿਚਾਰੇ ।...
ਗੁਰਮੁਖਿ ਪੰਥ ਸੁਹਾਵੜਾ ਧੰਨੁ ਗੁਰੂ ਧੰਨ ਗੁਰੂ ਪਿਆਰੇ ।
(ਵਾਰ ੪)

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦ ਵਧਾਵੈ ।
ਫੋਕਟ ਧਰਮੀ ਭਰਮਿ ਭੁਲਾਵੈ । (ਵਾਰ ੧)

ਤੰਤ ਮੰਤ ਰਾਸਾਇਣਾ, ਕਰਾਮਾਤਿ ਕਾਲਖਿ ਲਟਪਾਏ ।
ਕਲਿਜੁਗਿ ਅੰਦਰਿ ਭਰਮਿ ਭੁਲਾਏ । (ਵਾਰ ੧)
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ ।
(ਵਾਰ ੨੭)

ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੇ ।
ਗੁਰ ਸਿਖੁ ਦੂਜੇ ਭਾਵਹੁ ਸੰਗੇ । (ਵਾਰ ੨੮)
ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ।
(ਕਬਿਤ ੧੮੩, ਭਾਈ ਗੁਰਦਾਸ)

ਦਬਿਸਤਾਨ ਮਜ਼ਾਹਬ ਵਿਚ ਲਿਖਿਆ ਹੈ :

"ਸਿੱਖ ਹਿੰਦੂਆਂ ਦੇ ਮੰਤ੍ਰ ਨਹੀਂ ਪੜ੍ਹਦੇ ਔਰ ਸੰਸਕ੍ਰਿਤ ਜ਼ਬਾਨ ਨਾਲ, ਜਿਸ ਨੂੰ ਬ੍ਰਾਹਮਣ ਦੇਵਤਿਆਂ ਦੀ ਬੋਲੀ ਆਖਦੇ ਹਨ, ਕੁਛ ਸਰੋਕਾਰ ਨਹੀਂ

[1]ਮੰਤਰਾਂ ਦੀ ਸਿੱਧੀ ਵਾਸਤੇ ਦੇਵਤਾ ਦਾ ਪੂਜਣ ਕਰਨਾ ।
[2]ਅੰਗਾਂ ਦਾ ਫ਼ਰਕਣਾ ।

ਰਖਦੇ।"[1]

ਗ੍ਰਹਿ ਔਰ ਨਖਛਤ੍ਰਾਂ ਸੰਬੰਧੀ ਸਿੱਖ ਧਰਮ ਦੀ ਰਾਏ :

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥

(ਆਸਾ ਮਹਲਾ ੫)

ਭਾਈ ਨੰਦ ਲਾਲ ਸਾਹਿਬ ਲਿਖਦੇ ਹਨ ਕਿ ਅਕਾਲ ਪੁਰਖ ਨੇ ਸਤਿਗੁਰਾਂ ਨੂੰ ਭਰਮ ਔਰ ਦੁਵਿਧਾ ਦੇ ਦੂਰ ਕਰਨ ਲਈ ਸੰਸਾਰ ਪਰ ਏਹ ਆਗਿਆ ਦੇ ਕ ਭੇਜਿਆ :

"ਰਾਹੇ ਜ਼ਿਕਰਮ ਬ ਆਲਮੇ ਬਿਨਮਾ,
ਬਾਹਮਹ ਸ਼ੋ ਜ਼ਿ ਵਕਫ਼ੇ ਮਨ ਗੋਯਾ।
ਗਿਰਦਿ ਆਲਮ ਬਆ ਓ ਹਾਦੀ ਸ਼ੋ,
ਕਿ ਜਹਾਂ ਗੈਰਿ ਮਨ ਨਾ ਯਚਜ਼ਦ ਜੌ।
ਸ਼ੁਦਹ ਗੁਮਰਾਹ ਆਲਮੇ ਬੇ ਮਨ,
ਸਾਹਿਰਾਂ ਗਸਤਾ ਅੰਦ ਜਾਦੂਏ ਮਨ।
ਮੁਰਦਗਾਂ ਰਾ ਕੁਨੰਦ ਜ਼ਿੰਦਹ ਹਮੀ,
ਜ਼ਿੰਦਗਾਂ ਰਾ ਬਜਾਂ ਕੁਸ਼ੰਦਹ ਹਮੀ।
ਹਰਚਿ ਖ਼੍ਰਹੰਦ ਮੀ ਕੁਨੰਦ ਹਮਾਂ,
ਜੁਮਲਹ ਜਾਦੂ ਫਨ ਅੰਦ ਬਰ ਸਾਮਾਂ।
ਆਤਸ਼ ਰਾ ਕੁਨੰਦ ਆਬੇ ਵਸ,
ਬਰ ਸਰੇ ਆਬ ਬਰਜ਼ਜ਼ਨੰਦ ਆਤਸ਼।
ਰਾਹੇ ਸ਼ਾਂ ਰਾ ਨਮਾ ਬਸੂਏ ਮਨ,
ਕਿ ਪਜ਼ੀਰੰਦ ਗੁਫ਼ਤਗੂਏ ਮਨ।
ਗ਼ੈਰ ਜ਼ਿਕਰਮ ਬਜਾਦੂਏ ਨ ਰਵੰਦ,
ਜੁਜ਼ ਦਰੇ ਮਨ ਬਜਾਨਬੇ ਨ ਰਵੰਦ।
ਅੰਜੁਮਨ ਮੀ ਕੁਨੰਦ ਅਜ਼ ਅੰਜਮ,
ਬਰ ਸ਼ੁਮਾਰੰਦ ਰੋਜ਼ਿ ਸ਼ਾਦੀ ਵ ਗ਼ਮ।

---

[1]ਇਹ ਭਾਵ ਨਹੀਂ ਕਿ ਸੰਸਕ੍ਰਿਤ ਨੂੰ ਵਿਦਿਆ ਸਮਝ ਕੇ ਨਹੀਂ ਪੜ੍ਹਦੇ ਤਾਤਪਰਯ ਇਹ ਹੈ ਕਿ ਦੇਵਤਿਆਂ ਦੀ ਜ਼ਬਾਨ ਅਰ ਈਸ਼ਵਰ ਦੇ ਸਵਾਸ ਮੰਨ ਕੇ ਸ਼ਰਧਾ ਨਹੀਂ ਕਰਦੇ।

ਬਰ ਨਗਾਰੰਦ ਨਹਿਸ ਓ ਸਾਅਦ ਸਆਂਦ ਹਮੀ ।
ਬਾਜ਼ ਗੋਇੰਦ ਕਬਲੋ ਬਾਅਦ ਹਮੀ ।
ਰਾਹ ਨੁਮਾ ਜੁਮਲਹ ਰਾ ਸੂਇ ਫ਼ਿਕਰਮ ।
ਕਿ ਨਾ ਦਾਰਦ ਦੋਸਤ ਜੁਜ਼ ਜ਼ਿਕਰਮ ।
ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ ।
ਕਿ ਸ਼ਵੀ ਰਾਹਨੁਮਾ ਬ ਜੁਮਲਹ ਜਹਾਂ ।
ਹੁਬਿ ਗੇਰ ਅਸ਼ ਜ਼ਮੀਰਿ ਸ਼ਾ ਬਿਜ਼ਦਾਇ ।
ਹਮਗਿਨਾਂ ਰਾ ਤੂ ਰਾਹੇ ਰਾਸਤ ਨੁਮਾਇ । (ਤੋਸੀਫ਼ੋਸਨਾ)

ਇਸ ਦਾ ਭਾਵ ਇਹ ਹੈ ਕਿ :

ਗੁਰੂ ਨਾਨਕ ਸਾਹਿਬ ਨੂੰ ਵਾਹਿਗੁਰੂ ਨੇ ਹੁਕਮ ਦਿਤਾ ਕਿ ਤੂੰ ਸੰਸਾਰ ਵਿਚ ਮੇਰੇ ਸਿਮਰਨ ਦਾ ਰਸਤਾ ਲੋਕਾਂ ਨੂੰ ਦਿਖਾ ਔਰ ਮੇਰਾ ਕੀਰਤਨ ਸਭ ਨੂੰ ਸੁਣਾ ।

ਤੂੰ ਸਾਰੀ ਦੁਨੀਆਂ ਨੂੰ ਰਸਤਾ ਦਿਖਾਉਣ ਵਾਲਾ ਹੈਂ ।

ਔਰ ਸਭ ਨੂੰ ਨਿਸ਼ਚਾ ਕਰਾ ਕਿ ਇਹ ਤੁੱਛ ਸੰਸਾਰ ਮੈਥੋਂ ਬਿਨਾਂ ਇਕ ਜੌਂ ਦੇ ਬਰਾਬਰ ਭੀ ਕੀਮਤ ਨਹੀਂ ਰਖਦਾ ।

ਮੈਨੂੰ ਭੁੱਲ ਕੇ ਸੰਸਾਰ ਗੁਮਰਾਹ ਹੋ ਗਿਆ ਹੈ, ਔਰ ਮੇਰੇ ਜਾਦੂਗਰ[1] (ਅਹਿਲੇ ਕਮਾਲ–ਪੂਰਣ ਪੁਰਖ) ਪਾਖੰਡੀ ਬਣ ਬੈਠੇ ਹਨ, ਜੇਕਰ ਉਹ ਮੁਰਦਿਆਂ ਨੂੰ ਜਿਵਾ ਦੇਣ ਦੀ ਸਾਮਰਥਾ ਰੱਖਣ ਅਤੇ ਅਣਹੋਣੀ ਨੂੰ ਹੋਣੀ ਕਰ ਦਿਖਾਉਣ ਔਰ ਕੁਦਰਤ ਦੀ ਰਚਨਾ ਨੂੰ ਭੀ ਪਲਟਾ ਦੇ ਦੇਣ, ਤਾਂ ਭੀ ਉਹ ਆਤਮਦਰਸ਼ੀ ਔਰ ਪਵਿਤ੍ਰਾਤਮਾ ਨਹੀਂ ਕਹੇ ਜਾ ਸਕਦੇ, ਸਗੋਂ ਅਜੇਹੇ ਲੋਕ ਕੇਵਲ ਚਟਕੀ ਔਰ ਪਾਖੰਡੀ ਕਹੇ ਜਾਂਦੇ ਹਨ ।

ਤੂੰ ਉਨ੍ਹਾਂ ਨੂੰ ਮੇਰੀ ਤਰਫ ਦਾ ਰਾਹ ਦਿਖਾ, ਜਿਸ ਕਰਕੇ ਉਹ ਮੇਰੇ ਹੁਕਮ ਨੂੰ ਸੁਣ ਕੇ ਧਾਰਣ ਕਰਨ ਔਰ ਮੇਰੇ ਨਾਮ ਨੂੰ ਛੱਡ ਕੇ ਹੋਰ ਕਿਸੇ ਦੇ ਫਰੇਬ ਵਿਚ ਨਾ ਆਉਣ, ਔਰ ਮੇਰੇ ਦਰਵਾਜ਼ੇ ਨੂੰ ਛੱਡ ਕੇ ਹੋਰ ਕਿਸੇ ਵਲ ਨਾ ਜਾਣ ।

ਪਾਖੰਡੀ ਲੋਕ ਨਛਤ੍ਰ ਔਰ ਗ੍ਰਹਾਂ ਦੀਆਂ ਕੁੰਡਲੀਆਂ ਬਣਾਉਂਦੇ ਹਨ ਔਰ

[1]ਜਾਦੂਗਰ ਦਾ ਅਸਲ ਅਰਥ ਪਹਿਲੇ ਕਮਾਲ ਹੈ, ਪਰ ਹੁਣ ਚੇਟਕੀ ਦੇ ਵਿਚ ਵਰਤਿਆ ਜਾਂਦਾ ਹੈ ।

ਦਿਨਾਂ ਦੇ ਭਲੇ ਬੁਰੇ ਫਲ ਮੰਨ ਕੇ ਉਨ੍ਹਾਂ ਤੋਂ ਸੁਖ ਦੁਖ ਦਾ ਹੋਣਾ ਸਮਝਦੇ ਹਨ।

ਸੁਭ ਔਰ ਅਸੁਭ ਗ੍ਰਹਾਂ ਦੇ ਫਲ ਲਿਖਦੇ ਹਨ ਔਰ ਅਗਲੇ ਪਿਛਲੇ ਸਮੇਂ ਦਾ ਹਾਲ ਬਿਆਨ ਕਰਦੇ ਹਨ।

ਐਸੇ ਭਰਮੀਆਂ ਨੂੰ ਮੇਰੇ ਧਿਆਨ ਵਲ ਲਿਆ ਤਾਕਿ ਮੇਰੇ ਨਾਮ ਤੋਂ ਛੁੱਟ ਹੋਰ ਕਿਸੇ ਨੂੰ ਉਹ ਆਪਣਾ ਮਿਤ੍ਰ ਨਾ ਬਣਾਉਣ। ਮੈਂ ਤੈਨੂੰ ਇਸੇ ਲਈ ਪੈਦਾ ਕੀਤਾ ਹੈ ਕਿ ਤੂੰ ਸੰਸਾਰ ਵਿਚ ਸਭ ਦਾ ਰਾਮਨੁਮਾ ਹੋਵੇਂ।

ਤੂੰ, ਮੈਥੋਂ ਬਿਨਾ, ਦੂਜੇ ਦੀ ਮੁਹੱਬਤ ਉਨ੍ਹਾਂ ਦੇ ਦਿਲਾਂ ਤੋਂ ਦੂਰ ਕਰ, ਔਰ ਸਭ ਨੂੰ ਸੱਚੇ ਰਸਤੇ ਪਰ ਲਿਆ।

ਭਾਈ ਗੁਰਦਾਸ ਜੀ ਏਸੇ ਪ੍ਰਸੰਗ ਪਰ ਕਥਨ ਕਰਦੇ ਹਨ :

ਗੁਰ ਸਿੱਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ।
ਪੂਛਤ ਨ ਜੋਤਕ ਔ ਵੇਦ ਥਿਤ ਵਾਰ ਕਛੁ
ਗ੍ਰਿਹ ਔ ਨਛਤ੍ਰ ਕੀ ਨ ਸ਼ੰਕਾ ਉਰਿ ਧਾਰੀ ਹੈ।

## (੧੩) ਯੱਗ ਹੋਮ

ਮੇਰੇ ਪ੍ਰੇਮੀ ਹਿੰਦੂ ਭਾਈ ! ਆਪ ਦੇ ਮਤ ਵਿਚ [1]ਯੱਗ ਔਰ ਹੋਮ ਦੀ ਅਪਾਰ ਮਹਿਮਾ ਹੈ, ਔਰ ਯੱਗ ਦ੍ਵਾਰਾ ਸਭ ਕਾਰਜਾਂ ਦੀ ਸਿਧੀ ਮੰਨੀ ਗਈ ਹੈ, ਯਥਾ :

---

[1]ਯਜੁਰ ਵੇਦ ਸਾਰਾ ਯੱਗਾਂ ਦੀ ਮਹਿਮਾਂ ਔਰ ਵਿਧੀਆਂ ਨਾਲ ਭਰਿਆ ਹੋਇਆ ਹੈ। ਵੇਦਾਂ ਦੇ ਸਮੇਂ ਯੱਗ ਤੋਂ ਵਧ ਕੇ ਹੋਰ ਕੋਈ ਉਤਮ ਕਰਮ ਨਹੀਂ ਸੀ, ਔਰ ਯੱਗ ਜੀਵਾਂ ਦੀਆਂ ਕੁਰਬਾਨੀਆਂ ਨਾਲ ਹੋਇਆ ਕਰਦੇ ਸਨ, ਔਰ ਲੋਕਾਂ ਦਾ ਏਥੋਂ ਤਾਈਂ ਭਰੋਸਾ ਸੀ ਕਿ ਯੱਗ ਦਵਾਰਾ ਹੀ ਇੰਦਰ ਆਦਿਕ ਪਦਵੀਆਂ ਮਿਲਦੀਆਂ ਹਨ। ਹਿੰਦੂਆਂ ਦਾ ਨਿਸ਼ਚਾ ਹੈ ਕਿ ਰਾਖਸ਼ਾਂ ਦਾ ਰਾਜ ਪ੍ਰਤਾਪ ਨਾਸ ਹੋਇਆ ਸੀ, ਜਦ ਵਿਸ਼ਨੂੰ ਨੇ ਬੁੱਧ ਅਵਤਾਰ ਧਾਰ ਕੇ ਯੱਗਾਂ ਦੀ ਨਿੰਦਾ ਕੀਤੀ ਔਰ ਅਹਿੰਸਾ ਧਰਮ ਦ੍ਰਿੜ੍ਹਾਇਆ। ਪੁਰਾਣਾਂ ਵਿਚ ਐਸੇ ਪ੍ਰਸੰਗ ਭੀ ਹਨ ਕਿ ਇੰਦਰ ਨੇ ਲੋਕਾਂ ਨੂੰ ਯੱਗ ਕਰਦੇ ਦੇਖ ਕੇ ਇਸ ਲਈ ਵਿਘਨ ਕੀਤੇ ਕਿ ਮਤੇ ਇਹ ਲੋਕ ਯੱਗ ਪੂਰਨ ਹੋਣ ਕਰਕੇ ਮੇਰੀ ਪਦਵੀ ਨਾ ਲੈਣ।

ਇਸ ਪ੍ਰਸੰਗ ਦੀ ਪੁਸ਼ਟੀ ਵਾਸਤੇ ਦੇਖੋ ਸਾਡੇ ਲਾਇਕ ਭਾਈ ਦੀ ਰਚਨਾ "ਵੇਦ ਪੜਤਾਲ" ਅਰ ਖਾਸ ਕਰਕੇ "ਵੈਦਕ ਕੁਰਬਾਨੀਆਂ" ਜਿਸ ਤੋਂ ਆਪ ਪੂਰਨ ਨਿਰਸੰਦੇਹ ਹੋ ਜਾਉਗੇ।

ਯੱਗ ਸਭ ਫਲਾਂ ਦੇ ਦੇਣ ਵਾਲਾ ਹੈ, ਯੱਗ ਕਰਕੇ ਹੀ ਦੇਵਤੇ ਜੀਉਂਦੇ ਹਨ, ਜੋ ਪਸ਼ੂ ਯੱਗ ਵਿਚ ਮਾਰਿਆ ਜਾਂਦਾ ਹੈ, ਉਹ ਮਾਰਨ ਵਾਲੇ ਸਮੇਤ ਸ੍ਵਰਗ ਨੂੰ ਪ੍ਰਾਪਤ ਹੁੰਦਾ ਹੈ। (ਵਿਸ਼ਨੂ ਸਿਮ੍ਰਤੀ ਅ: ੫੧)

ਬ੍ਰਹਮਾ ਜੀ ਨੇ ਪਸ਼ੂ ਯੱਗ ਵਾਸਤੇ ਹੀ ਬਣਾਏ ਹਨ, ਯੱਗ ਵਿਚ ਪਸ਼ੂ ਮਾਰਨ ਕਰਕੇ ਸਾਰੇ ਸੰਸਾਰ ਦਾ ਭਲਾ ਹੁੰਦਾ ਹੈ, ਏਸ ਲਈ ਹਿੰਸਾ ਦਾ ਕੋਈ ਦੋਸ਼ ਨਹੀਂ। ਯੱਗ ਵਾਸਤੇ ਧਾਨ, ਜੌਂ, ਦਰਖ਼ਤ, ਪਸ਼ੂ, ਪੰਛੀ ਔਰ ਕੱਛੂ ਆਦਿਕ ਜੋ ਨਾਸ਼ ਹੁੰਦੇ ਹਨ, ਉਹ ਸਭ ਉੱਤਮ ਯੋਨੀਆਂ ਨੂੰ ਪ੍ਰਾਪਤ ਹੁੰਦੇ ਹਨ, ਜੋ ਯੱਗ ਔਰ ਸ਼੍ਰਾਧ ਵਿਚ ਬਲੀਦਾਨ ਕੀਤੇ ਹੋਏ ਮਾਸ ਨੂੰ ਨਹੀਂ ਖਾਂਦਾ, ਉਹ ਮਰ ਕੇ ਇੱਕੀ ਜਨਮ ਤਾਈਂ ਸੂਰ ਬਣਦਾ ਹੈ। (ਮਨੂ, ਅ: ੫, ਸ: ੩੫, ੩੯, ੪੦)

ਹਿੰਦੂ ਮਤ ਦੇ ਯੱਗ, ਪਰਉਪਕਾਰ ਨੂੰ ਮੁੱਖ ਰੱਖ ਕੇ ਨਹੀਂ ਹੋਇਆ ਕਰਦਾ ਸੀ, ਬਲਕਿ ਉਨ੍ਹਾਂ ਵਿਚ ਬੜੀ ਸ੍ਵਾਰਥਪੂਰਤਾ ਸੀ, ਯਥਾ :–

ਥੋੜ੍ਹੀ ਦਖਸ਼ਣਾ ਵਾਲੇ ਯੱਗ ਨੇਤ੍ਰ ਆਦਿਕ ਇੰਦ੍ਰੀਆਂ, ਯਸ, ਸ੍ਵਰਗ, ਉਮਰ, ਮਰੇ ਹੋਏ ਦੀ ਕੀਰਤੀ, ਔਲਾਦ ਔਰ ਪਸ਼ੂ ਆਦਿਕਾਂ ਨੂੰ ਨਾਸ ਕਰ ਦਿੰਦੇ ਹਨ, ਏਸ ਲਈ ਥੋੜ੍ਹੀ ਦਖਛਣਾ ਵਾਲਾ ਯੱਗ ਨਾ ਕਰੇ।[1] (ਮਨੂ: ਅ, ੧੧ ਸ: ੪੦)

ਹੁਣ ਹੋਮ ਦੀ ਮਹਿਮਾ ਸੁਣੋ :

ਅੱਗ ਵਿਚ ਜੋ ਆਹੂਤੀ ਪਾਈ ਜਾਂਦੀ ਹੈ ਉਹ ਸੂਰਜ ਨੂੰ ਪਹੁੰਚਦੀ ਹੈ, ਔਰ ਉਸ ਦੀ ਆਹੂਤੀ ਦਾ ਰਸ ਸੂਰਜ ਵਿਚੋਂ ਬਰਖਾ ਹੋ ਕੇ ਟਪਕਦਾ ਹੈ, ਜਿਸ ਤੋਂ ਅੰਨ ਪੈਦਾ ਹੁੰਦੇ ਹਨ ਔਰ ਪ੍ਰਜਾ ਵਧਦੀ ਹੈ।[2] (ਮਨੂ: ਅ: ੩, ਸ: ੭੬)

---

[1] ਹੇ ਕ੍ਰਿਪਾ ਦੇ ਸਮੁੰਦਰ ਮੰਨੂੰ ਜੀ ! ਬਹੁਤੀ ਦੱਖਣਾ ਵਾਲੇ ਯੱਗ ਕਰਦੇ ਹੋਏ ਭੀ ਹਿੰਦੁਸਤਾਨੀ ਸਭ ਕੁਛ ਖੋ ਕੇ ਦਰਿਦ੍ਰੀ ਔਰ ਨਿਰਧਨ ਹੋ ਗਏ ਹਨ, ਸਾਨੂੰ ਆਪ ਦੇ ਅਦਭੁਤ ਉਪਦੇਸ਼ ਦਾ ਕੁਛ ਪਤਾ ਨਹੀਂ ਲਗਦਾ।

[2] ਵੇਦਾਂ ਦੀ ਵੱਡੀ ਤਾਲੀਮ ਹੋਮ ਹੈ। ਜ਼ਮਾਨੇ ਦੀ ਚਾਲ ਨੂੰ ਵੇਖ ਕੇ ਅਰਥਾਂ ਨੂੰ ਉਲਟਾਉਣ ਵਾਲੇ ਸਾਧੂ ਦਯਾ ਨੰਦ ਜੀ ਭੀ ਆਪਣੀ ਬੁੱਧੀ ਦੇ ਬਲ ਨਾਲ ਵੇਦਾਂ ਵਿਚੋਂ ਹੋਮ ਨੂੰ ਨਹੀਂ ਕੱਢ ਸਕੇ, ਔਰ ਮਸਲਾ ਇਹ ਘੜਿਆ ਕਿ ਹੋਮ ਨਾਲ ਹਵਾ ਸਾਫ਼ ਹੁੰਦੀ ਹੈ। ਇਸ ਵਿਚ ਸੰਸਾ ਨਹੀਂ ਕਿ ਜੇ ਗੁੱਗਲ, ਮੁਸ਼ਕ ਕਾਫ਼ੂਰ ਔਰ ਚੰਦਨ ਜੇਹੇ ਪਦਾਰਥ ਜਲਾਏ ਜਾਣ ਤਾਂ ਜ਼ਰੂਰ ਹਵਾ ਸਾਫ ਹੁੰਦੀ ਹੈ, ਪਰ ਹਿੰਦੂ ਮਤ ਵਿਚ ਜੋ ਹਵਨ ਦੀ ਸਾਮੱਗਰੀ ਦੱਸੀ ਹੈ, ਉਸ ਨਾਲ ਨਹੀਂ। ਗੁੱਗਲ ਆਦਿਕ ਦਾ ਜਲਾਉਣਾ ਤਦ ਠੀਕ ਹੈ, ਜੇ ਘਰ ਦੇ ਸਾਰੇ ਕਮਰਿਆਂ ਵਿਚ ਧੂਪ ਦਿਤੀ ਜਾਵੇ, ਨਾ ਕਿ ਨਦੀ ਦੇ ਕਿਨਾਰੇ ਲੱਕੜਾਂ ਫੂਕ ਕੇ ਔਰ ਧੂੰਏਂ ਨਾਲ ਅੱਖਾਂ ਦਾ ਸਤਿਆਨਾਸ ਕਰਕੇ। →

ਯੱਗ ਔਰ ਹੋਮ ਬਾਬਤ ਸਿੱਖ ਧਰਮ ਵਿਚ ਸਤਿਗੁਰਾਂ ਦੀ ਇਹ ਆਗਿਆ ਹੈ :

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥...
ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥

(ਗਉੜੀ ਮ. ੫)

ਹੋਮ ਜਗ ਜਪ ਤਪ ਸਭਿ ਸੰਜਮ,
ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ,
ਗੁਰਮੁਖਿ ਨਾਨਕ ਜਗਤੁ ਤਰਾਇਆ ॥ (ਭੈਰਉ ਮ: ੫)

---

← ਸਾਧੂ ਨਯਾ ਨੰਦ ਜੀ ਦੇ ਹੋਮ ਵਿਸ਼ੈ ਬਾਬਤ ਮਨੋਹਰ ਬਚਨ ਸੁਣੋ :

"ਜੰਗਲ ਵਿਚ ਨਦੀ ਦੇ ਕਿਨਾਰੇ ਸਵੇਰੇ ਔਰ ਆਥਣੇ ਇਕ ਬਰਤਨ ਵਿਚ ਜੋ ਸੋਲਾਂ ਉਂਗਲ ਚੌੜਾ ਔਰ ਇਤਨਾ ਹੀ ਡੂੰਘਾ ਹੋਵੇ, ਲੱਕੜਾਂ ਬਾਲ ਕੇ ਹਵਨ ਕਰੇ। ਮੰਤਰ ਪੜ੍ਹ ਕੇ ਆਹੂਤੀਆਂ ਦੇਵੇ। ਹਵਨ ਕਰਕੇ ਪਵਨ ਸੁੱਧ ਹੁੰਦੀ ਹੈ, ਹੋਮ ਨਾ ਕਰਨ ਕਰਕੇ ਇਸ ਲਈ ਪਾਪ ਹੁੰਦਾ ਹੈ ਕਿ ਪੁਰਸ਼ ਤੋਂ ਦੁਰਗੰਧ ਪੈਦਾ ਹੋ ਕੇ ਹਵਾ ਅਸ਼ੁੱਧ ਹੁੰਦੀ ਹੈ, ਜਿਸ ਤੋਂ ਬਿਮਾਰੀਆਂ ਫੈਲਦੀਆਂ ਹਨ। ਜੇ ਪੁਰਾਣੇ ਸਮੇਂ ਦੀ ਤਰ੍ਹਾਂ ਹੁਣ ਹੋਮ ਹੋਵੇ ਤਾਂ ਹਿੰਦੁਸਤਾਨ ਦੇ ਸਾਰੇ ਰੋਗ ਚਲੇ ਜਾਣ। ਖਾਣ ਨਾਲੋਂ ਹੋਮ ਵਿਚ ਘੀ ਜ਼ਿਆਦਾ ਵਰਤਣਾ ਚਾਹੀਏ। ਹਰੇਕ ਆਦਮੀ ਘਟ ਤੋਂ ਘਟ ਛੀ ਛੀ ਮਾਸੇ ਘੀ ਦੀਆਂ ਸੋਲਾਂ ਆਹੂਤੀਆਂ ਨਿੱਤ ਦੇਵੇ। (ਦੇਖੋ ਸਤਯਾਰਥ ਪ੍ਰਕਾਸ਼, ਅ: ੩)

ਹੁਣ ਆਪ ਇਸ ਪਰ ਵਿਚਾਰ ਕਰੋ ਕਿ ਜੇ ਹਵਾ ਸ਼ੁੱਧ ਕਰਨੀ ਹੈ ਤਾਂ ਹਵਨ ਘਰ ਵਿਚ ਕਿਉਂ ਨਹੀਂ ਕੀਤਾ ਜਾਂਦਾ, ਜੰਗਲ ਦੀ ਹਵਾ ਤਾਂ ਪਹਿਲਾਂ ਹੀ ਸਾਫ਼ ਹੈ! ਔਰ ਹਵਨ ਪਾਤ੍ਰ ਦੇ ਖਾਸ ਮਾਪ ਦੀ ਕੀ ਲੋੜ ਹੈ? ਔਰ ਕਿਆ ਮੰਤ੍ਰਾਂ ਨਾਲ ਹਵਾ ਪਰ ਜ਼ਿਆਦਾ ਅਸਰ ਹੁੰਦਾ ਹੈ, ਔਰ ਬਿਨਾਂ ਮੰਤਰਾਂ ਹਵਾ ਘਟ ਸਾਫ ਹੁੰਦੀ ਹੈ? ਜਿਨ੍ਹਾਂ ਦੇਸ਼ਾਂ ਵਿਚ ਹੋਮ ਨਹੀਂ ਹੁੰਦਾ, ਉਨ੍ਹਾਂ ਨਾਲ ਹੋਮੀਆਂ ਦੀ ਸਿਹਤ ਦਾ ਮੁਕਾਬਲਾ ਕਰਕੇ ਦੇਖੋ, ਜਿਸ ਤੋਂ ਇਸ ਅਨੋਖੇ ਮੰਤਕ ਦੀ ਆਪ ਨੂੰ ਕਦਰ ਮਲੂਮ ਹੋਵੇ, ਜੇ ਘਰ ਦਾ ਇਕ ਆਦਮੀ ਉੱਗਣ ਔਰ ਆਥਣ ਅੱਠ ਅੱਠ ਪੈਸਾ ਭਰ ਘੀ ਫੂਕੇ ਤਾਂ ਟੱਬਰ ਦੇ ਦਸ ਆਦਮੀਆਂ ਨੂੰ ੧੬੦ ਤੋਲੇ ਘੀ ਨਿੱਤ ਹਵਨ ਵਾਸਤੇ ਲੋੜੀਏ ਔਰ ਖਾਣ ਲਈ ਇਸ ਤੋਂ ਵੱਖਰਾ ਰਹਿਆ। ਪੰਡਿਤ ਦਯਾ ਨੰਦ ਜੀ ਨੇ ਹੋਮ ਵਿਧੀ ਨਾਲ ਜੋ ਹਿੰਦੁਸਤਾਨ ਦਾ ਭਲਾ ਸੋਚਿਆ ਹੈ, ਸਾਥੋਂ ਇਸ ਦੀ ਹਜ਼ਾਰ ਰਸਨਾ ਕਰਕੇ ਭੀ ਵਡਿਆਈ ਨਹੀਂ ਕੀਤੀ ਜਾਂਦੀ।

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ,
ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ,
ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥

(ਸਲੋਕ ਮ: ੩ ਵਾਰਾਂ ਤੋਂ ਵਧੀਕ)

ਜਗ ਭੋਗ ਨਈ ਵੇਦ ਲੱਖ
ਗੁਰਮੁਖਿ ਮੁਖਿ ਇਕੁ ਦਾਣਾ ਪਾਇਆ ।
ਲਖ ਜਪ ਤਪ ਲਖ ਸੰਜਮਾ ਹੋਮ ਜੱਗ ਲਖ ਵਰਤ ਕਰੰਦੇ ।
ਗੁਰਸਿੱਖੀ ਸੁਖੁ ਤਿਲੁ ਨ ਲਹੰਦੇ ।
ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ ।
ਵਸ ਨ ਆਵੈ ਧਾਂਵਦਾ[1] ਅਠ ਖੰਡ ਪਾਖੰਡ ਵਿਗੋਈ । (ਭਾਈ ਗੁਰਦਾਸ ਜੀ)

ਜੱਗ ਹੋਮ ਕਲਿਜੁਗ ਕੇ ਇਹ ਹੈਨ ਕਿ ਗੁਰਭਾਈਆਂ ਸਿੱਖਾਂ ਕਉ [2]ਅੰਮ੍ਰਿਤ ਪ੍ਰਸਾਦ ਖੁਲਾਵਣਾ, ਅਰ ਆਪ ਕੋ ਨੀਚ ਸਦਾਵਣਾ ।

(ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ)

ਦੇਖੋ ! ਇਸੇ ਵਿਸ਼ੇ ਪਰ ਇਤਿਹਾਸਿਕ ਪ੍ਰਸੰਗ :

ਪੈੜਾ ਤੇ ਜੇਠਾ ਗੁਰੂ ਅਰਜਨ ਸਾਹਿਬ ਜੀ ਦੀ ਸ਼ਰਣ ਆਏ ਤੇ ਬਚਨ ਕੀਤਾ, 'ਤੁਸਾਡੇ ਬਚਨ ਕਰਕੇ ਅਸੀਂ ਧਰਮ ਕਿਰਤ ਕਰ ਸੰਤਾਂ ਨਾਲ ਪ੍ਰਸਾਦ ਵਰਤ ਖਾਂਨੇ ਹਾਂ ਤੇ ਅਸਾਂ ਨੂੰ ਬ੍ਰਾਹਮਣ ਕਹਿੰਦੇ ਹੈਨ, ਚੱਕੀ ਪੀਸਣ ਕਰਕੇ, ਉੱਖਲੀ ਕੁੱਟਣ ਕਰਕੇ, ਚੁੱਲ੍ਹੇ ਦੇ ਤਪਾਣ ਕਰਕੇ, ਝਾੜੂ ਫੇਰਨ ਕਰਕੇ, ਔਰ ਆਟੇ ਦੇ ਛਾਨਣ ਕਰਕੇ ਜੀਉ ਹਿੰਸਾ ਹੋਂਦੀ ਹੈ । ਅਸੀਂ ਦੇਵਤਿਆਂ ਨਮਿੱਤ ਹੋਮ ਆਹੂਤੀਆਂ ਅਗਨਿ ਵਿਚ ਡਾਲਦੇ ਹਾਂ ਤਾਂ ਪਿੱਛੋਂ ਪ੍ਰਸਾਦ ਖਾਂਦੇ ਹਾਂ, ਤੇ ਤੁਸੀਂ ਆਹੂਤੀਆਂ ਨਹੀਂ ਦਿੰਦੇ, ਤੁਹਾਡਾ ਪ੍ਰਸਾਦਿ ਕਯੋਂ ਕਰ ਪਵਿਤ੍ਰ ਹੁੰਦਾ ਹੈ ?

ਗੁਰੂ ਅਰਜਨ ਸਾਹਿਬ ਦਾ ਬਚਨ ਹੋਇਆ, "ਤੁਸੀਂ ਪ੍ਰਿਥਮੇ ਗਰੀਬਾਂ, ਸੰਤਾਂ ਨੂੰ ਪ੍ਰਸਾਦ ਛਕਾਉਨੇ ਹੋਂ ਤੇ ਅਰਦਾਸ ਕਰਕੇ ਮੁਖ ਪਾਉਨੇ ਹੋਂ ਤਾਂ ਵਾਹਿਗੁਰੂ ਤੁਸਾਂ ਤੇ ਪ੍ਰਸੰਨ ਹੁੰਦਾ ਹੈ ਤੇ ਸਭ ਵਿਘਨ ਨਾਸ ਹੁੰਦੇ ਹੈਨ ।"

(ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ)

---

[1]ਵਰਣ ਆਸ਼ਰਮਾਂ ਦਾ ਹਿੰਦੂ ਮਤ ਅਨੁਸਾਰ ਕਰਮ ।

[2]ਧਰਮ ਦੀ ਕਮਾਈ ਦਾ ਸਵੱਛਤਾ ਨਾਲ ਬਣਾਇਆ ਹੋਇਆ ਉੱਤਮ ਭੋਜਨ ।

## (੧੪) ਸੰਸਕਾਰ ਔਰ ਚਿੰਨ੍ਹ

ਪਿਆਰੇ ਹਿੰਦੂ ਭਾਈ ਸਾਹਿਬ ! ਉੱਪਰ ਤੇਰ੍ਹਾਂ ਅੰਗਾਂ ਵਿਚ ਕਹੇ ਹੋਏ ਧਾਰਮਿਕ ਨਿਯਮਾਂ ਤੋਂ ਭਿੰਨ ਆਪ ਦੇ ਔਰ ਸਾਡੇ ਸੰਸਕਾਰ ਆਪਸ ਵਿਚ ਦਿਨ ਰਾਤ ਦਾ ਭੇਦ ਰਖਦੇ ਹਨ। ਔਰ ਸਿਖ ਧਰਮ ਦੇ ਚਿੰਨ੍ਹ ਆਪ ਨਾਲੋਂ ਜੁਦੇ ਹੀ ਨਹੀਂ ਸਗੋਂ ਵਿਰੁਧ ਹਨ। ਔਰ ਅਸੀਂ ਆਪਣੇ ਚਾਰ ਸੰਸਕਾਰ ਅਰਥਾਤ :

੧. ਜਨਮ, ੨. ਅੰਮ੍ਰਿਤ, ੩. ਅਨੰਦ, ੪. ਚਲਾਣਾ, 'ਗੁਰ ਮਰਯਾਦਾ' ਅਨੁਸਾਰ ਕਰਦੇ ਹਾਂ, ਜਿਸ ਵਿਚ ਹਿੰਦੂ ਮਤ ਦਾ ਜ਼ਰਾ ਭੀ ਦਖਲ ਨਹੀਂ। ਹੁਣ ਆਪ ਇਨ੍ਹਾਂ ਸਭਨਾਂ ਬਾਤਾਂ ਪਰ ਵਿਚਾਰ ਕਰਕੇ ਦੇਖ ਸਕਦੇ ਹੋ ਕਿ ਸਾਡਾ 'ਹਮ ਹਿੰਦੂ ਨਹੀਂ' ਕਹਿਣਾ ਠੀਕ ਹੈ ਜਾਂ ਨਹੀਂ।

ਹਿੰਦੂ—ਤੁਸੀਂ ਆਪਣੇ ਸੰਸਕਾਰ ਧਿੰਗੋ ਜ਼ੋਰੀ ਅਲੱਗ ਬਣਾ ਲਏ ਹਨ। ਗੁਰੂ ਸਾਹਿਬ ਦਾ ਕਿਤੇ ਹੁਕਮ ਨਹੀਂ ਕਿ ਸਿੱਖ ਹਿੰਦੂ ਸ਼ਾਂਸਤਰਾਂ ਅਨੁਸਾਰ ਸੰਸਕਾਰ ਨਾ ਕਰਨ, ਔਰ ਆਪਣੀ ਵਖਰੀ 'ਗੁਰ ਮਰਿਯਾਦਾ' ਥਾਪ ਲੈਣ। ਔਰ ਜੋ ਤੁਸੀਂ ਵਿਆਹ ਪਰ ਛੰਤ, ਘੋੜੀਆਂ, ਲਾਵਾਂ ਆਦਿਕ ਪੜ੍ਹਦੇ ਹੋ, ਉਨ੍ਹਾਂ ਵਿਚ ਕੇਵਲ ਪ੍ਰਮਾਰਥ ਦੀਆਂ ਗੱਲਾਂ ਹਨ, ਉਹ ਵਿਵਹਾਰ ਵਾਸਤੇ ਨਹੀਂ।

ਸਿੱਖ—ਇਹ ਆਪ ਦਾ ਅਗਿਆਨ ਹੈ, ਸਿੱਖ ਜੋ ਕੁਛ ਕਰਦੇ ਹਨ, ਸੋ ਸਤਿਗੁਰਾਂ ਦੇ ਹੁਕਮ ਅਨੁਸਾਰ ਕਰਦੇ ਹਨ, ਮਨਉਕਤਿ ਜ਼ਰਾ ਭੀ ਨਹੀਂ ਕਰਦੇ। ਅਸੀਂ ਆਪ ਨੂੰ ਚਾਰੇ ਸੰਸਕਾਰਾਂ ਬਾਬਤ ਸਤਿਗੁਰਾਂ ਦਾ ਹੁਕਮ ਦਿਖਾਉਂਦੇ ਹਾਂ :

(ੳ) ਗੁਰੂ ਅਮਰਦਾਸ ਸਾਹਿਬ ਨੇ ਆਪਣੇ ਪੋਤੇ ਦੇ ਜਨਮ ਪਰ 'ਅਨੰਦੁ' ਬਾਣੀ ਉਚਾਰਨ ਕੀਤੀ ਔਰ ਸਿੱਖਾ ਨੂੰ ਹੁਕਮ ਦਿਤਾ ਕਿ ਸੰਤਾਨ ਦੇ ਜਨਮ ਵੇਲੇ ਇਸ ਬਾਣੀ ਦਾ ਪਾਠ ਹੋਵੇ, ਜਿਸ ਦੇ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਪਰ ਗੁਰੂ ਅਰਜਨ ਸਾਹਿਬ ਨੇ ਗੁਰਮਰਯਾਦਾ ਕੀਤੀ, ਜੋ ਇਸ ਸ਼ਬਦ ਤੋਂ ਸਿੱਧ ਹੈ :

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥
ਸਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥ (ਆਸਾ ਮ: ੫)

ਔਰ ਆਪ ਦੇ ਮਤ ਵਿਚ ਜੋ ਸੁੱਧੀ ਲਈ ਗੋ-ਮੂਤ੍ਰ ਔਰ ਪੰਜ ਗਵਯ ਦਿਤਾ ਜਾਂਦਾ ਹੈ, ਉਸ ਦਾ ਸਨਮਾਨ ਇਤਨੇ ਤੋਂ ਹੀ ਦੇਖ ਸਕਦੇ ਹੋ ਕਿ ਜਿਸ ਲੰਗਰ ਵਿਚ ਗੋਹੇ ਦਾ ਚੌਂਕਾ ਦਿਤਾ ਜਾਵੇ, ਉਥੇ [2]ਮਹਾਂ ਪ੍ਰਸਾਦਿ (ਕੜਾਹ ਪ੍ਰਸਾਦਿ) ਤਿਆਰ ਨਹੀਂ ਕੀਤਾ ਜਾਂਦਾ; ਔਰ ਇਹ ਰੀਤਿ ਅਜ ਦੀ ਨਹੀਂ ਸਤਿਗੁਰਾਂ ਦੇ ਵੇਲੇ ਤੋਂ ਚਲੀ ਆਈ ਹੈ।

[ਇਸ ਦੀ ਪੁਸ਼ਟੀ ਲਈ ਦੇਖੋ ਅੱਠ ਅੰਕ ਵਿਚ ਪ੍ਰਮਾਣ]

(ਅ) ਪਹਿਲੇ ਨੌਂ ਸਤਿਗੁਰਾਂ ਦੇ ਵੇਲੇ 'ਚਰਨਾਮ੍ਰਿਤ' ਦਿਤਾ ਜਾਂਦਾ ਸੀ (ਜੋ ਆਪ ਦੇ ਜਨੇਊ ਪਾਉਣ ਦੇ ਸੰਸਕਾਰ ਦੇ ਮੁਕਾਬਲੇ ਵਿਚ ਹੈ), ਇਹ ਸੰਸਕਾਰ ਆਪ ਦੇ ਮਤ ਤੋਂ ਇਸ ਵਾਸਤੇ ਵਿਰੁੱਧ ਹੈ ਕਿ ਚਾਰੇ ਵਰਣ ਇਕੱਠੇ ਸਤਿਗੁਰਾਂ ਦਾ ਚਰਨਾਮ੍ਰਿਤ ਪੀਂਦੇ ਸੇ। ਜਿਸ ਪਰ ਭਾਈ ਗੁਰਦਾਸ ਜੀ ਦਾ ਬਚਨ ਹੈ :

ਚਰਨ ਧੋਇ ਰਹਿਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ ॥
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨੁ ਕਰਾਇਆ ॥

ਅਸੀਂ ਸਤਿਗੁਰਾਂ ਦੀ ਕੋਈ ਜਾਤੀ ਨਹੀਂ ਮੰਨਦੇ ਪਰ ਆਪ ਦੇ ਖਿਆਲ ਅਨੁਸਾਰ ਗੁਰੂ ਸਾਹਿਬ ਛੱਤ੍ਰੀ ਸੇ, ਸੋ ਛੱਤ੍ਰੀ ਦਾ ਚਰਨਾਮ੍ਰਿਤ, ਆਪ ਦੇ ਧਰਮ ਸ਼ਾਸਤ੍ਰਾਂ ਅਨੁਸਾਰ ਬ੍ਰਾਹਮਣ ਕਦੇ ਭੀ ਨਹੀਂ ਸੀ ਪੀ ਸਕਦਾ ਔਰ ਚਰਨਾਮ੍ਰਿਤ ਦਾ ਪਹਿਲਾਂ ਪ੍ਰਵਿਰਤ ਕਰਨਾ ਹੀ ਇਸ ਲਈ ਸੀ ਕਿ ਜਾਤੀ ਅਭਿਮਾਨ ਦੀ ਜੜ੍ਹ ਪੁੱਟ ਦਿਤੀ ਜਾਵੇ। ਫੇਰ ਏਸੇ ਚਰਨਾਮ੍ਰਿਤ ਸੰਸਕਾਰ ਨੂੰ ਦਸਵੇਂ ਪਾਤਸ਼ਾਹ ਨੇ 'ਖੰਡੇ ਦਾ ਅੰਮ੍ਰਿਤ' ਵਿਚ ਬਦਲ ਦਿਤਾ ਔਰ ਅੰਮ੍ਰਿਤ ਛਕਾਉਣ ਵੇਲੇ ਜੋ ਕਲਗੀਧਰ ਨੇ ਉਪਦੇਸ਼ ਦਿਤਾ ਹੈ, ਉਸ ਤੋਂ ਸਾਫ ਪਾਇਆ ਜਾਂਦਾ ਹੈ ਕਿ ਸਿੱਖ ਕੌਮ ਇਕ ਵਖਰੀ ਕੌਮ ਹੈ।

---

[1]ਭਾਈ ਗੁਰਦਾਸ ਜੀ ਨੇ ਕੜਾਹ ਪ੍ਰਸ਼ਾਦਿ ਦਾ ਨਾਉਂ "ਮਹਾਂ ਪ੍ਰਸ਼ਾਦਿ" ਲਿਖਿਆ ਹੈ, ਦੇਖੋ ਵਾਰ ੨੦, ਪਉੜੀ ੧੦।

## (ੲ) ਅਨੰਦ[1] ਦੀ ਰੀਤੀ ਗੁਰੂ ਰਾਮਦਾਸ ਸਾਹਿਬ ਦੇ ਸਮੇਂ ਤੋਂ ਪ੍ਰਚੱਲਤ

---

[1]ਇਕ ਚਾਲਾਕ ਹਿੰਦੂ ਪੰਡਿਤ, ਅਗਿਆਨੀ ਸਿੱਖਾਂ ਨੂੰ ਧੋਖਾ ਦੇਣ ਲਈ ਲਿਖਦਾ ਹੈ ਕਿ ਅਨੰਦ ਪੜ੍ਹ ਕੇ ਵਿਆਹ ਨਹੀਂ ਕਰਨਾ ਚਾਹੀਦਾ, ਕਿਉਂਕਿ 'ਅਨੰਦੁ' ਬਾਣੀ ਵਿਚ ਲਿਖਿਆ ਹੈ :

"ਅਨੰਦੁ ਭਇਆ ਮੇਰੀ ਮਾਏ"

ਇਸ ਪਾਠ ਤੋਂ ਇਸਤ੍ਰੀ ਮਾਂ ਬਣ ਜਾਂਦੀ ਹੈ ।

ਅਸੀਂ ਏਸ ਦੇ ਉੱਤਰ ਵਿਚ ਇਹ ਆਖਦੇ ਹਾਂ ਕਿ ਆਨੰਦ ਬਾਣੀ ਵਿਵਾਹ ਪੱਧਤਿ ਵਿਚ ਦੱਸੀ ਹੋਈ ਰੀਤੀ ਦੀ ਤਰ੍ਹਾਂ "ਵਰ ਪਠਨੀਯ ਮੰਤ੍ਰ" ਨਹੀਂ ਹੈ, ਔਰ ਨਾ ਏਥੇ 'ਮਾਏ' ਪਦ ਦਾ ਅਰਥ 'ਜਨਨੀ' ਹੈ । ਪਰ ਪੰਡਿਤ ਜੀ ਨੂੰ ਹੇਠ ਲਿਖੇ ਬਚਨਾਂ ਪਰ ਜ਼ਰੂਰ ਧਿਆਨ ਦੇਣਾ ਚਾਹੀਏ :

"ਪਹਿਲਾਂ ਸੋਮ, ਗੰਧਰਵ ਔਰ ਅਗਨੀ ਇਹ ਤਿੰਨੇ ਦੇਵਤੇ ਇਸਤ੍ਰੀ ਦੇ ਪਤੀ ਹੁੰਦੇ ਹਨ, ਫੇਰ ਚੌਥੇ ਦਰਜੇ ਮਨੁਸ਼ ਪਤੀ ਬਣਦਾ ਹੈ ।"

(ਰਿਗ ਵੇਦ ਮੰਡਲ ੧੦, ਸੂਕਤ ੮੫, ਮੰਤ੍ਰ ੪੦)

ਦੇਵਤਿਆਂ ਦੀ ਭੋਗੀ ਹੋਈ (ਦੇਵ ਇਸਤ੍ਰੀ) ਦੇਵ ਭਗਤਾਂ ਦੀ ਮਾਂ ਹੈ, ਜਾਂ ਕੁਛ ਹੋਰ ?

ਕਈ ਪੰਡਿਤ ਬੁੱਧੂ ਆਦਮੀਆਂ ਨੂੰ ਅਰਥ ਕਰਕੇ ਦੱਸਦੇ ਹਨ ਕਿ 'ਪਤੀ' ਪਦ ਦਾ ਅਰਥ ਰਖਿਅਕ ਹੈ, ਅਸੀਂ ਇਸ ਪਰ ਇਹ ਆਖਦੇ ਹਾਂ ਕਿ ਜੇਕਰ ਦੇਵਤੇ ਕੇਵਲ ਰਖਿਅਕ ਹਨ ਔਰ ਪਤੀ (ਖਸਮ) ਨਹੀਂ, ਤਾਂ ਹੁਣ ਭੀ ਪੁਰਸ਼ ਰਖਿਅਕ (ਪਤੀ) ਹੀ ਰਹੇ, ਅਰਥਾਤ ਸਨਮਾਨ ਨਾਲ ਇਸਤ੍ਰੀ ਨੂੰ ਸੰਭਾਲ ਰਖੇ, ਹੋਰ ਕਿਸੀ ਤਰ੍ਹਾਂ ਦਾ ਗ੍ਰਿਹਸਤ ਵਿਵਹਾਰ ਨਾ ਕਰੇ ।

ਅਸੀਂ ਇਹ ਭੀ ਪੁਛਦੇ ਹਾਂ ਕਿ ਜੇ ਪਤੀ ਦਾ ਅਰਥ ਖਸਮ ਨਹੀਂ ਤਾਂ ਇਸ ਵਾਕ ਦਾ ਕੀ ਅਰਥ ਹੈ :

"ਪੂਰਬੰ ਸਤ੍ਰਿਯ: ਸੁਰੈ: ਭੁਕਤਾ ! ਸੋਮ ਗੰਧਰਵ ਵੰਨ੍ਹਿ ਭਿ: !"

ਔਰ ਮੰਨੂੰ ਜੀ ਇਕ ਹੋਰ ਥਾਂ ਆਖਦੇ ਹਨ, ਉਹ ਭੀ ਸੁਣਨ ਲਾਇਕ ਹੈ :

"ਵੀਰਯ ਰੂਪ ਕਰਕੇ ਪਤੀ ਇਸਤ੍ਰੀ ਦੇ ਗਰਭ ਵਿਚ ਪ੍ਰਵੇਸ਼ ਕਰਦਾ ਹੈ ਔਰ ਪੁਤ੍ਰ ਰੂਪ ਹੋ ਕੇ ਜੰਮਦਾ ਹੈ, ਇਸ ਕਰਕੇ ਇਸਤ੍ਰੀ 'ਜਾਯਾ' (ਮਾਈ) ਕਹਾਉਂਦੀ ਹੈ ।"

(ਅ: ੯, ਸ: ੮)

ਪੰਡਿਤ ਜੀ ਨੂੰ ਖੋਜ ਕਰਨੀ ਚਾਹੀਦੀ ਹੈ ਕਿ ਇਕ ਪੁੱਤ ਜੰਮੇ ਪਿਛੋਂ ਕਿਤਨੇ ਸ਼ਰਧਾਵਾਨਾਂ ਨੇ 'ਜਾਯਾ' (ਮਾਈ) ਨੂੰ ਇਸਤ੍ਰੀ ਸਮਝ ਕੇ ਸੰਤਾਨ ਉਤਪੰਨ ਕੀਤੀ ਹੈ, ਅਰ ਕਿਤਨਿਆਂ ਨੇ 'ਜਨਨੀ' ਭਾਵ ਰਖ ਕੇ ਪੂਜਯ ਮੰਨਿਆ ਹੈ ।

ਹੈ, [1]ਔਰ ਸਤਿਗੁਰਾਂ ਨੇ ਛੰਦ, ਘੋੜੀਆਂ, ਲਾਵਾਂ ਆਦਿਕ ਇਸੇ ਵਾਸਤੇ ਰਚੀਆਂ ਹਨ, ਔਰ ਆਪ ਦੀ ਜੋ ਇਹ ਸ਼ੰਕਾ ਹੈ ਕਿ **ਇਨ੍ਹਾਂ** ਵਿਚ ਕੇਵਲ ਪ੍ਰਮਾਰਥ ਹੈ, ਸੋ ਸਹੀ ਨਹੀਂ। ਗੁਰਬਾਣੀ ਵਿਚ ਪ੍ਰਮਾਰਥ ਔਰ ਬਿਵਹਾਰ (ਭੋਗ, ਮੋਖ) ਦੋਵੇਂ ਹਨ। ਔਰ ਸ਼ਬਦਾਂ ਦੀ ਰਚਨਾ ਦਸ ਰਹੀ ਹੈ ਕਿ ਇਹ ਖਾਸ ਕਰਕੇ ਅਨੰਦ ਸੰਸਕਾਰ ਵਾਸਤੇ ਰਚੇ ਗਏ ਹਨ, ਯਥਾ :

ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥ (ਸੂਹੀ ਮ: ੧)
ਸਾਹਾ ਗਣਹਿ ਨ ਕਰਹਿ ਬੀਚਾਰੁ ॥ (ਰਾਮਕਲੀ ਮ: ੧)
ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥
(ਵਾਰ ਸੂਹੀ ਮਹਲਾ ੩)
ਹੋਰਿ ਮਨਮੁਖਿ ਦਾਜੁ ਜਿ ਰਖਿ ਦਿਖਾਲਹਿ,
ਸੋ ਕੂੜੁ ਅਹੰਕਾਰੁ ਕਚੁ ਪਾਜੋ ॥
(ਸਿਰੀ ਰਾਗ **ਮ:** ੪)
ਕਹੁ ਨਾਨਕ ਮੈ ਵਰੁ ਘਰਿ ਪਾਇਆ
ਮੇਰੇ ਲਾਥੇ ਜੀ ਸਗਲ ਵਿਸੂਰੇ ॥ (ਵਡਹੰਸ ਮ: ੫)

ਔਰ ਆਨੰਦ ਦੇ ਪ੍ਰਮਾਣ ਲਈ ਦੇਖੋ, ਗੁਰ ਪ੍ਰਤਾਪ ਸੂਰਯ ਦੀ ਤੀਜੀ ਰਾਸਿ ਦੇ ਅਠੱਤੀਵੇਂ ਅਧਿਆਇ ਵਿਚ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਕ ਸਿੱਖ ਦੀ ਕੰਨਿਆ ਨਾਲ ਕਾਨ੍ਹ ਸਿੰਘ ਦਾ ਆਨੰਦ ਪੜ੍ਹਾਇਆ। ਔਰ ਪੰਜਾਂ ਪਿਆਰਿਆਂ ਵਿਚੋਂ ਸ਼ਿਰੋਮਣੀ ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ :

"ਆਨੰਦ ਬਿਨਾ ਬਿਵਾਹ ਨਾ ਕਰੇ।"

(ਸ) ਚਲਾਣਾ (ਮ੍ਰਿਤਕ ਕ੍ਰਿਆ) ਸੰਸਕਾਰ ਆਦਿ ਤੋਂ ਹੀ ਸਿੱਖਾਂ ਵਿਚ

---

[1]ਗੁਰਗੱਦੀ ਪਰ ਬਿਰਾਜਣ ਤੋਂ ਪਹਿਲਾਂ ਚਾਹੇ ਸਤਿਗੁਰਾਂ ਦੇ ਸੰਸਕਾਰ ਹਿੰਦੂ ਮਤ ਅਨੁਸਾਰ ਹੁੰਦੇ ਰਹੇ ਹਨ, ਪਰ ਗੁਰੂ ਸ਼ਰਨ ਆਉਣ ਪਿਛੋਂ ਇਕ ਰੀਤੀ ਭੀ ਅਨਯਮਤ ਅਨੁਸਾਰ ਨਹੀਂ ਹੋਈ, ਜਿਸ ਦਾ ਪ੍ਰਮਾਣ ਗੁਰਬਾਣੀ ਤੋਂ ਪੂਰਾ ਮਿਲਦਾ ਹੈ। ਜਿਨ੍ਹਾਂ ਇਤਿਹਾਸਕਾਰਾਂ ਨੇ ਅਗਿਆਨ ਵੱਸ ਹੋ ਕੇ ਪ੍ਰਮਾਦ ਅਥਵਾ ਕੁਸੰਗਤਿ ਕਰਕੇ ਆਪਣੀ ਕਾਵ੍ਯ ਰਚਨਾ ਦਵਾਰਾ ਗੁਰੂ ਰੀਤੀ ਤੋਂ ਵਿਰੁਧ ਸੰਸਕਾਰਾਂ ਦਾ ਹੋਣਾ ਲਿਖਿਆ ਹੈ, ਉਹ ਮੰਨਣ ਲਾਇਕ ਨਹੀਂ, ਕਿਉਂਕਿ ਗੁਰਬਾਣੀ ਤੋਂ ਵਧ ਕੇ ਸਾਡੇ ਮਤ ਵਿਚ ਕੋਈ ਪੁਸਤਕ ਸ਼ਰਧਾ ਯੋਗ ਨਹੀਂ।

ਹਿੰਦੂਆਂ ਤੋਂ ਵੱਖਰਾ ਹੈ, ਜਿਸ ਦੇ ਪ੍ਰਮਾਣ ਏਹ ਹਨ :

(੧) ਗੁਰੂ ਨਾਨਕ ਸਾਹਿਬ ਆਗਿਆ ਕਰਦੇ ਹਨ ਕਿ ਪ੍ਰਾਣੀ ਦੇ ਸੰਸਕਾਰ ਵੇਲੇ ਇਹ ਸ਼ਬਦ ਪੜ੍ਹਨਾ :

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥...
ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥
ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥...
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ
ਮਾਇਆ ਕਾਰਣਿ ਰੋਵੈ ॥
ਚੰਗਾ ਮਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥

(ਵਡਹੰਸ ਮਹਲਾ ੧ ਅਲਾਹਣੀਆ)

(੨) ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਦਾ ਸਸਕਾਰ ਕਰ ਕੇ[1] ਕੜਾਹ ਪ੍ਰਸ਼ਾਦਿ ਵਰਤਾਇਆ। ਦੇਖੋ ਜਨਮ ਸਾਖੀ।

(੩) ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿਚ ਲਿਖਦੇ ਹਨ ਕਿ ਹਿੰਦੂ (ਬ੍ਰਾਹਮਣ ਆਦਿਕ) ਸਿੱਖਾਂ ਪਰ ਇਹ ਤਰਕ ਕਰਦੇ ਹਨ ਕਿ :

'ਤੁਸੀਂ ਮਰਨ ਦੀ ਕ੍ਰਿਆ ਤਿਆਗ ਕੇ ਅਰਦਾਸ ਤੇ ਕੜਾਹ ਮ੍ਰਿਤਕ ਪਰ ਪਾਉਂਦੇ ਹੋ।'

(੪) ਭਾਈ ਚੌਪਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ :

'ਪ੍ਰਾਣੀ ਕਾ ਸਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ, ਸਾਥ ਪ੍ਰਸਾਦ ਲੇ ਜਾਇ।'

(੫) ਗੁਰੁ ਪ੍ਰਤਾਪ ਸੂਰਯ ਦੀ ਤੀਜੀ ਰੁੱਤ ਦੇ ਪੰਜਾਹਵੇਂ ਅਧਿਆਇ ਵਿਚ ਲਿਖਿਆ ਹੈ :

'ਮਰੇ ਸਿੱਖ ਤੇ ਕਰੇ ਕੜਾਹ ॥
ਤਿਸ ਕੁਟੰਬ ਰੁਦਨੈ ਬਹੁ ਨਾਹ ॥

---

[1]ਹਿੰਦੂਆਂ ਦੇ ਪਾਤਕ ਦੇ ਮੁਕਾਬਲੇ ਵਿਚ ਸਿੱਖਾਂ ਦਾ ਕੜਾਹ ਪ੍ਰਸ਼ਾਦਿ ਵਰਤਾਉਣਾ ਸਾਫ ਸਿੱਧ ਕਰਦਾ ਹੈ ਕਿ ਸਿੱਖ ਰੀਤੀ 'ਅਹਿੰਦੂ' ਹੈ।

ਪੜ੍ਹੈ ਸਬਦ ਕੀਰਤਨ ਕੋ ਕਰੈਂ ॥
ਸੁਨੈ ਬੈਠ ਵੈਰਾਗ ਸੁ ਧਰੈਂ ॥'

(੬) ਭਾਈ ਚੌਪਾ ਸਿੰਘ ਜੀ ਲਿਖਦੇ ਹਨ :

'ਗੁਰੂ ਕਾ ਸਿੱਖ ਭੱਦਣ[1] ਨਾ ਕਰਾਵੇ ।'

(੭) ਗੁਰੂ ਸੋਭਾ ਵਿਚ ਬਚਨ ਹੈ :

ਭੱਦਨ ਤਜਾਗ ਕਰੋ, ਹੇ ਭਾਈ ।
ਸਭ ਸਿੱਖਨ ਯਹਿ ਬਾਤ ਸੁਨਾਈ ।
ਸੰਗਤ ਭੱਦਨ ਮਤ ਕਰੋ, ਛੁਰਾਨ ਲਗਾਓ ਸੀਸ ।
ਮਾਤ ਪਿਤਾ ਕੋਊ ਮਰੇ ਸਤਗੁਰ ਕਰੀ ਹਦੀਸ ।'

ਇਨ੍ਹਾਂ ਪ੍ਰਮਾਣਾਂ ਤੋਂ ਆਪ ਦੇਖ ਸਕਦੇ ਹੋ ਕਿ ਸਿਖ ਮਤ ਦੇ ਸੰਸਕਾਰ ਅਜ ਕਲ ਦੇ ਸਿਖਾਂ ਦੇ ਮਨ ਕਲਪਤ ਨਹੀਂ, ਬਲਕਿ ਸਤਿਗੁਰਾਂ ਦੇ ਹੁਕਮ ਅਨੁਸਾਰ ਆਦਿ ਕਾਲ ਤੋਂ ਹੁੰਦੇ ਆਏ ਹਨ ।

ਹਿੰਦੂ—ਮੰਨਿਆ ਕਿ ਆਪ ਦੇ ਸੰਸਕਾਰ ਸਤਿਗੁਰਾਂ ਦੇ ਹੁਕਮ ਅਨੁਸਾਰ ਹਿੰਦੂ ਮਤ ਤੋਂ ਭਿੰਨ ਹਨ,ਪਰ ਕੇਸ ਕੱਛ ਆਦਿਕ ਜੋ ਆਪਦੇ ਚਿੰਨ੍ਹ ਹਨ,ਇਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਸ ਜੰਗ ਦੇ ਮੌਕੇ ਵਾਸਤੇ ਤਜਵੀਜ਼ ਕੀਤੇ ਸੇ, ਉਹਨਾਂ ਦੀ ਇਹ ਮਨਸ਼ਾ ਨਹੀਂ ਸੀ ਕਿ ਸਿਖ ਇਹਨਾਂ ਨੂੰ ਸਦੈਵ ਧਾਰਣ ਕਰਨ ਔਰ ਨਾ ਪਹਿਲੇ ਨੌਂ ਸਤਿਗੁਰਾਂ ਨੇ ਕੇਸ ਰਖੇ ਹਨ ।

ਸਿਖ—ਆਪ ਨੂੰ ਗੁਰੂ ਸਾਹਿਬ ਦੀ ਮਨਸ਼ਾ ਕਿਸ ਤਰ੍ਹਾਂ ਮਲੂਮ ਹੋਈ ਕਿ ਉਹ ਅਮਨ ਦੇ ਵੇਲੇ ਕੇਸ, ਕ੍ਰਿਪਾਨ, ਕੱਛ ਆਦਿਕ ਰਖਾਉਣੇ ਨਹੀਂ ਚਾਹੁੰਦੇ ਸਨ ? ਇਸ ਵਿਸ਼ੈ ਉਤੇ ਆਪ ਪਾਸ ਕੀ ਪ੍ਰਮਾਣ ਹੈ ? ਜੇ ਆਪ ਦੇ ਕਹਿਣੇ ਅਨੁਸਾਰ ਇਹ ਗੱਲ ਮੰਨ ਲਈਏ ਕਿ ਗੁਰੂ ਸਾਹਿਬ ਨੇ ਇਹ ਚਿੰਨ੍ਹ ਕੇਵਲ ਜੰਗ ਦੇ ਮੌਕੇ ਵਾਸਤੇ ਤੱਜਵੀਜ਼ ਕੀਤੇ ਸਨ ਤਦ ਇਹ ਕਿਸ ਤਰ੍ਹਾਂ ਨਿਸਚਾ ਕੀਤਾ ਜਾਵੇ ਕਿ ਹੁਣ ਜੰਗ ਦਾ ਕੋਈ ਮੌਕਾ ਹੀ ਨਹੀਂ ਹੈ ? ਪਿਆਰੇ ਹਿੰਦੂ ਭਾਈ ! ਹੁਣ ਭੀ ਸੱਤਰ ਹਜ਼ਾਰ ਤੋਂ ਵਧ ਖਾਲਸਾ, ਗਵਰਨਮੈਂਟ ਬਰਤਾਨੀਆਂ ਦੇ ਰਾਜ ਦੀ ਰਖਸ਼ਾ ਵਾਸਤੇ ਫੌਜੀ ਸੇਵਾ ਕਰ ਰਹਿਆ ਹੈ, ਅਰ ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਸਾਰੇ

---

[1]ਹਿੰਦੂ ਮਤ ਦੇ ਮ੍ਰਿਤਕ ਸੰਸਕਾਰ ਦਾ ਮੁਖ ਅੰਗ ਭੱਦਣ ਹੈ, ਜਿਸ ਦੇ ਕੀਤੇ ਬਿਨਾਂ ਕ੍ਰਿਆ ਦਾ ਅਰੰਭ ਹੀ ਨਹੀਂ ਹੋ ਸਕਦਾ । ਇਸ ਵਿਸ਼ੈ ਦੇਖੋ "ਸੱਦ ਪ੍ਰਮਾਰਥ ।"

ਅੰਮ੍ਰਿਤਧਾਰੀ ਯੁਧ ਵਿਦਿਆ ਦੇ ਗਿਆਤਾ ਮਹਾਨ ਯੋਧਾ ਸਿਪਾਹੀ ਹਨ ਔਰ ਆਪ ਦਾ ਇਹ ਆਖਣਾ ਅਸਤ੍ਯ ਹੈ ਕਿ ਨੌਂ ਗੁਰੂ ਕੇਸਾਧਾਰੀ ਨਹੀਂ ਹੋਏ, ਸਾਡੇ ਦਸ ਗੁਰੂ ਹੀ ਕੇਸ ਰਖਦੇ ਹਨ, ਕਿਸੇ ਨੇ ਭੀ ਮੁੰਡਨ ਨਹੀਂ ਕਰਵਾਇਆ। ਦੇਖੋ ! ਗੁਰਬਾਣੀ ਤੋਂ [1]ਕੇਸ ਸਿੱਧ ਹੁੰਦੇ ਹਨ :

ਕੇਸਾ ਕਾ ਕਰਿ ਬੀਜਨਾ ਸੰਤ ਚੰਉਰੁ ਢੁਲਾਵਉ ॥ (ਸੂਹੀ ਮਹਲਾ ੫)

ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥
(ਸੂਹੀ ਮਹਲਾ ੫)

ਟਹਿਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥
(ਬਿਲਾਵਲ ਮਹਲਾ ੫)

ਕੇਸ ਸੰਗ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ (ਗੂਜਰੀ ਮਹਲਾ ੪)

ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ
ਗੁਰ ਪਗ ਝਾਰਹ ਹਮ ਬਾਲ ॥ (ਪ੍ਰਭਾਤੀ ਮਹਲਾ ੪)

ਕਿਉਂ ਹਿੰਦੂ ਭਾਈ ਸਾਹਿਬ ! ਚੌਰ ਔਰ ਪੱਖੇ ਦਾ ਕੰਮ ਬੋਦੀ ਭੀ ਦੇ ਸਕਦੀ ਹੈ ? ਔਰ ਆਪ ਪਾਸ ਅਜੇਹਾ ਇਕ ਪ੍ਰਮਾਣ ਭੀ ਨਹੀਂ, ਜੋ ਸਾਬਤ ਕਰਦਾ ਹੋਵੇ ਕਿ ਸਤਿਗੁਰਾਂ ਕੇਸ ਨਹੀਂ ਰਖੇ।

ਹਿੰਦੂ—ਆਪ ਨੇ ਜੋ ੧੪ ਪ੍ਰਕਰਣ ਮੈਨੂੰ ਸੁਣਾ ਕੇ ਹਿੰਦੂ ਧਰਮ ਦੇ ਨਿਯਮ ਪ੍ਰਗਟ ਕੀਤੇ ਹਨ, ਅਸਲ ਵਿਚ ਆਪ ਸਾਡੇ ਧਰਮ ਤੋਂ ਪੂਰੇ ਜਾਣੂ ਨਹੀਂ।

ਹਿੰਦੂ ਧਰਮ ਦੇ ਆਲਮਗੀਰ ਸੱਤ ਅਸੂਲ ਇਹ ਹਨ ਜਿਨ੍ਹਾਂ ਨੂੰ ਸਭ ਵਿਦਵਾਨ ਮੰਨਦੇ ਹਨ, ਅਰ ਇਨ੍ਹਾਂ ਅਸੂਲਾਂ ਨੂੰ ਸਿੱਖ ਭੀ ਆਪਣੇ ਨਿਯਮ ਜਾਣਦੇ ਹਨ, ਇਸ ਕਰਕੇ ਅਸੀਂ ਤੁਸੀਂ ਦੋ ਨਹੀਂ ਹੋ ਸਕਦੇ।

## ਸੱਤ ਨਿਯਮ

(੧) ਵੇਦਾਂ ਨੂੰ ਸਤਿ ਔਰ ਹਿੰਦੂ ਧਰਮ ਦਾ ਆਧਾਰ ਮੰਨਣਾ।

---

[1]ਚਾਹੇ ਰਾਮ ਚੰਦ੍ਰ ਕ੍ਰਿਸ਼ਨ ਜੀ ਆਦਿਕ ਅਵਤਾਰਾਂ,ਰਿਖੀ ਮੁਨੀਆਂ ਔਰ ਪੈਗੰਬਰਾਂ ਨੇ ਕੇਸ ਰਖੇ ਹਨ, ਔਰ ਪੁਰਾਣੇ ਜ਼ਮਾਨੇ ਵਿਚ ਮੁੰਡਨ ਦੀ ਰੀਤੀ ਨਹੀਂ ਸੀ, ਪਰ ਅਸੀਂ ਵੇਦ ਸ਼ਾਸਤਰਾਂ ਦੇ ਹਵਾਲੇ ਦੇ ਕੇ ਕੇਸਾਂ ਦਾ ਸਿੱਧ ਕਰਨਾ ਕੋਈ ਫਖਰ ਨਹੀਂ ਸਮਝਦੇ। ਗੁਰਮਤਿ ਦੇ ਪ੍ਰੇਮੀ ਸਭ ਜਾਣਦੇ ਹਨ ਕਿ ਕੇਸ ਕ੍ਰਿਪਾਨ ਆਦਿਕ ਚਿੰਨ੍ਹਾਂ ਦਾ ਰੱਖਣਾ ਸਤਿਗੁਰਾਂ ਨੇ ਕਿਸ ਲਾਭ ਨੂੰ ਵਿਚਾਰ ਕੇ ਵਿਧਾਨ ਕੀਤਾ ਹੈ।

(੨) ਆਸਤਕਤਾ ਰੱਖਣੀ, ਅਰਥਾਤ ਜੀਵ ਈਸ਼ਵਰ ਦਾ ਅਨਾਦੀਪਣਾ ਔਰ ਪੁੰਨ ਪਾਪ ਦਾ ਫਲ ਸੁਰਗ ਨਰਕ ਮੰਨਣਾ।
(੩) ਆਵਾਗਵਨ ਮੰਨ ਕੇ ਮੋਖਛ ਦੀ ਇਛਾ ਕਰਨੀ।
(੪) ਬਰਣ ਆਸ਼੍ਰਮ ਨੂੰ ਹਿੰਦੂ ਕੌਮ ਦਾ ਭੂਸ਼ਨ ਸਮਝਣਾ।
(੫) ਮੁਰਦਿਆਂ ਨੂੰ ਫੂਕਣਾ।
(੬) ਗਊ ਰਖਿਆ ਕਰਨੀ।
(੭) ਛੂਤ ਛਾਤ ਦੇ ਵਿਸ਼ਵਾਸੀ ਹੋਣਾ।

ਸਿੱਖ—ਇਨ੍ਹਾਂ ਸੱਤ ਨਿਯਮਾਂ ਬਾਬਤ ਸਾਡਾ ਸਮੁੱਚਾ ਉੱਤਰ ਇਹ ਹੈ ਕਿ ਕਿਸੇ ਮਤ ਨਾਲ ਇਕ ਦੋ ਨਿਯਮ ਮਿਲ ਜਾਣ ਕਰਕੇ ਏਕਤਾ ਨਹੀਂ ਹੋਇਆ ਕਰਦੀ ਔਰ ਹਰੇਕ ਨਿਯਮ ਬਾਬਤ ਭਿੰਨ ਭਿੰਨ ਨਿਰਣਾ ਇਸ ਤਰ੍ਹਾਂ ਹੈ :

(ੳ) ਸਿੱਖਾਂ ਦੇ ਧਰਮ ਦਾ ਅਧਾਰ ਵੇਦ ਨਹੀਂ ਹੈ, ਦੇਖੋ ਇਸ ਪੁਸਤਕ ਦਾ ਅੰਕ ਪਹਿਲਾ।

(ਅ) ਆਸਤਕਤਾ ਕੇਵਲ ਹਿੰਦੂਆਂ ਵਿਚ ਨਹੀਂ, ਬਲਕਿ ਜੋ ਮਤ ਪ੍ਰਮੇਸ਼ਵਰ ਔਰ ਕਿਸੇ ਖਾਸ ਪੁਸਤਕ ਦੇ ਮੰਨਣ ਵਾਲੇ ਹਨ, ਉਹ ਸਭ ਆਸਤਕ ਹਨ। ਔਰ ਸਿਖ ਧਰਮ ਵਿਚ ਵਾਹਿਗੁਰੂ ਤੋਂ ਛੁਟ ਕੋਈ ਅਨਾਦੀ ਨਹੀਂ। ਔਰ ਪੁੰਨ ਪਾਪ ਦਾ ਫਲ ਸੁਖ ਔਰ ਦੁਖ ਸਾਰੇ ਆਸਤਕ ਲੋਕ ਮੰਨਦੇ ਹਨ।

(ੲ) ਆਵਾਗਵਨ ਸਿੱਖ ਔਰ ਹਿੰਦੂ ਹੀ ਨਹੀਂ ਮੰਨਦੇ, ਸਗੋਂ ਪ੍ਰਾਚੀਨ ਸਮੇਂ ਵਿਚ ਮਿਸਰ ਔਰ ਯੂਨਾਨ ਨਿਵਾਸੀ ਭੀ ਇਸ ਬਾਤ ਦੇ ਵਿਸ਼ਵਾਸੀ ਸਨ। ਔਰ ਇੰਗਲਿਸਤਾਨ ਦਾ ਡਰੂਇਡ (Druid) ਪਾਦਰੀ, ਤਥਾ ਪ੍ਰੀਥਾਗੋਰਸ (Pythagoras), ਐਮਪੀਡੋਕਲਸ (Empedocles) ਆਦਿਕ ਫ਼ਿਲਾਸਫ਼ਰ ਭੀ ਆਵਾਗਵਨ ਮੰਨਣ ਵਾਲੇ ਹੋਏ ਹਨ।

(ਸ) ਵਰਣ ਆਸ਼੍ਰਮ ਬਾਬਤ ਦੇਖੋ ਇਸ ਪੁਸਤਕ ਦਾ ਅੰਕ ਦੋ।

(ਹ) ਮੁਰਦੇ ਫੂਕਣੇ ਅਰੋਗਤਾ ਦਾ ਖਿਆਲ ਕਰਕੇ, ਬਹੁਤ ਉੱਤਮ ਹਨ, ਪਰ ਇਹ ਸਿੱਖ ਧਰਮ ਦਾ ਨਿਯਮ ਨਹੀਂ ਹੈ। ਔਰ ਮੁਰਦੇ ਹਿੰਦੂ ਹੀ ਨਹੀਂ ਫੂਕਦੇ, ਬਲਕਿ ਪੁਰਾਣੇ ਜ਼ਮਾਨੇ ਵਿਚ ਯੂਨਾਨ ਔਰ ਰੂਮ ਵਿਚ ਭੀ ਚਿਤਾ ਬਣਾ ਕੇ ਮੁਰਦੇ ਫੂਕੇ ਜਾਂਦੇ ਸਨ ਔਰ ਇਸ ਵਿਦਿਆ ਦੇ ਸਮੇਂ ਵਿਚ ਬਹੁਤ ਯੂਰਪ ਨਿਵਾਸੀ ਮੁਰਦਿਆਂ ਦਾ ਫੂਕਣਾ ਚੰਗਾ ਸਮਝਣ ਲੱਗੇ ਹਨ। ਔਰ ਹਿੰਦੂਆਂ ਵਿਚ ਭੀ

ਯੋਗੀ ਸੰਨਿਆਸੀ ਆਦਿਕ ਅਨੇਕ ਫਿਰਕੇ ਹਨ ਜੋ ਮੁਰਦਿਆਂ ਨੂੰ ਦੱਬਦੇ ਹਨ, ਔਰ ਅਨੰਤ ਹਿੰਦੂ ਗੰਗਾ ਆਦਿਕ ਨਦੀਆਂ ਵਿਚ ਮੁਰਦੇ ਪ੍ਰਵਾਹੁੰਦੇ ਹਨ। ਐਸੀ ਹਾਲਤ ਵਿਚ ਕੌਣ ਹਿੰਦੂ ਆਖ ਸਕਦਾ ਹੈ ਕਿ ਮੁਰਦੇ ਜਲਾਉਣੇ ਹਿੰਦੂ ਧਰਮ ਦਾ ਨਿਯਮ ਹੈ ?

(ਕ) ਗਊ ਸਾਡੇ ਦੇਸ ਲਈ ਲਾਭਦਾਈ ਹੈ, ਏਸ ਦੀ ਜਿਤਨੀ ਵੀ ਰਖਿਆ ਅਰ ਯੋਗ ਕਦਰ ਕੀਤੀ ਜਾਵੇ, ਸੋ ਥੋੜੀ ਹੈ, ਔਰ ਸਿੱਖ ਇਸ ਨੂੰ ਪ੍ਰਾਣਾਂ ਜਿਹਾ ਪਿਆਰ ਕਰਦੇ ਹਨ, ਪਰ ਗੁਰਮਤਿ ਵਿਚ ਗਊ ਦੀ ਕਦਰ ਔਰ ਬੇਕਦਰੀ ਹਿੰਦੂਆਂ ਜੇਹੀ ਨਹੀਂ; ਅਰਥਾਤ ਨਾ ਗਊ ਦਾ ਗੋਹਾ ਔਰ ਮੂਤ ਖਾਂਦੇ ਪੀਂਦੇ ਹਨ ਔਰ ਨਾ ਗੋਬਰ ਦਾ ਚੌਂਕਾ ਦਿੰਦੇ ਹਨ, ਔਰ ਨਾ ਵੇਦ ਵਿਧੀ ਅਨੁਸਾਰ ਗੋਮੇਧ ਯੱਗ ਕਰਨ ਨੂੰ ਤਿਆਰ ਹਨ, ਔਰ ਨਾ ਪ੍ਰਾਹੁਣਿਆਂ ਨੂੰ 'ਗੋਘਨ' ਨਾਉਂ ਲੈ ਕੇ ਬੁਲਾਉਂਦੇ ਹਨ।

(ਖ) ਛੂਤ ਛਾਤ ਦਾ ਭਰਮ ਸਿੱਖਾਂ ਵਿਚ ਮੂਲੋਂ ਨਹੀਂ ਹੈ, ਦੇਖੋ ਇਸ ਪੁਸਤਕ ਦਾ ਅੰਕ ਅੱਠ।

ਪਿਆਰੇ ਹਿੰਦੂ ਜੀ ! ਆਪ ਦਾ ਇਨ੍ਹਾਂ ਨਿਯਮਾਂ ਨੂੰ ਆਲਮਗੀਰ ਆਖਣਾ ਕੇਵਲ ਅਗਿਆਨ ਹੈ।

ਜੇ ਵਿਚਾਰ ਕੇ ਦੇਖਿਆ ਜਾਵੇ ਤਾਂ ਹਿੰਦੂ ਧਰਮ ਦਾ ਕੋਈ ਨਿਯਮ ਅਜੇਹਾ ਨਹੀਂ ਜੋ ਅਤੀਵਯਾਪਤੀ, ਅਵਯਾਪਤੀ ਅਰ ਅਸੰਭਵ, ਇਨ੍ਹਾਂ ਧਰਮ ਦੂਸ਼ਣਾਂ ਤੋਂ ਰਹਿਤ ਹੋਵੇ। ਜਿਸ ਤਰ੍ਹਾਂ ਹਿੰਦੂਆਂ ਦੇ ਦੇਵਤੇ ਔਰ ਧਰਮ ਪੁਸਤਕ ਅਨੰਤ ਹਨ, ਇਸੀ ਤਰ੍ਹਾਂ ਧਰਮ ਦੇ ਨਿਯਮ ਭੀ ਬੇਅੰਤ ਹਨ।

ਸ੍ਰੀ ਰਾਮ ਚੰਦਰ, ਵਸ਼ਿਸ਼ਟ, ਵਿਸ਼੍ਵਾਮਿਤਰ, ਪਰਸੁਰਾਮ, ਕ੍ਰਿਸ਼ਨ, ਯੁਧਿਸ਼ਟਰ ਆਦਿਕ ਕੇਸ ਔਰ ਦਾਹੜੀ ਰੱਖਣ ਵਾਲੇ (ਅਮੁੰਡਿਤ) ਭੀ ਹਿੰਦੂ ਹਨ, ਔਰ ਬੋਦੀ ਤਥਾ ਬੋਦੀ ਰਹਿਤ ਸਾਫ ਚੱਟਮ ਭੀ ਹਿੰਦੂ ਹਨ। ਵੇਦਾਂ ਦੇ ਵਿਸ਼ਵਾਸੀ ਭੀ ਹਿੰਦੂ, ਔਰ ਵੇਦਾਂ ਨੂੰ ਭੰਡ ਨਿਸਾਚਰਾਂ ਦਾ ਰਚਿਆ ਹੋਇਆ ਮੰਨਣ ਵਾਲੇ ਆਚਾਰੀਆਂ ਦੀ ਸੰਪ੍ਰਦਾਇ ਭੀ ਹਿੰਦੂ ਹੈ। ਸਭ ਜੀਵਾਂ ਤੋਂ ਸ਼੍ਰੋਮਣੀ ਜੋ ਮਨੁਸ਼ ਹੈ, ਉਸ ਨੂੰ ਵੱਢ ਕੇ ਯੱਗ ਵਿਚ ਹਵਨ ਕਰਨ ਵਾਲੇ ਭੀ ਹਿੰਦੂ ਹਨ, ਔਰ ਕੀੜੀ ਦੇ ਪੈਰ ਹੇਠ ਦੱਬ ਕੇ ਮਰਨ ਤੋਂ ਡਰਨ ਵਾਲੇ ਭੀ ਹਿੰਦੂ ਹਨ। ਚਾਹੇ ਕੁੱਤੇ, ਕੰਨਖਜੂਰੇ ਆਦਿਕ ਦੀ ਪੂਜਾ ਕਰਨ ਵਾਲੇ ਭੀ ਹਿੰਦੂ ਹਨ, ਔਰ ਪ੍ਰਮੇਸ਼ਵਰ ਨੂੰ ਸਹੇ ਦੇ ਸਿੰਗਾਂ ਦੀ ਤਰ੍ਹਾਂ ਅਣਹੋਇਆ ਸਮਝਣ ਵਾਲੇ ਭੀ ਹਿੰਦੂ ਹਨ, ਭਾਵ ਇਹ ਹੈ ਕਿ "ਹਿੰਦੂ

ਧਰਮ'' ਦੀ ਅਗਾਧ ਕਥਾ ਹੈ, ਜਿਸ ਦੇ ਲਿਖਣ ਲਈ ਸਾਡੀ ਕਲਮ ਅਸਮਰਥ ਹੈ। ਔਰ ਸਭ ਤੋਂ ਵਧ ਕੇ ਅਨੋਖੀ ਗੱਲ ਇਹ ਹੈ ਕਿ ਹਿੰਦੂ ਮਤ ਤੋਂ ਛੁਟ ਆਪ ਸੰਸਾਰ ਦੇ ਕਿਸੇ ਮਤ ਵਿਚ ਇਹ ਨਹੀਂ ਦੇਖੋਗੇ ਕਿ ਉਸ ਦਾ ਧਾਰਮਿਕ ਨਾਉਂ ਉਸ ਦੇ ਧਰਮ ਪੁਸਤਕ ਵਿਚ ਨਾ ਹੋਵੇ ਅਰ ਕਿਸੇ ਅਨਯ ਧਰਮੀ ਦਾ ਕਲਪਿਆ ਹੋਇਆ ਨਾਉਂ ਅੰਗੀਕਾਰ ਕਰੇ !

ਇਸ ਵਿਸ਼ੇ ਉਤੇ ਇਕ ਮਜ਼ਮੂਨ ੧੬ ਅਪ੍ਰੈਲ ੧੯੧੩ ਦੇ 'ਸਿਵਲ ਮਿਲਟਰੀ ਗਜ਼ਟ' ਵਿਚ ਛਪਿਆ ਹੈ; ਜਿਸ ਦਾ ਖੁਲਾਸਾ ਆਪ ਨੂੰ ਸੁਨਾਉਣਾ ਯੋਗ ਹੈ :

"ਇਸ ਗੱਲ ਤੋਂ ਪਹਿਲਾਂ ਕਿ ਹਿੰਦੂਆਂ ਦੀ ਬਾਬਤ ਕੁਛ ਬਿਆਨ ਕੀਤਾ ਜਾਵੇ, ਯੋਗ ਪ੍ਰਤੀਤ ਹੁੰਦਾ ਹੈ ਕਿ ਵਾਹ ਲਗਦੇ ਹਿੰਦੂ ਦਾ ਲੱਛਣ ਕਰੀਏ ਕਿ ਹਿੰਦੂ ਕਿਸ ਨੂੰ ਆਖਦੇ ਹਨ। ਏਹੋ ਇਕ ਐਸਾ ਸ਼ਬਦ ਹੈ ਜਿਸ ਪਰ ਕਈ ਸੂਬਿਆਂ ਅਰ ਰਿਆਸਤਾਂ ਦੇ ਮਨੁਖ ਸੰਖਿਆ ਕਰਨ ਵਾਲੇ ਅਫਸਰਾਂ ਨੇ ਬੜੀ ਮਿਹਨਤ ਨਾਲ ਨਿਰਣਾ ਕੀਤਾ ਹੈ, ਪਰ ਸਭ ਦਾ ਆਪੋ ਵਿਚ ਵਿਰੋਧ ਹੈ। ਮੁਸਲਮਾਨ, ਈਸਾਈ, ਸਿੱਖ, ਪਾਰਸੀ, ਬੋਧ ਅਰ ਜੈਨੀਆਂ ਦਾ ਲੱਛਣ ਕਰਨਾ ਸੌਖੀ ਗੱਲ ਹੈ, ਪਰ ਜਦ ਹਿੰਦੂਆਂ ਦਾ ਲੱਛਣ ਕਰਨ ਲੱਗੀਏ ਤਦ ਭਾਰੀ ਔਖ ਜਾਪਦਾ ਹੈ, ਗੇਟ ਸਾਹਿਬ (Mr. Gait) ਕਮਿਸ਼ਨਰ ਮਰਦਮ ਸ਼ੁਮਾਰੀ ਨੇ ਲਿਖਿਆ ਹੈ ਕਿ ਹਿੰਦੂ ਉਹ ਹਨ ਜੋਵਡੇ ਵੱਡੇ ਦੇਵਤਿਆਂ ਨੂੰ ਪੂਜਦੇ ਹਨ, ਹਿੰਦੂ ਮੰਦਰਾਂ ਵਿਚ ਜਾਣ ਅਤੇ ਚੜ੍ਹਾਵਾ ਦੇਣ ਦੇ ਹੱਕਦਾਰ ਹਨ, ਅਰ ਜਿਨ੍ਹਾਂ ਦੇ ਛੁਹਣ ਨਾਲ ਦੂਜੇ ਲੋਕ ਅਪਵਿੱਤ੍ਰ ਨਹੀਂ ਹੋ ਸਕਦੇ।

ਕੋਚੀਨ ਦੇ ਸੁਪ੍ਰੰਟੰਡੰਟ ਕਹਿੰਦੇ ਹਨ ਕਿ ਉਪਰ ਲਿਖੇ ਲੱਛਣ ਮਾਲਾਬਾਰ ਦੇ ਹਿੰਦੂਆਂ ਪਰ ਨਹੀਂ ਘਟਦੇ। ਅਰ ਆਪ ਹਿੰਦੂ ਦਾ ਇਹ ਲੱਛਣ ਕਰਦੇ ਹਨ ਕਿ ਹਿੰਦੂ ਉਹ ਹੈ ਜੋ ਜ਼ਾਤ ਪਾਤ ਨੂੰ ਮੰਨਦਾ ਹੈ।

ਮੈਸੂਰ ਦੇ ਸੁਪ੍ਰਟੰਡੰਟ ਆਖਦੇ ਹਨ ਕਿ ਹਿੰਦੂ ਉਹ ਹੈ ਜੋ ਪ੍ਰਮੇਸ਼ਵਰ ਨੂੰ ਮੰਨਦਾ ਹੈ, ਔਰ ਨਿਸਚਾ ਰਖਦਾ ਹੈ ਕਿ ਇਸ ਜੀਵਨ ਅਥਵਾ ਪਿਛਲੇ ਜਨਮ ਦੇ ਕੀਤੇ ਸ਼ੁਭ ਕਰਮਾਂ ਕਰਕੇ ਉਹ ਕਿਸੇ ਦਿਨ ਐਸੀ ਪਦਵੀ ਪਾਊਗਾ, ਜਿਸ ਦੇ ਤੁੱਲ ਦੁਨੀਆਂ ਵਿਚ ਕੋਈ ਵਸਤੂ ਨਹੀਂ।

ਟ੍ਰਾਵਨਕੋਰ ਦੇ ਸੁਪ੍ਰਟੰਡੰਟ ਸਾਹਿਬ ਭੀ ਹਿੰਦੂ ਉਸ ਨੂੰ ਆਖਦੇ ਹਨ ਜੋ ਕਰਮਾਂ ਤੇ ਭਰੋਸਾ ਰਖਣ ਵਾਲਾ ਹੈ।

ਬਲੰਟ ਸਾਹਿਬ (Mr. Blunt) ਨੇ ਬਹੁਤ ਨਿਰਣਾ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਹਿੰਦੂ ਉਹ ਹੈ ਜੋ ਇਸ ਭਾਰਤ ਖੰਡ ਦਾ ਅਸਲ ਵਸਨੀਕ ਹੈ, ਅਰ

ਜਿਸ ਵਿਚ ਗੈਰ ਮੁਲਕ ਦੀ ਨਸਲ ਦਾ ਮੇਲ ਨਹੀਂ, ਔਰ ਜੋ ਬ੍ਰਾਹਮਣ ਨੂੰ ਗੁਰੂ ਮੰਨਦਾ ਹੈ, ਅਰ ਗਾਂ ਦੀ ਇਜ਼ਤ ਕਰਦਾ ਹੈ, ਘਟ ਤੋਂ ਘਟ ਗਊ ਨੂੰ ਮਾਰਨਾ ਜਾਂ ਦੁਖ ਦੇਣਾ ਪਾਪ ਸਮਝਦਾ ਹੈ।

ਅੰਤ ਵਿਚ ਬਲੰਟ ਸਾਹਿਬ ਇਹ ਗਲ ਭੀ ਲਿਖਦੇ ਹਨ ਕਿ ਇਹ ਲੱਛਣ ਭੀ ਹਿੰਦੂਆਂ ਦਾ ਪੂਰਾ ਨਹੀਂ ਹੈ, ਅਰ ਵਾਸਤਵ ਵਿਚ ਹਿੰਦੂ ਮਜ਼ਹਬ ਦੀ ਕੋਈ ਹੱਦ ਨਹੀਂ ਔਰ ਬੇਹੱਦ ਨੂੰ ਹੱਦ ਵਿਚ ਲਿਆ ਨਹੀਂ ਸਕਦੇ।

ਬਲੰਟ ਸਾਹਿਬ ਦੇ ਇਸ ਉਪਰ ਲਿਖੇ ਲੱਛਣ ਨੂੰ ਹਰੇਕ ਆਦਮੀ ਮੰਨਣ ਲਈ ਤਿਆਰ ਨਹੀਂ ਬਲਕਿ ਇਹ ਬਿਆਨ ਵੇਦ ਦੇ ਰਚਣ ਵਾਲਿਆਂ ਨੂੰ ਭੀ ਅਸਚਰਜ ਕਰ ਦੇਣ ਵਾਲਾ ਹੈ। ਇਲਾਹਬਾਦ ਦੇ ਸੂਬੇ ਵਿਚ ਕਈ ਫਿਰਕੇ ਐਸੇ ਹਨ, ਜੋ ਨਾਸਤਕ ਹਨ, ਮੁਰਦੇ ਦਬਦੇ ਹਨ, ਬ੍ਰਾਹਮਣ ਦੀ ਇਜ਼ਤ ਨਹੀਂ ਕਰਦੇ। ਅਰ ਕਈ ਬ੍ਰਾਹਮਣਾਂ ਨੂੰ ਬੁਲਾਉਂਦੇ ਹਨ ਅਰ ਮੁਰਦੇ ਫੂਕਦੇ ਹਨ, ਕਈ ਦਬਦੇ ਹਨ। ਚਮਾਰ ਗਾਂ ਖਾਂਦੇ ਹਨ ਅਰ ਹਿੰਦੂਆਂ ਵਿਚ ਹੀ ਗਿਣੇ ਜਾਂਦੇ ਹਨ।

ਸਿਧਾਂਤ ਇਹ ਹੈ ਕਿ ਜੇ ਕੋਈ 'ਹਿੰਦੂ' ਸ਼ਬਦ ਦੀ ਅਸਲੀਅਤ ਸਮਝਣ ਵਾਸਤੇ ਮਰਦਮ ਸ਼ੁਮਾਰੀ ਦੇ ਅਫਸਰਾਂ ਦੀਆਂ ਰਿਪੋਰਟਾਂ ਤੇ ਨੋਟਾਂ ਨੂੰ ਪੜ੍ਹ ਕੇ ਤਸੱਲੀ ਕਰਨੀ ਚਾਹੇ ਤਦ ਕੁਛ ਨਹੀਂ ਹੋ ਸਕਦੀ। ਉਸ ਦਾ ਹਿੰਦੂਆਂ ਬਾਬਤ ਉਤਨਾ ਹੀ ਗਿਆਨ ਰਹੇਗਾ, ਜਿਤਨਾ ਕਿ ਉਸ ਨੂੰ ਕਿਤਾਬਾਂ ਪੜ੍ਹਨ ਤੋਂ ਪਹਿਲਾਂ ਸੀ।

ਹਿੰਦੂ : ਆਪ ਧਾਰਮਿਕ ਨਿਯਮ ਔਰ ਰੀਤੀਆਂ ਕਰ ਕੇ ਚਾਹੇ ਸਾਥੋਂ ਵਖਰੇ ਹੋ, ਪਰ ਨੀਤੀ ਦੇ ਵਿਚਾਰ ਨਾਲ ਅਸੀਂ ਇਕ ਹਾਂ, ਕਿਉਂਕਿ ਸਿੱਖਾਂ ਦਾ ਕੋਈ ਵੱਖਰਾ ਕਾਨੂੰਨ (Sikh Law) ਨਹੀਂ ਕਿੰਤੂ 'ਹਿੰਦੂ ਲਾਅ' ਅਨੁਸਾਰ ਹੀ ਸਭ ਫੈਸਲੇ ਹੁੰਦੇ ਹਨ, ਔਰ ਸਿਖਾਂ ਨੂੰ ਹਿੰਦੂ ਲਾਅ ਅਨੁਸਾਰ ਹੀ ਚਲਣਾ ਪੈਂਦਾ ਹੈ, ਇਸ ਵਾਸਤੇ ਹਿੰਦੂਆਂ ਤੋਂ ਅਲੱਗ ਨਹੀਂ ਹੋ ਸਕਦੇ।

ਸਿਖ–ਪਿਆਰੇ ਹਿੰਦੂ ਜੀ ! ਆਪ ਦਾ 'ਹਿੰਦੂ ਲਾਅ' (ਜੋ ਧਰਮ ਸ਼ਾਸਤਰ ਅਨੁਸਾਰ ਅਸਲ ਕਾਨੂੰਨ ਹੈ) ਅਜ ਕਲ ਕਿਤੇ ਭੀ ਨਹੀਂ ਵਰਤਿਆ ਜਾਂਦਾ, ਜੇ ਕਦੇ ਉਹ ਪ੍ਰਚਲਤ ਹੁੰਦਾ ਤਾਂ ਬਹੁਤਿਆਂ ਦੇ ਨੱਕ, ਕੰਨ, ਹੱਥ ਪੈਰ ਕੱਟੇ ਹੋਏ ਦਿਖਾਈ ਦਿੰਦੇ, ਔਰ ਕਿਤਨਿਆਂ ਦੇ ਮੂੰਹ ਕੰਨਾਂ ਵਿਚ ਤੱਤਾ ਤੇਲ ਔਰ ਸਿੱਕਾ ਪੈਂਦਾ ਨਜ਼ਰ ਆਉਂਦਾ। ਕਾਨੂੰਨ ਹਮੇਸ਼ਾਂ ਸਮੇਂ ਦੇ ਬਦਲਣ ਕਰ ਕੇ ਰਿਵਾਜ ਔਰ ਰਸਮ ਦੇ ਅਨੁਸਾਰ ਰਾਜਾ ਦੀ ਸੰਮਤੀ ਨਾਲ ਬਦਲਦਾ ਰਹਿੰਦਾ ਹੈ, ਜਿਹਾ ਕਿ ਆਪ ਦਾ ਅਜ ਕਲ ਹਿੰਦੂ ਲਾਅ ਪ੍ਰਵਿਰਤ ਹੈ। ਅਰ ਸਿਖਾਂ ਦੇ ਬਹੁਤ ਫੈਸਲੇ ਰਿਵਾਜ ਅਨੁਸਾਰ ਹੀ ਹੁੰਦੇ ਹਨ, ਇਸ ਲਈ (Customarily Low)

ਬਣਾਇਆ ਗਿਆ ਹੈ। ਔਰ ਆਪ ਨੂੰ ਇਹ ਭੀ ਮਲੂਮ ਹੋਣਾ ਚਾਹੀਦਾ ਹੈ ਕਿ ਹਿੰਦੂ, ਈਸਾਈ, ਮੁਸਲਮਾਨ ਆਦਿਕਾਂ ਨੇ ਆਪਣਾ ਆਪਣਾ ਧਰਮ ਥਾਪਦੇ ਹੀ ਵਿਵਹਾਰਿਕ ਕਾਨੂੰਨ ਨਹੀਂ ਬਣਾ ਲਏ ਸਨ, ਬਲਕਿ ਇਹਨਾਂ ਮਤਾਂ ਦੀਆਂ ਧਰਮ ਪੁਸਤਕਾਂ ਭੀ ਚਿਰ ਪਿਛੋਂ ਲਿਖੀਆਂ ਗਈਆਂ ਹਨ।[1] ਜਿਉਂ ਜਿਉਂ ਸਮੇਂ ਅਨੁਸਾਰ ਕਾਨੂੰਨ ਦੀ ਲੋੜ ਪਈ, ਤਿਉਂ ਤਿਉਂ ਬੁਧੀਵਾਨਾਂ ਨੇ ਨੀਤੀ ਦੇ ਪ੍ਰਬੰਧ ਅਸਥਾਪਨ ਕਰ ਦਿਤੇ। ਜਿਸ ਦਾ ਨਾਉਂ ਉਸ ਮਤ ਦਾ ਕਾਨੂੰਨ ਬਣ ਗਿਆ। ਇਸੀ ਤਰ੍ਹਾਂ 'ਸਿਖ ਲਾਅ' ਭੀ ਵਾਹਿਗੁਰੂ ਦੀ ਦਇਆ ਕਰ ਕੇ ਛੇਤੀ ਤਿਆਰ ਹੋ ਜਾਊਗਾ। ਜਿਹਾ ਕਿ 'ਅਨੰਦ ਮੈਰਿਜ ਐਕਟ' ਬਣ ਗਿਆ ਹੈ। ਗੁਰਬਾਣੀ ਅਰ ਰਹਿਤ-ਨਾਮਿਆਂ ਵਿਚੋਂ ਸੂਤ੍ਰ ਰੂਪ ਕਰ ਕੇ ਸਿੱਖਾਂ ਦਾ ਕਾਨੂੰਨ ਪਹਿਲਾਂ ਲਿਖਿਆ ਗਿਆ ਹੈ, ਹੁਣ ਕੇਵਲ ਸਮੇਂ ਅਨੁਸਾਰ ਵਿਸਥਾਰ ਦੀ ਲੋੜ ਹੈ।

ਆਪ ਦੀ ਇਸ ਸ਼ੰਕਾ ਤੋਂ ਪਹਿਲਾਂ ਸਰ ਲੈਪਲ ਗ੍ਰਿਫਿਨ (Sir Lepel Griffin) ਇਸ਼ਾਰੇ ਨਾਲ 'ਸਿਖ ਲਾਅ' ਬਣਾਉਣ ਲਈ ਪ੍ਰੇਰਦੇ ਹਨ, ਔਰ ਇਹ ਭੀ ਪ੍ਰਗਟ ਕਰਦੇ ਹਨ ਕਿ ਸਿੱਖਾਂ ਵਾਸਤੇ 'ਹਿੰਦੂ ਲਾਅ' ਵਰਤਣਾ ਅਯੋਗ ਹੈ:

> The Sikhs had abandoned the Hindu faith, and with it the system of law which is the basis of that faith, and which was inseparable from it. For a hundred and fifty years they had been governed as for as Chiefships were concerned, by another code altogether, and it was as reasonable for them to refer to Manu and the Shastras as the source of legel authority, as it would have been for Muhammadans, who had embraced Sikhism to appeal to the Shara.
>
> (The Rajas of the Punjab. P. 338)

ਇਸ ਦਾ ਭਾਵ ਇਹ ਹੈ ਕਿ:

ਸਿੱਖਾਂ ਨੇ ਹਿੰਦੂ ਧਰਮ ਛੱਡ ਦਿਤਾ ਹੈ ਇਸ ਵਾਸਤੇ ਹਿੰਦੂਆਂ ਦਾ ਕਾਨੂੰਨ ਭੀ ਨਾਲ ਹੀ ਛੁੱਟ ਗਿਆ। ਔਰ ਸਿੱਖਾਂ ਨੂੰ ਹਿੰਦੂ ਕਾਨੂੰਨ ਦਾ ਹਵਾਲਾ ਦੇਣਾ ਓਹੋ

---

[1] ਹਜ਼ਰਤ ਈਸਾ ਦੇ ਮਰਨ ਪਿਛੋਂ ਦੂਸਰੀ ਸਦੀ ਦੇ ਅੰਤ ਵਿਚ ਅੰਜੀਲ ਲਿਖੀ ਗਈ ਹੈ, ਬਲਕਿ ਯੂਹੰਨਾ ਦੀ ਅੰਜੀਲ ਤੀਸਰੀ ਸਦੀ ਵਿਚ ਤਿਆਰ ਹੋਈ ਹੈ। ਦੇਖੋ (Supernatural Religion) ਔਰ ਕੁਰਾਨ ਭੀ ਮੁਹੰਮਦ ਸਾਹਿਬ ਦੇ ਪਿਛੋਂ ਹਾਫ਼ਿਜ਼ਾਂ ਨੂੰ ਇਕੱਠੇ ਕਰਕੇ ਖ਼ਲੀਫ਼ਾ ਉਮਰ ਨੇ ਲਿਖਵਾਇਆ ਹੈ।

ਜਿਹਾ ਹੈ ਜਿਸ ਤਰ੍ਹਾਂ ਕੋਈ ਮੁਸਲਮਾਨ, ਸਿੱਖ ਬਣ ਕੇ ਸ਼ਰਾ ਮੁਹੰਮਦੀ ਦਾ ਹਵਾਲਾ ਦੇਵੇ।

ਹਿੰਦੂ—ਆਪ ਦੀਆਂ ਸਭ ਬਾਤਾਂ ਪਰ ਵਿਚਾਰ ਕਰਕੇ ਮੈਂ ਏਹ ਗੱਲ ਮੰਨਦਾ ਹਾਂ ਕਿ ਤੁਸੀਂ ਹਿੰਦੂ ਨਹੀਂ, ਪਰ ਲੰਮੀ ਸੋਚਣ ਤੋਂ ਸਿੱਖਾਂ ਦਾ ਹਿੰਦੂਆਂ ਨਾਲੋਂ ਵੱਖਰਾ ਹੋਣਾ ਲਾਭਦਾਈ ਨਹੀਂ ਦਿਸਦਾ। ਪਹਿਲਾਂ ਇਹ ਕਿ ਆਪਸ ਵਿਚ ਵਿਰੋਧ ਵਧਦਾ ਹੈ, ਦੂਜੇ ਸਿੱਖਾਂ ਦੀ ਤਾਦਾਦ ਥੋੜ੍ਹੀ ਹੈ। ਜੇ ਸਿਖ ਹਿੰਦੂ ਕੌਮ ਤੋਂ (ਜੋ ਇਸ ਵੇਲੇ ਬਡੀ ਸਮਰਥਾਵਾਨ ਹੈ) ਵੱਖ ਹੋ ਜਾਣ ਤਾਂ ਭਾਰੀ ਹਾਨੀ ਹੋ ਸਕਦੀ ਹੈ। ਬੁੱਧੀਵਾਨਾਂ ਦਾ ਕਹਿਣਾ ਹੈ ਕਿ ਜਿਥੋਂ ਤੋੜੀ ਹੋ ਸਕੇ ਆਪਣੀ ਸਮਰਥਾ ਵਧਾਉਣੀ ਚਾਹੀਏ।

ਸਿੱਖ—ਪਿਆਰੇ ਹਿੰਦੂ ਭਾਈ ਸਾਹਿਬ! ਇਹ ਗੱਲ ਆਪ ਡੂੰਘੀ ਵਿਚਾਰ ਨਾਲ ਨਹੀਂ ਆਖ ਰਹੇ ਔਰ ਪੁਰਾਣੇ ਇਤਿਹਾਸਾਂ ਨੂੰ ਧਿਆਨ ਨਾਲ ਵਿਚਾਰ ਕੇ ਔਰ ਦੂਜੀਆਂ ਕੌਮਾਂ ਜਿਸ ਜਿਸ ਤਰ੍ਹਾਂ ਅਲੱਗ ਹੋ ਕੇ ਸਮਰਥਾਵਾਨ ਹੋਈਆਂ ਹਨ; ਉਨ੍ਹਾਂ ਕਾਰਣਾਂ ਨੂੰ ਸਿੱਖ ਕੌਮ ਦੀ ਹਾਲਤ ਨਾਲ ਟਾਕਰਾ ਕਰਕੇ ਨਹੀਂ ਦੇਖਦੇ।

ਮੇਰੇ ਪ੍ਰੇਮੀ ਜੀ! ਕੋਈ ਕੌਮ ਭੀ ਸੰਸਾਰ ਪਰ ਸੁਤੰਤ੍ਰ ਹੋਏ ਬਿਨਾਂ ਪੂਰੀ ਉਨਤੀ ਨਹੀਂ ਕਰ ਸਕੀ। ਜਦ ਤੋੜੀ ਕੋਈ ਕੌਮ ਕਿਸੇ ਹੋਰ ਕੌਮ ਦੀ ਸ਼ਾਖ ਬਣ ਕੇ ਰਹੀ ਹੈ, ਤਦ ਤੋੜੀ ਗੁਲਾਮੀ ਦਸ਼ਾ ਵਿਚ ਰਹੀ ਹੈ, ਔਰ ਵਾਧੇ ਦੇ ਥਾਉਂ ਘਾਟਾ ਹੁੰਦਾ ਰਹਿਆ ਹੈ।[1]

ਗੁਰੂ ਸਾਹਿਬ ਦਾ ਸਾਨੂੰ ਸਭ ਤੋਂ ਮੁਖ ਉਪਦੇਸ਼ ਏਕਤਾ ਔਰ ਪ੍ਰਸਪਰ ਪ੍ਰੇਮ ਦਾ ਹੈ, ਜਿਸ ਨੂੰ ਅਸੀਂ ਕਦੀ ਭੀ ਵਿਸਾਰ ਨਹੀਂ ਸਕਦੇ। ਔਰ ਕੌਮ ਨਾਲ ਪੜੋਸੀਆਂ ਜਿਹਾ ਪਿਆਰ ਕਰਦੇ ਹਾਂ, ਔਰ ਉਨ੍ਹਾਂ ਦੀ ਹਾਨੀ ਔਰ ਲਾਭ ਨੂੰ ਆਪਣੀ ਹਾਨੀ ਔਰ ਲਾਭ ਜਾਣਦੇ ਹਾਂ ਪਰ ਧਾਰਮਿਕ ਔਰ ਸਮਾਜਿਕ ਨਿਯਮਾਂ

---

[1]ਈਸਾਈ ਜਦ ਤਾਈਂ ਯਹੂਦੀਆਂ ਤੋਂ ਅਲੱਗ ਨਹੀਂ ਹੋਏ, ਤਦ ਤੋੜੀ ਮੰਦ-ਦਸ਼ਾ ਵਿਚ ਰਹੇ, ਬਲਕਿ ਇਕ ਵਾਰ ਈਸਾਈ ਮਤ ਸੰਸਾਰ ਪਰ ਨਾਮ ਮਾਤ੍ਰ ਰਹਿ ਗਿਆ ਸੀ, ਅੰਤ ਨੂੰ ਈਸਾਈਆਂ ਨੇ ਸੋਚ ਸਮਝ ਕੇ ਆਪਣੇ ਤਾਈਂ ਅਲੱਗ ਕੀਤਾ, ਔਰ ਏਥੋਂ ਤਾਈਂ ਜੁਦਾਈ ਕੀਤੀ ਕਿ ਖ਼ੁਦਾ ਦੇ ਹੁਕਮ ਤੋਂ ਵਿਰੁੱਧ ਸ਼ਨਿਚਰਵਾਰ ਦੇ ਥਾਉਂ ਐਤਵਾਰ ਨੂੰ ਪਵਿੱਤ੍ਰ ਦਿਨ ਥਾਪਿਆ।

ਏਸੇ ਤਰ੍ਹਾਂ ਮੁਸਲਮਾਨ ਭੀ ਅਮਲੀ ਤੌਰ ਤੇ ਪੁਰਾਣੇ ਧਰਮਾਂ ਤੋਂ (ਜਿਨ੍ਹਾਂ ਵਿਚੋਂ ਹਜ਼ਰਤ ਮੁਹੰਮਦ ਨੇ ਉਨ੍ਹਾਂ ਨੂੰ ਸਾਜਿਆ ਸੀ) ਅਲੱਗ ਹੋਏ ਬਿਨਾਂ ਪੂਰੀ ਉੱਨਤੀ ਨਹੀਂ ਕਰ ਸਕੇ।

ਅਨੁਸਾਰ ਇਕ ਨਹੀਂ ਹੋ ਸਕਦੇ। ਬਲਕਿ ਅਸੀਂ ਤਜਰਬੇ ਨਾਲ ਵੇਖਿਆ ਹੈ ਕਿ ਹਿੰਦੂ ਕੌਮ ਨਾਲ ਇਕ-ਮਿਕ ਹੋਣ ਕਰਕੇ ਸਿੱਖਾਂ ਦੀ ਭਾਰੀ ਹਾਨੀ ਹੋਈ ਹੈ ਔਰ ਨਿਤ ਹੋ ਰਹੀ ਹੈ।

(ੳ) ਅਨੇਕਾਂ ਸਿੱਖ ਖਾਨਦਾਨ ਮੋਨੇ ਹੋ ਗਏ ਹਨ, ਖਾਸ ਕਰਕੇ ਜੋ ਮਹਾਰਾਜ਼ਾ ਰਣਜੀਤ ਸਿੰਘ ਵੇਲੇ ਸਿੱਖ ਬਣੇ ਸਨ ਉਨ੍ਹਾਂ ਵਿਚੋਂ ਬਹੁਤ ਹੀ ਪੁਰਾਣੇ ਭਾਈਚਾਰੇ ਵਿਚ ਜਾ ਮਿਲੇ।

(ਅ) ਅਨੇਕਾਂ ਨੇ ਮੋਨਿਆਂ ਨਾਲ ਸਾਕ ਸੰਬੰਧ ਕਰਕੇ ਆਪਣੇ ਪਵਿਤ੍ਰ ਧਰਮ ਨੂੰ ਤਿਆਗ ਦਿਤਾ ਹੈ, ਔਰ ਸਿੱਖਾਂ ਨੂੰ ਪਰਚਾਉਣ ਲਈ ਆਖਦੇ ਹਨ ਕਿ ਸਿੱਖੀ ਮਨ ਤੋਂ ਧਾਰਨ ਕਰਨੀ ਚਾਹੀਏ, ਕੇਸ ਕੱਛ ਆਦਿਕ ਚਿੰਨ੍ਹਾਂ ਔਰ ਅੰਮ੍ਰਿਤ ਵਿਚ ਸਿੱਖੀ ਥੋੜਾ ਬੱਝੀ ਹੈ[1] ? ਆਪ ਨੂੰ ਮਾਲੂਮ ਰਹੇ ਕਿ ਐਸਾ ਕਹਿਣ ਵਾਲੇ ਮਨ ਤੋਂ ਭੀ ਸਿੱਖ ਨਹੀਂ ਹਨ, ਕੇਵਲ ਦੂਸਰਿਆਂ ਪਰ ਸਿੱਖੀ ਦੇ ਖਿਆਲ ਪ੍ਰਗਟ ਕਰਕੇ ਹੋਰਨਾਂ ਨੂੰ ਫਸਾਉਣ ਦੇ ਯਤਨ ਵਿਚ ਹਨ।

(ੲ) ਸਿੱਖਾਂ ਦਾ ਬਹੁਤ ਧਨ ਹਰ ਸਾਲ ਬ੍ਰਾਹਮਣਾਂ ਦੇ ਘਰ ਬਿਅਰਥ ਜਾ ਰਿਹਾ ਹੈ, ਸਿਖ ਕੌਮ ਨੂੰ ਕੁਛ ਭੀ ਲਾਭ ਨਹੀਂ। ਦੇਖੋ! ਪਿਛਲੇ ਗੰਗਾ ਦੇ ਕੁੰਭ ਪਰ ਇਕ ਲੱਖ ਸਿੱਖ ਤੀਰਥ ਯਾਤ੍ਰਾ ਪਰ ਗਿਆ, ਜੇ ਇਕ ਆਦਮੀ ਪਿਛੇ ਘੱਟ ਤੋਂ ਘੱਟ ਇਕ ਰੁਪਇਆ ਖਰਚ ਦਾ ਲਾਈਏ ਤਾਂ ਦਸ ਲੱਖ ਰੁਪਇਆ ਕੇਵਲ ਇਕ ਮੇਲੇ ਦਾ ਜੁੜਦਾ ਹੈ, ਜੋ ਸਾਡੀ ਚਤੁਰ ਕੌਮ ਨੇ ਬੇਅਰਥ ਗੁਆ ਦਿਤਾ। ਜੇ ਇਸ ਰੁਪਏ ਨਾਲ ਸਿੱਖ ਲੜਕੀਆਂ ਵਾਸਤੇ ਕਾਲਿਜ ਬਣ ਜਾਂਦਾ ਹੈ ਤਾਂ ਕੌਮ ਨੂੰ ਕਿਤਨਾ ਲਾਭ ਪਹੁੰਚਦਾ। ਔਰ ਜੇ ਯਤੀਨਖਾਨੇ ਖੋਲ੍ਹੇ ਜਾਂਦੇ ਤਾਂ ਕੇਹਾ ਚੰਗਾ ਹੁੰਦਾ।

ਇਸੀ ਤਰ੍ਹਾਂ ਜੰਮਣੇ ਔਰ ਮਰਣੇ ਪਰ ਨਿੱਤ ਲੱਖਾਂ ਰੁਪਿਆ ਸਿੱਖ ਕੌਮ ਦਾ ਬਰਬਾਦ ਹੋ ਰਹਿਆ ਹੈ, ਜੇ ਇਹ ਕੌਮ ਦੀ ਰਕਮ ਕੌਮ ਵਿਚ ਹੀ ਸ਼ੁਭ ਕਾਰਜ ਪਰ ਖਰਚ ਕੀਤੀ ਜਾਵੇ ਤਾਂ ਕਿਤਨੀ ਤਰੱਕੀ ਹੋ ਸਕਦੀ ਹੈ।

(ਸ) ਹਿੰਦੂਆਂ ਦੀ ਤਰਫੋਂ ਨਿੱਤ ਇਹ ਯਤਨ ਹੁੰਦਾ ਹੈ ਕਿ ਸਿੱਖੀ ਦੇ ਨਿਸ਼ਾਨ ਮਿਟਾਏ ਜਾਣ ਔਰ ਸਿੱਖਾਂ ਨੂੰ ਹਿੰਦੂ ਮਤ ਵਿਚ ਹੀ ਲੀਨ ਕੀਤਾ ਜਾਵੇ। ਦ੍ਰਿਸ਼ਟਾਂਤ ਲਈ ਦੇਖੋ! ਜਦ ਕੋਈ ਅਗਿਆਨੀ ਸਿੱਖ ਸ਼੍ਰਾਧ ਕਰਾਉਂਦਾ ਜਾਂ ਗਯਾ

---

[1]ਆਪ ਉਹਨਾਂ ਦੇ ਮੂੰਹ ਤੋਂ ਕਦੇ ਇਹ ਨਹੀਂ ਸੁਣੋਂਗੇ ਕਿ ਜਨੇਊ ਬੋਦੀ ਵਿਚ ਹਿੰਦੂਪੁਣਾ ਥੋੜਾ ਰਖਿਆ ਹੋਇਆ ਹੈ।

ਆਦਿਕ ਤੀਰਥਾਂ ਪਰ ਬ੍ਰਾਹਮਣਾਂ ਦੇ ਧੱਕੇ ਚੜ੍ਹਦਾ ਹੈ ਤਾਂ ਪਹਿਲਾਂ ਕੱਛ ਔਰ ਕੜੇ ਨੂੰ ਵਿਦਾਇਗੀ ਦਿਤੀ ਜਾਂਦੀ ਹੈ, ਜਿਸ ਦਾ ਭਾਵ ਇਹ ਹੈ ਕਿ ਸਿੱਖੀ ਦੇ ਚਿੰਨ੍ਹ ਧਾਰ ਕੇ ਉਹ ਹਿੰਦੂ ਰੀਤੀ ਨਹੀਂ ਕਰਾ ਸਕਦਾ, ਪਰ ਜੋ ਸਿੱਖ ਹਿੰਦੂ ਧਰਮ ਪਰ ਭਰੋਸਾ ਹੀ ਨਾ ਰੱਖਣ ਤਾਂ ਹਿੰਦੂਆਂ ਦੀ ਇਹ ਸਮਰਥਾ ਨਹੀਂ ਕਿ ਸਿੱਖਾਂ ਦੇ ਘਰ ਜਾ ਕੇ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਦੂਰ ਕਰ ਦੇਣ।[1]

ਔਰ ਆਪ ਨੇ ਜੋ ਆਖਿਆ ਹੈ ਕਿ ਸਿੱਖਾਂ ਦੇ ਘਰ ਜਾ ਕੇ ਉਨ੍ਹਾਂ ਦੇ ਜੁਦਾ ਹੋਣਾ ਵਿਰੋਧ ਦਾ ਕਾਰਨ ਹੈ, ਸੋ ਭੀ ਸਹੀ ਨਹੀਂ, ਕਿਉਂਕਿ ਸਿੱਖ ਕਿਸੇ ਨਾਲ ਵਿਰੋਧ ਨਹੀਂ ਕਰਦੇ। ਉਹ ਸਤਿਗੁਰਾਂ ਦੇ ਇਨ੍ਹਾਂ ਬਚਨਾਂ ਪਰ ਨਿਸ਼ਚਾ ਕਰਕੇ ਸਭ ਸੰਸਾਰ ਦੇ ਜੀਵਾਂ ਨੂੰ ਆਪਣਾ ਪਿਆਰਾ ਸਮਝਦੇ ਹਨ :

(੧) ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥ (ਧਨਾਸਰੀ ਮਹਲਾ ੫)

(੨) ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ
ਮਨ ਮਹਿ ਇਹੈ ਬੀਚਾਰਿਓ ॥ (ਦੇਵਗੰਧਾਰੀ ਮ: ੫)

(੩) ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥ (ਕਾਨੜਾ ਮ: ੫)

(੪) ਰੋਸੁ ਨ ਕਾਹੂ ਸੰਗ ਕਰਹੁ
ਆਪਨ ਆਪੁ ਬੀਚਾਰਿ ॥ (ਬਾਵਨ ਅਖਰੀ ਮ: ੫)

(੫) ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ (ਵਡਹੰਸ ਮ: ੧)

(੬) ਗੁਰਮੁਖਿ ਵੈਰ ਵਿਰੋਧ ਗਵਾਵੈ ॥ (ਸਿਧ ਗੋਸਟਿ ਮ: ੧)

(੭) ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥

[ਸੁਖਮਨੀ ਮ: ੫]

ਪਿਆਰੇ ਭਾਈ ! ਇਹ ਕਹਾਵਤ ਪ੍ਰਸਿੱਧ ਹੈ ਕਿ "ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ।" ਸੋ ਜੇ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ ਕਰੇ, ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ। ਦ੍ਰਿਸ਼ਟਾਂਤ ਲਈ ਦੇਖੋ !

---

[1]ਉਪਰ ਲਿਖਿਆ ਅਯੋਗ ਵਰਤਾਉ ਕਰਨ ਵਾਲੇ ਹਿੰਦੂ ਹੀ 'ਹਮ ਹਿੰਦੂ ਨਹੀਂ' ਪੁਸਤਕ ਦੇ ਲਿਖਾਉਣ ਦਾ ਕਾਰਨ ਬਣੇ ਹਨ।

ਜਦ ਸਿੱਖਾਂ ਨੂੰ ਹਿੰਦੂਆਂ ਨੇ ਮੁਸਲਮਾਨ ਹਾਕਮਾਂ ਪਾਸ ਫੜ ਕੇ ਪੇਸ਼ ਕੀਤਾ ਔਰ ਕਤਲ ਕਰਵਾਇਆ, ਔਰ ਕੇਸਾਂ ਵਾਲੇ ਸਿਰ ਵੱਢ ਕੇ ਹਾਕਮਾਂ ਪਾਸ ਭੇਜ ਕੇ ਇਨਾਮ ਹਾਸਲ ਕੀਤੇ, ਉਸ ਵੇਲੇ ਭੀ ਸਿੱਖਾਂ ਨੇ ਹਿੰਦੂਆਂ ਨਾਲ ਵੈਰ ਕਰਨ ਦੀ ਥਾਂ ਉਨ੍ਹਾਂ ਦੀਆਂ ਬਹੂ ਬੇਟੀਆਂ ਦੇ ਛੁਡਾਉਣ ਵਾਸਤੇ ਔਰ ਇਸ ਦੇਸ ਤੋਂ ਅਧਰਮ ਔਰ ਜ਼ੁਲਮ ਹਟਾਉਣ ਲਈ ਆਪਣਾ ਲਹੂ ਵਹਾਇਆ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਬਚਨ ਪਰ ਅਮਲ ਕੀਤਾ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ (ਸਲੋਕ ਫਰੀਦ ਜੀ)

ਔਰ ਅਸੀਂ ਇਹ ਭੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ, ਸਗੋਂ ਪ੍ਰੇਮ ਹੈ, ਔਰ ਉਹ ਸਾਡੇ ਸਤਿਗੁਰਾਂ ਦੇ ਉਪਕਾਰਾਂ ਨੂੰ ਅੱਛੀ ਤਰ੍ਹਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨ੍ਹਾਂ ਦਾ ਭਲਾ ਚਾਹੁੰਦੇ ਹਾਂ। ਵਿਰੋਧ ਦਾ ਕਾਰਨ ਸਿਰਫ ਉਹ ਆਦਮੀ ਹਨ, ਜਿਨ੍ਹਾਂ ਨੂੰ ਖੁਦਗਰਜ਼ੀ ਰੂਪ ਰੋਗ ਲੱਗਿਆ ਹੋਇਆ ਹੈ, ਔਰ ਜੋ ਸਿਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨੇ ਚਾਹੁੰਦੇ ਹਨ। ਉਨ੍ਹਾਂ ਨੂੰ ਭਰੋਸਾ ਹੋ ਗਿਆ ਹੈ ਕਿ ਜੇ ਸਿੱਖ ਕੌਮ ਸਾਡੇ ਹੱਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿੱਸਾ ਮਾਰਿਆ ਜਾਊ। ਇਹੀ ਲੋਕ ਜਗ੍ਹਾ ਜਗ੍ਹਾ ਰੌਲਾ ਮਚਾ ਕੇ ਉਪਾਧੀ ਛੇੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨ੍ਹਾਂ ਨੂੰ ਸੁਮਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ ਔਰ ਬਿਗਾਨੇ ਹੱਕ ਨੂੰ ਹਰਾਮ ਜਾਨਣ, ਫੇਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ।

ਇਨ੍ਹਾਂ ਸਵਾਰਥੀ[1] ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖਬਾਰਾਂ ਵਿਚ ਮਜ਼ਮੂਨ ਦੇ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ "ਸਿੱਖ ਹਿੰਦੂ ਹਨ।" ਭਲਾ ਕੋਈ ਵਿਚਾਰਵਾਨ ਸੋਚੇ ਕਿ ਸਿੱਖ ਆਪਣੇ ਆਪ ਨੂੰ "ਅਹਿੰਦੂ" ਕਹਿੰਦੇ ਹਨ ਤਾਂ ਕਿਸੇ ਦਾ ਕੀ ਵਿਗੜਦਾ ਹੈ। ਹਾਂ—ਜੇ ਸਿੱਖ ਹਿੰਦੂਆਂ ਨੂੰ ਆਖਣ ਕਿ

---

[1]ਸਾਡੇ ਮਤ ਵਿਚ ਭੀ ਜੋ ਲੋਕ ਮੁਫਤਖੋਰੇ ਹਨ ਔਰ ਬ੍ਰਾਹਮਣਾਂ ਦੀ ਤਰ੍ਹਾਂ ਸਿੱਖ ਕੌਮ ਨੂੰ ਹਮੇਸ਼ਾਂ ਆਪਣਾ ਦਾਸ ਰਖਿਆ ਲੜਦੇ ਹਨ, ਉਹ ਵੀ ਸਿੱਖਾਂ ਨੂੰ ਗੁਰਮਤਿ ਤੋਂ ਰੋਕਦੇ ਹਨ, ਕਿਉਂਕਿ ਦੋਹਾਂ ਦਾ ਮਨੋਰਥ ਇਕ ਹੈ। ਉਹ ਚਾਹੁੰਦੇ ਹਨ ਕਿ ਬ੍ਰਾਹਮਣ ਦੀ ਥਾਂ ਸਾਨੂੰ ਸ਼੍ਰਾਧ ਛਕਾਓ, ਪਾਂਧੇ ਦੀ ਥਾਂ ਅਨੰਦ ਦੀ ਦੱਖਣਾ ਸਾਨੂੰ ਦਿਓ ਔਰ ਆਚਾਰਯ ਦੀ ਥਾਂ ਸੇਜਾ ਦਾਨ ਸਾਡੇ ਹਵਾਲੇ ਕਰੋ। ਅਰ ਤਨ, ਮਨ, ਧਨ ਸਾਡੀ ਭੇਟਾ ਕਰਕੇ ਪਿੱਠ ਉਤੇ ਥਾਪੀ ਲਵਾਓ, ਔਰ ਅਰਦਾਸ ਵਿਚ ਸਾਨੂੰ ਸਤਿਗੁਰੂ ਗਿਣੋ, ਇਤਿਆਦਿਕ।

ਤੁਸੀਂ ਹਿੰਦੂ ਨਹੀਂ ਤਾਂ ਬੇਸ਼ੱਕ ਝਗੜੇ ਦੀ ਗੱਲ ਹੈ। ਜੇ ਕੋਈ ਇਹ ਆਖੇ ਕਿ ਹਿੰਦੂ ਸਿੱਖਾਂ ਨਾਲ ਹਮਦਰਦੀ ਕਰਦੇ ਹਨ ਔਰ ਉਨ੍ਹਾਂ ਨੂੰ ਆਪਣੇ ਤੋਂ ਵੱਖਰਾ ਹੁੰਦਾ ਦੇਖ ਕੇ ਦੁਖ ਮੰਨਦੇ ਹਨ, ਤਾਂ ਇਹ ਗੱਲ ਭੀ ਨਿਰੀ ਝੂਠ ਹੈ, ਕਿਉਂਕਿ ਚਾਰੇ ਪਾਸਿਆਂ ਤੋਂ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜੋ ਹਿੰਦੂਆਂ ਦੀ ਤਰਫੋਂ ਯਤਨ ਹੋ ਰਿਹਾ ਹੈ, ਸੋ ਕਿਸੇ ਤੋਂ ਗੁੱਝਾ ਨਹੀਂ। ਕੋਈ ਹਿੰਦੂ ਇਕ ਦ੍ਰਿਸ਼ਟਾਂਤ ਲਈ ਤਾਂ ਦਸੇ ਕਿ ਫਲਾਣੇ ਸਿੱਖ ਨੂੰ ਧਰਮ ਤੋਂ ਪਤਿਤ ਹੁੰਦੇ ਕਿਸੇ ਹਿੰਦੂ ਨੇ ਬਚਾਇਆ ਹੈ। ਇਸ ਦੇ ਵਿਰੁਧ ਅਸੀਂ ਹਜ਼ਾਰਾਂ ਦ੍ਰਿਸ਼ਟਾਂਤ ਵਿਖਾ ਸਕਦੇ ਹਾਂ ਕਿ ਕਿਤਨਿਆਂ ਸਿੱਖਾਂ ਦੇ ਹਿੰਦੂਆਂ ਨੇ ਕੇਸ ਦੂਰ ਕੀਤੇ, ਕਈਆਂ ਨੂੰ ਹੁੱਕੇ ਦੀ ਧੂਪ ਦਿੱਤੀ, ਕਈਆਂ ਦੀ ਕ੍ਰਿਪਾਨ ਕੱਛ ਉਤਰਵਾ ਕੇ ਸੰਕਲਪ ਕਰਵਾਏ, ਕਿਤਨਿਆਂ ਹੀ ਗੁਰਮੰਦਰਾਂ ਵਿਚ ਪੁਰਾਣੀਆਂ ਸਿਖ ਧਰਮ ਦੀਆਂ ਰੀਤਾਂ ਹਟਾ ਕੇ ਆਪਣੇ ਘੰਟਿਆਂ ਦੀ ਅਨਘੋਰ ਮਚਾ ਕੇ ਭੋਲੇ ਸਿੱਖਾਂ ਨੂੰ ਇੰਦ੍ਰਜਾਲ ਨਾਲ ਮੋਹਿਤ ਕੀਤਾ। ਕਈ ਗੁਰਦੁਆਰਿਆਂ ਦੀਆਂ ਜਾਇਦਾਦਾਂ ਆਪਣੇ ਨਾਉਂ ਕਰਵਾ ਕੇ ਅਜ ਸਿੱਖੀ ਤੋਂ ਇਨਕਾਰੀ ਔਰ ਆਕੀ ਹੋਏ ਬੈਠੇ ਹਨ। ਐਹੋ ਜਿਹੇ ਆਪ ਨੂੰ ਹੋਰ ਕੀ ਕੀ ਪ੍ਰਸੰਗ ਸੁਣਾਈਏ, ਜੋ ਸਿਖ ਧਰਮ ਦ੍ਰਿਸ਼ਟੀ ਵਿਚ ਇਨ੍ਹਾਂ ਮਹਾਂ ਕੌਤਕੀਆਂ ਨੇ ਉਲਟ ਪੁਲਟ ਕੀਤੀ ਹੈ। ਐਸੀ ਹਾਲਤ ਵਿਚ ਕੌਣ ਬੁਧੀਵਾਨ ਆਖ ਸਕਦਾ ਹੈ ਕਿ ਹਿੰਦੂਆਂ ਦੀ ਤਰਫੋਂ ਹਮਦਰਦੀ ਦੇ ਖਿਆਲ ਕਰਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ?

ਜੇ ਕਿਤੇ ਸਿੱਖਾਂ ਦਾ ਕੁਛ ਹਿੱਸਾ ਸਰਕਾਰੀ ਫੌਜ ਵਿਚ ਔਰ ਵਾਹਿਗੁਰੂ ਦੀ ਦਇਆ ਕਰਕੇ ਜਿਹਾ ਕਿ ਹੁਣ ਨਿਤ ਨਵਾਂ ਵਿਦਿਆ ਦਾ ਪ੍ਰਕਾਸ਼ ਹੋ ਰਿਹਾ ਹੈ, ਨਾ ਹੁੰਦਾ, ਤਾਂ ਹੁਣ ਨੂੰ ਆਪ ਸਿੱਖ ਧਰਮ ਕਾਗਜ਼ਾਂ ਵਿਚ ਹੀ ਦੇਖਦੇ, ਪਰ ਅਕਾਲ ਪੁਰਖ ਦਾ ਧੰਨਵਾਦ ਹੈ ਕਿ ਉਸ ਨੇ ਕ੍ਰਿਪਾ ਕਰਕੇ ਇਹ ਗੱਲ ਸੁਝਾਈ ਹੈ ਕਿ ਇਸ ਨਿਆਂਕਾਰੀ ਰਾਜ ਤੋਂ ਲਾਭ ਉਠਾ ਕੇ ਆਪਣੀ ਧਾਰਮਿਕ ਔਰ ਵਿਵਹਾਰਕ ਦਸ਼ਾ ਸੁਧਾਰਨੀ ਚਾਹੀਏ, ਔਰ ਸਤਿਗੁਰਾਂ ਦੇ ਪਵਿੱਤਰ ਬਚਨਾਂ ਪਰ ਭਰੋਸਾ ਕਰਕੇ "ਸਿੱਖ ਕੌਮ" ਬਣ ਕੇ ਸੰਸਾਰ ਪਰ ਆਪਣੀ ਹਸਤੀ ਕਾਇਮ ਰਖਣੀ ਚਾਹੀਏ।

ਔਰ ਪਿਆਰੇ ਹਿੰਦੂ ਭਾਈ ! ਆਪ ਨੂੰ ਨਿਸ਼ਚਾ ਰਹੇ ਕਿ ਜੇ ਸਿੱਖ ਆਪ ਦੀ ਅਭਿਲਾਖਾ ਅਨੁਸਾਰ ਆਪਣੇ ਤਾਈਂ ਹਿੰਦੂ ਭੀ ਕਲਪ ਲੈਣ, ਤਦ ਭੀ ਇਸ ਦੇਸ਼ ਦਾ ਕੁਛ ਉਪਕਾਰ ਨਹੀਂ ਹੋ ਸਕਦਾ। ਕਿਉਂਕਿ ਜਿਥੇ ਸੈਂਕੜੇ ਫਿਰਕੇ ਅਗੇ ਹਿੰਦੂ ਕਹਾਉਂਦੇ ਹਨ, ਉਥੇ ਇਕ ਨੰਬਰ ਹੋਰ ਸ਼ਾਮਲ ਹੋਣ ਕਰ ਕੇ ਹਿੰਦੂਆਂ ਦਾ ਕੀ ਭਲਾ ਹੋ ਸਕਦਾ ਹੈ ?

ਸਾਡਾ ਦੇਸ਼ ਤਦ ਹੀ ਉੱਨਤ ਹੋ ਸਕਦਾ ਹੈ, ਜੇ ਸਭ ਮਜ਼ਹਬਾਂ ਦੇ ਆਦਮੀ ਆਪਣੇ ਆਪਣੇ ਧਰਮਾਂ ਨੂੰ ਪੂਰਣ ਰੀਤੀ ਕਰ ਕੇ ਧਾਰਦੇ ਹੋਏ ਅੰਨਜ ਧਰਮੀ ਭਾਰਤ ਨਿਵਾਸੀਆਂ ਨੂੰ ਭੀ ਆਪਣਾ ਅੰਗ ਮੰਨਣ ਅਰ ਇਕ ਦੀ ਹਾਨੀ ਕਰਕੇ ਦੇਸ਼ ਦੀ ਹਾਨੀ ਜਾਨਣ, ਔਰ ਮਜ਼ਹਬ ਦੇ ਭੇਦ ਨੂੰ ਫੁੱਟ ਦਾ ਕਾਰਨ ਨਾ ਬਨਾਉਣ, ਅਰ ਆਪਣੇ ਧਰਮ ਦਾ ਪ੍ਰਚਾਰ, ਸਤਿਗੁਰੂ ਨਾਨਕ ਦੇਵ ਦੇ ਪੂਰਨਿਆਂ ਪਰ ਚਲਦੇ ਹੋਏ ਇਸ ਰੀਤੀ ਨਾਲ ਕਰਨ, ਜਿਸ ਤੋਂ ਪ੍ਰਸਪਰ ਈਰਖਾ ਦ੍ਵੈਸ਼ ਨਾ ਵਧੇ।

ਸ੍ਰੀ ਗੁਰੂ ਨਾਨਕ ਪੰਥੀ ਮੇਰੇ ਪ੍ਰੇਮੀ ਭਾਈਓ! ਮੈਨੂੰ ਪੂਰਾ ਭਰੋਸਾ ਹੈ ਕਿ ਆਪ ਉਪਰ ਲਿਖੀ ਚਰਚਾ ਪੜ੍ਹ ਕੇ ਆਪਣੇ ਆਪ ਨੂੰ ਸਿੱਖ ਕੌਮ ਮੰਨੋਗੇ, ਔਰ ਨਿਰ-ਸੰਦੇਹ ਜਾਣੋਗੇ ਕਿ—"ਹਮ ਹਿੰਦੂ ਨਹੀਂ" ਅਰ ਇਸ ਦੇ ਨਾਲ ਹੀ ਸਭ ਦੇਸ਼-ਭਾਈਆਂ ਨਾਲ ਪਿਆਰ ਵਧਾਉਂਦੇ ਸਾਰੇ ਭਾਰਤ ਨਿਵਾਸੀਆਂ ਨੂੰ ਆਪਣਾ ਅੰਗ ਸਮਝੋਗੇ।

## ਉਪਸੰਹਾਰ

### ਕਬਿੱਤ

ਮਾਨਤ ਹੈ ਏਕ ਕੋ ਅਨਾਦੀ ਔਰ ਅਨੰਤ ਨਿਤ੍ਯ,
ਤਿਸ ਹੀ ਤੇ ਜਾਨਤ ਹੈ ਸਰਬ ਪਸਾਰੋ ਹੈ।
ਕ੍ਰਿਤ ਕੀ ਉਪਾਸਨਾ ਨ ਕਰੈ ਕਰਤਾਰ ਤ੍ਯਾਗ,
ਏਕ ਗੁਰੁ ਗ੍ਰੰਥ ਕੀਓ ਅਪਨੋ ਅਧਾਰੋ ਹੈ।
ਜਾਤਿ ਪਾਤਿ ਭੇਦ ਭ੍ਰਮ ਮਨ ਤੈਂ ਮਿਟਾਇ ਕਰਿ,
ਸਭ ਸੇ ਸਹੋਦਰ ਸੋ ਕਰਤ ਪਿਆਰੋ ਹੈ।
ਹਿਤਕਾਰੀ ਜਗ ਕੋ, ਪੈ ਜਲ ਮਾਂਹਿ ਪੰਕਜ ਜ੍ਯੋਂ,
ਗੁਰੂ ਦੇਵ ਨਾਨਕ ਕੋ ਖ਼ਾਲਸਾ ਨਿਆਰੋ ਹੈ।

—o—